
1944

राष्ट्रीय अभिलेखागार पुस्तकालय
NATIONAL ARCHIVES LIBRARY
भारत सरकार
Government of India
नई दिल्ली
New Delhi
आह्वानांक Call No. _____
अवाप्ति सं० Acc. No. 1944

1944

ਸਾਰੇ ਹਕ ਰਾਖਵੇਂ ਹੈਨ।

ਓ ਸਤਿ ਗੁਰ ਪ੍ਰਸਾਦਿ॥

ਗਰ ਵਾਕਾਂ ਪਹਿਲਾ

# ਸਾਖੀ ਬਾਲਮਾ

ਅਰਥਾਤ

ਵਰਤਮਾਨ ਸਮੇਂ ਵਿਚ ਕਿਹੜੇ ਬਾਲਕਾਂ
ਜਹਕੇ ਬਾਲਮਾ ਪੈਦ ਦੀ ਪੌਤ
ਨੀਂਦ ਵਿਚੋਂ ਅਖ ਖੁਲੀ.

ਲਿਖਤ:—

ਭਾਈ ਸੁਰਜਨ ਸਿੰਘ ਪੂਚਾਰਕ ਪ੍ਰਕਾਸ਼ਕ

ਜੋ

ਛੱਤ ਸਾਰੰਗੀ ਦੇ ਪ੍ਰੇਮੀਆਂ ਦੇ ਲ ਹਤ
ਛਾਪੀ ਮਤਾਬ ਸਿੰਘ ਮੈਂਬਰ ਨ ਰਟਿਵ
ਕਮੇਟੀ ਸ੍ਰੋਮਨੀ ਗੁਰਦ੍ਵਾਰਾ ਪ੍ਰਬੰ ਕਮੇਟੀ
(ਜੇਹਲਮ)

ਨੇ

ਖਾਲਸਾ ਨੈਸ਼ਨਲ ਪ੍ਰੈਸ ਜਾਲੰਧਰ ਸੈਹਰ ਵਿਚ
ਭਾ: ਪ੍ਰੀਤਮ ਸਿੰਘ ਦੇ ਯਤਨ ਨਾਲ ਛਪਵਾਯਾ।
ਪਹਿਲੀ ਵਾਰ—੧੦੦੦ ਮੁਲ ੧।)

# ਤਤਕਰਾ


| ਨੰਃ | ਨਾਮ ਮਜ਼ਮੂਨ | ਸਫਾ |
|---|---|---|
| ੧ | ਮੰਗਲਾ ਚਰਨ | ੧ |
| ੨ | ਖਾਲਸੇ ਨੋ ਥਾਪੀਆਂ ਨਾਲ ਸੋਹਣਾਂ | ੧੨ |
| ੩ | ਗੁਰਧਾਮਾਂ ਦੀ ਬੇਹੁਰਮਤੀ | ੨੫ |
| ੪ | ਸਿੰਘਾਂ ਨੂੰ ਜਾਗ ਆਉਣੀ | ੩੭ |
| ੫ | ਗੁਰਦਵ ਰਾ ਰਕਾਬ ਗੰਜ ਦੀ ਕੰਧ | ੪੯ |
| ੬ | ਸ੍ਰੀਗੁਰੂ ਨਾਨਕਜਹਾਜ਼(ਕੋਮਾਂ ਗਾਟਾ ਮਾਰੂ) | ੬੪ |
| ੭ | ਜਲਿਆਂ ਵਾਲਾ ਬਾਗ | ੮੨ |
| ੮ | ਅਕਾਲੀ ਲਹਿਰ ਤੁਰੀ | ੯੭ |
| ੯ | ਗੁਰਦਵਾਰਾ ਸੁਧਾਰ ਲਹਿਰ | ੧੧੩ |
| ੧੦ | ਅਕਾਲੀਆਂ ਦਾ ਪ੍ਰਬੰਧ | ੧੩੨ |
| ੧੧ | ਨਾ ਮਿਲ ਵਰਤਨ ਲਹਿਰ | ੧੫੦ |
| ੧੨ | ਦਰਬਾਰ ਤਰਨ ਤਾਰਨ ਤੇ ਕਬਜਾ | ੧੬੨ |
| ੧੩ | ਸ਼ੋਮਨੀ ਗੁਰਦਵਾਰਾ ਪ੍ਰਬੰਧਕਕਮੇਟੀ | ੧੮੧ |
| ੧੪ | ਬਾਬੇ ਦੀ ਬੇਰ ਸਾਹਿਬ | ੧੯੪ |
| ੧੫ | ਪੰਜਾ ਸਾਹਿਬ | ੨੦੭ |
| ੧੬ | ਗਰਦਵਾਰਾ ਭਾਈ ਜੋਗਾ ਸਿੰਘ | ੨੩੧ |
| ੧੭ | ਸ੍ਰੀ ਨਨਕਾਣਾ ਸਾਹਿਬ | ੨੫੨ |
| ੧੮ | ਇਨਸਾਫ ਦੀ ਵਨਗੀ | ੨੭੯ |
| ੧੯ | ਗੁਰ ਧਾਮਾਂ ਬਾਬਤ ਸਖਤੀ | ੨੯੧ |
| ੨੦ | ਚਾਬੀਆਂ ਦਾ ਮਾਮਲਾ | ੩੦੧ |



NATIONAL ARCHIVES
No. 1944
Date 1-2-72
GOVT. OF INDIA

ੴ ਸਤਿ ਗੁਰ ਪ੍ਰਸਾਦਿ ॥

# ਅਥ ਵਾਰਾਂ ਅਕਾਲੀ ਲਹਿਰ ਲਖਜੁ

## ਮੰਗਲਾ ਚਰਨ

ਦੋਹਰਾ

ਪੂਰਨ ਸਭ ਹੀ ਠੌਰ ਮੈਂ, ਇਕ ਰਸ ਜੋਤ ਅਪਾਰ
ਜੜ੍ਹ ਚੇਤਨ ਚਰ ਅਚਰ ਜੋ, ਰਚਨ ਹਾਰ ਕਰਤਾਰ ॥੧

ਦੋਹਰਾ

ਸਦਾ ਸਚਦਾ ਨੰਦ ਜੋ, ਅਬਨਾਸੀ ਅਬਚੱਲ।
ਨਿਰਾਲੰਭ ਸਭ ਆਸਚਾ, ਬੈਠਾ ਹਿਰਦੈ ਮਲ ॥ ੨

ਦੋਹਰਾ

ਦੀਪ ਲੋਅ ਪਾਤਾਲ ਲੌ, ਖੰਡ ਮੰਡਲ ਆਕਾਰ।
ਪੰਚ ਤਤ ਕਰ ਜਹਿ ਰਚਜੋ, ਸਾਰਾ ਏਹ ਸੰਸਾਰ ॥ ੩

ਦੋਹਰਾ

ਸੁਰ ਨਰ ਦੇਵ ਅਦੇਵ ਲੌ, ਨਾਗ ਛੱਜ ਗੰਧ੍ਰਬ।
ਆਗਿਜਾ ਕ ਰੀ ਸਦਾ ਹੀ, ਕਿਸੇ ਨ ਮਾਸਾ ਗਭਬ॥ ੪

ਦੋਹਰਾ

ਲਖ ਚੁਰਾਸੀ [illegible] ਸਿਰ, ਵਰਤੇ ਹੁਕਮ ਸਦੀਵ।
ਮਾਨ ਪਪੀਲਕਾ ਆਦਿ ਜੋ, ਕੋਇ ਨ ਬਾਹਰ ਜੀਵ। ੫

ਪਉੜੀ

ਕਲ ਕਾਲਖ ਤੇ ਜੀਵੇਂ, ਹੋਇ ਅੰਧਿਆਰੇ।
ਧਰਮ ਕਰਮ ਤੇ ਸ਼ਰਮ ਤੋਂ, ਹਟ ਹੋਏ ਕਨਾਰੇ।
ਦੁਰਾਚਾਰ ਨੇ ਬਹੁਤ ਹੀ, ਜਦ ਪੈਰ ਪਸਾਰੇ।
ਕੂੜ ਹਨੇਰਾ ਛਾ ਗਿਆ, ਸਚ ਪਰੈ ਨਿਵਾਰੇ।
ਚੋਰ ਉਚੱਕੇ ਚੌਧਰੀ, ਨਾਂ ਬਿਭਚਾਰੇ।
ਬਣੇ ਪੈਂਚ ਪ੍ਰਧਾਨ ਹੋਇ, ਸਭ ਔਗਣ ਹਾਰੇ।
ਸਾਧੂ ਸੰਤ ਗਰੀਬ ਦੀ, ਕੌ ਕਰੈ ਨ ਸਾਰੇ।
ਪਾਪ ਦਬਾਈ ਪ੍ਰਿਥਵੀ, ਕਰ ਹਾ ਹਾ ਕਾਰੇ।
ਸੁਣੀ ਜਦੋਂ ਕਰਤਾਰ ਨੇ, ਇਹ ਹਾਲ ਪਕਾਰੇ।
ਦਿਤੀ ਧੀਰਜ ਧਰਾਂ ਨੂੰ, ਕਰ ਕੌਲ ਕਰਾਰੇ।
ਆਵਨ ਗੇ ਸਤਿ ਗੁਰੂ ਪਿਆਰੇ ॥ ੬ ॥

ਪਉੜੀ

ਘੱਪੁਰਖ ਅਕਾਲ ਨੇ, ਹਿਤ ਲੋਕਾਂ ਰਾਖੀ।
ਅਲੈ ਧੁਰੋ ਸਤਿ ਗੁਰੂ ਨੂੰ, ਇਹ ਬਾਣੀ ਭਾਖੀ।
ਜਾਪਣਾਂ ਵਿਚ ਸੰਸਾਰ ਦੇ, ਲੈ ਸੱਚੀ ਸਾਖੀ।
ਜਾ ਪ ਕਰ ਵੇ ਸਚ ਦਾ, ਤਕੋ ਅਭਿਲਾਖੀ।
ਰੀਤ ਚਲੈ ਸਤਸੰਗ ਦੀ, ਰਸ ਅੰਮ੍ਰਿਤ ਚਾਖੀ।
ਨੇੜ ਨ ਲਗ ਸਤਿ ਸੰਗੀਆਂ, ਕਦ ਮਾੜਾ ਮਾਖੀ।
ਅਗੇ ਘਲੇ ਕਈ ਹੀ, ਗਲ ਕਿਸੇ ਨ ਆਖੀ।

ਸਤ ਬਚਨ ਕਰ ਗੁਰੂ ਨੇ, ਸਭ ਸਿਰ ਤੇ ਰਾਖੀ ।
ਬਖਸ਼ੋ ਹੇ ਪਰਮ ਜੁਮਾ, ਮੇਰੀ ਗੁਸਤਾਖੀ ।
ਮੇਰੇ ਵਿਚ ਨ ਹਿੰਮਤਾਂ, ਏਨ ਤੇਰੀ ਪਾਂਖੀ ।
ਆਗਏ ਸਤਿ ਗੁਰ ਰੋਜ਼ ਵਸਾਖੀ ॥ ੭ ।

ਪਉੜੀ

ਆਯਾ ਸਤਿ ਗੁਰੂ ਸੂਰਮਾ, ਜਗ ਤੇਜ ਪ੍ਰਗਾਸੇ ।
ਦੰਭ ਪਖੰਡੀ ਉਲੂਆਂ, ਨਸ ਖਾਇ ਤਰਾਸੇ ।
ਸਿੰਘ ਬੁਕੇ ਮ੍ਰਿਗਾਵਲੀ, ਜਿਉ ਤੁਰਤ ਭਗਾਸੇ ।
ਕੂੜ ਕਸੱਤੀ ਅੰਧ ਕਾਰ, ਸਭ ਹੋਇ ਬਿਨਾਸੇ ।
ਨਿੰਦ ਈਰਖਾ ਕੁਮਦਨੀ, ਛਪ ਗਈ ਮੁੰਟਾਸੇ ।
ਹਰਖ ਕਮਲ ਪ੍ਰਭ ਸਤਗੁਣਾਂ, ਸੁਖ ਸਾਥ ਵਿਗਾਸੇ ।
ਦੀਨ ਦੁਖੀ ਸੁਖ ਪਾਵੰਦੇ, ਹੰਕਾਰੀ ਨਾਸੇ ।
ਪਾਪੀ ਤੇ ਦੁਰਾਚਾਰੀਆਂ, ਸਭ ਟੁਟੇ ਆਸੇ ।
ਸਾਧੂ ਸੰਤ ਨਿਹਾਲ ਨੇ, ਹਰ ਖਾਵਨ ਖਾਸੇ ।
ਘਰ ਘਰ ਮੰਗਲ ਚਾਰਦੇ, ਹੋ ਰਹੇ ਤਮਾਸੇ ।
ਨਰ ਨਾਰੀ ਸਤਿਗੁਰ ਭਰਵਾਸੇ ॥ ੮ ।

ਪਉੜੀ

ਸੋਂਪੀ ਧੁਰੋ ਅਕਲ ਨੇਂ, ਜੋ ਕਾਰ ਰੁਜ਼ਾਰੀ
ਪੂਰੀ ਕੀਤੀ ਸਤਿਗੁਰੂ, ਆਕੇ ਸਭ ਕਾਰੀ
ਸਤਨਾਮ ਪ੍ਰਚਾਰਿਆ, ਸਭ ਜਗਤ ਮਝਾਰੀ ।

ਇਕੋ ਜੈਸੇ ਨਾਮ ਦੇ, ਸਾਰੇ ਅਧਕਾਰੀ।
ਸਤਿਗੁਰ ਸਚੇ ਆਖਜਾ, ਦੋਵੈ ਨਰ ਨਾਰੀ।
ਹਿੰਦੂ ਮੁਸਲਮਾਨ ਤੇ, ਝਹੁ ਕ੍ਰਿਪਾ ਧਾਰੀ।
ਗੰਗ ਸਮਨ ਗੋਦਾਵਰੀ, ਪੁਜੇ ਇਕ ਵਾਰੀ।
ਮੱਕੇ ਤੇ ਬਗਦਾਦ ਜਾਇ, ਬਾਣੀ ਪਰਚਾਰੀ।
ਰਸਤਾ ਸਿਧਾ ਦਸਿਆ, ਛਡ ਔਝੜ ਭਾਰੀ।
ਪੀਰ ਪਕੰਬਰ ਔਲੀਏ, ਪਏ ਸਰਨ ਦੁਵਾਰੀ।
ਸਤਿ ਗੁਰੂ ਨਾਨਕ ਪਰ ਉਪਕਾਰੀ॥ ੯॥

ਪਉੜੀ

ਅੰਗ ਲਾਇ ਗੁਰ ਪਾਲਿਆ, ਅੰਗ ਲਹਿਣੇ ਕਾਈ।
ਅੰਗਦ ਕਰਕੇਥਾਪਿਆ, ਦਿਤੀਗੁਰਿਆਈ।
ਉਲਟੀਗੰਗਵਗਾਇਕੇ, ਪ੍ਰਗਟਦਿਖਲਾਈ।
ਅੰਗਦ ਲੰਮੀਨਜ਼ਰਤੇ, ਇਕ ਸੋਚਦੁੜਾਈ।
ਕੀਤੇਅਖਰ ਗੁਰਮਖੀ, ਸਭਨੂੰਸੁਖਦਾਈ।
ਪੜੇ ਪ੍ਰੀਤ ਲਗਾਇਕੇ, ਹੋਗੁਰਮੁਖਭਾਈ।
ਭਵਸਾਗਰਹਿਤ ਤਰਨਦੇ, ਏਹਬੋਹਥਗਾਈ।
ਬੋੜ ਜਤਨ ਕਰਤਾਰ ਦੀ, ਸਭ ਸੋਝੀ ਆਈ।
ਝਗੜੇ ਝਾਂਜੇ ਸਾਰਿਆਂ ਮੇਟੀ ਕਠਨਾਈ।
ਗੁਰਮੁਖਤਾ ਦੀ ਸਤਿਗੁਰੂ ਇਕ ਲਹਿਰ ਚਲਾਈ।
ਗੁਰ ਅੰਗਦ ਦੀ ਧੰਨ ਕਮਾਈ॥ ੧੦ ॥

ਪਉੜੀ

ਸੇਵਾ ਸੇਵਾ ਤੇਲ੍ਹਿਆ ਗੁਰ ਅਮਰ ਪਿਆਰੇ।
ਗੁਰ ਅੰਗਦ ਦੇ ਥਾਪਨਾ ਸਭ ਕਾਜ ਸੁਵਾਰੇ ।
ਭਗਤ ਰੂਪ ਪ੍ਰਤਖ ਹੀ ਵਰਤੇ ਸੰਸਾਰੇ ।
ਮਾਨ ਨਿਮਾਣੇ ਬਖਸ਼ਦੇ ਆਦਰ ਦਰਬਾਰੇ ।
ਓਟ ਨਿਓਟੇ ਸਤਿਗੁਰੂ ਸਭ ਦੇ ਹਿਤਕਾਰੇ ।
ਦੰਨ ਦੁਖੀ ਨੂੰ ਤਾਰਿਆ ਕਰ ਬਚਨ ਕਰਾਰੇ ।
ਪੁਤ ਨ ਮਾਰੇ ਮਾਪਿਆਂ ਜਮਰਾਜ ਨਿਵਾਰੇ ।
ਰਚੀ ਬਾਵਲੀ ਗੁਰੂ ਨੇ ਕਰ ਸੋਚ ਵਿਚਾਰੇ ।
ਬਣੀ ਚਰਾਸੀ ਪੌੜੀਆਂ ਏਹ ਹੁਕਮ ਉਚਾਰੇ ।
ਕਟੇ ਚੁਰਾਸੀ ਜੂਨ ਜੋ ਕਰ ਪਾਠ ਸੰਭਾਰੇ ।
ਅਮਰਦਾਸ ਸਤਿਗੁਰ ਬਲਿਹਾਰੇ ॥ ੧੧ ॥

ਪਉੜੀ

ਅਮਰ ਅਮਰ ਵਰਤਾਇ ਕੈ ਗੁਰ ਰਾਮ ਟਿਕਾਏ ।
ਮਿਲੈ ਮਨੋਰਥ ਸਰਬ ਹੀ ਸੇਵਾ ਫਲ ਪਾਏ ।
ਸੁਧਾ ਸਰੋਵਰ ਸਾਜਿਆ ਹਿਤ ਸੰਗਤ ਲਾਏ ।
ਕਰੈ ਸਨਾਨ ਜੋ ਆਇ ਕੈ ਸਭ ਪਾਪ ਨਸਾਇ ।
ਭੋਗ ਮੋਖ ਸੰਸਾਰ ਦੇ ।ਮਿਲ ਜਾਣ ਸਬਾਏ ।
ਹਰਿਮੰਦਰ ਹਰਿ ਮਿਲਣ ਦੇ ਸਭ ਥਾਣ ਸੁਹਾਏ ।
ਕਥਾ ਕੀਰਤਣ ਹੋ ਰਹੇ ਧੁੰਨ ਊਚ ਅਲਾਏ ।

ਭੋਗ ਮੋਖ ਦਰਸਾ ਰਹੇ ਦੋ ਧੁਜਾ ਸਜਾਏ।
ਉਚੇ ਹੋ ਕੇ ਸਦਦੇ ਨਰ ਨਾਰ ਬੁਲਾਏ।
ਕੋਮੀ ਨ ਉਸ ਨੂੰ ਕੋ ਰਹੇ ਗੁਰਦਵਾਰ ਤਕਾਏ।
ਰਾਮਦਾਸ ਗੁਰ ਜੈ ਜੈ ਗਾਏ ॥ ੧੨ ॥

ਪਉੜੀ

ਸਤਿਗਰ ਸਚੇ ਪੰਮਵੇਂ, ਸਿਖਾਂ ਸੁਖਦਾਨੀ
ਸੋਚ ਵਿਚਾਰ ਦ੍ਰਿੜਾਏ ਕੈ, ਸਾਰੀ ਗੁਰਬਾਣੀ
ਰਚੀ ਬੀੜ ਗੁਰੁ ਗ੍ਰੰਥ ਦਾ, ਗੱਲ ਅਗਲੀ ਜਾਨੀ
ਪੂਜਾ ਅਰਚਾ ਬੰਧਨਾਂ, ਦਸੀਂ ਸਨਮਾਨੀ
ਪਾਰਬ੍ਰਹਮ ਦੇ ਮਿਲਨ ਦੀ, ਲਖ ਸਫ਼ਰ ਮਾਨੀ
ਤਾਰਨ ਤਰਨ ਮਜਾਂਵਦੇ, ਬੇਕੰਠ ਸਮਾਨੀ
ਕੁਫ਼ਟੀ ਕੁਸ਼ਟ ਨ ਸਾਂਵੰਦੇ ਕਰ ਜਾਪ ਸਨਾਨੀ
ਕਸ਼ਟ ਸਹਾਰੇ ਆਪਨੇ, ਹਿਤ ਲੋਕਾਂ ਠਾਨੀ
ਪਾਲੇ ਹੁਕਮ ਅਕਾਲ ਦੇ, ਨਹੀ ਦੁਸ਼ਟਾਂ ਮਾਨੀ
ਸਿਦਕ ਨਿਬਾਇਆ ਸਤਿਗੁਰੂ, ਕਰਕੇ ਕੁਰਬਾਨੀ
ਸ੍ਰੀ ਗੁਰੂ ਅਰਜਨ ਕਥਾ ਚ ਲਾਨੀ ॥ ੧੩ ॥

ਪਉੜੀ

ਗੁਰੂ ਅਰਜਨ ਘਰ ਪ੍ਰਗਟਿਆ, ਗੁਰ ਛਟਵਾਂ ਭਾਰੀ
ਮੀਰੀ ਪੀਰੀ ਤੇਗ਼ ਧਰ, ਜੋਧਾ ਬਲਕਾਰੀ
ਰਾਖੀ ਕੀਤੀ ਧਰਮ ਦੀ, ਫੜ ਤੇਗ ਕਰਾਰੀ

ਕਰਤਬ ਦੱਸੇ ਧਰਮ ਦੇ, ਸਿਖਾਂ ਹਿਤ ਧਾਰੀ
ਮਾਰੇ ਵੈਰੀ ਬਹੁਤ ਹੀ, ਰਣ ਜੁਧ ਵੰਗਾਰੀ
ਬੰਦ ਛੁਡਾਈ ਰਾਜਿਆਂ, ਹੋਕੇ ਉਪਕਾਰੀ
ਸਤਿਗੁਰ ਬੰਦੀ ਛੋੜ ਤਾਂ, ਪ੍ਰਗਟੇ ਸੰਸਾਰੀ
ਦਲ ਭੰਜਨ ਗੁਰ ਸੂਰਮਾ, ਬਾਂਕਾ ਅਵਤਾਰੀ
ਅੱਗੇ ਕੋਈ ਨ ਠੈਹਰਦਾ, ਜਦ ਤੇਗ ਉਲਾਰੀ
ਖਾਨ ਪਠਾਣਾਂ ਮੰਨਿਆਂ, ਗੁਰ ਤੇਜ ਸਵਾਰੀ
ਹਰਿਗੋਬਿੰਦ ਗੁਰ ਕਲਾ ਨਿਆਰੀ ॥੧੪ ॥

ਪਉੜੀ

ਹਰੀਰਾਇ ਗੁਰੂ ਸਤਵੇਂ, ਕਰਨੀ ਦੇ ਸੂਰੇ
ਕਈ ਗਰੀਬਾਂ ਤਾਰਿਆ, ਜਗ ਵਿਚ ਮਸ਼ਹੂਰੇ
ਆਇ ਪੇਟ ਵਜਾਂਵਦੇ, ਜਦ ਦੁਖੀ ਹਜੂਰੇ
ਰਾਜ ਸਾਜ ਦੈ ਤੋਰਿਆ, ਕਰ ਵਾਕ ਜਰੂਰੇ
ਬੜੇ ਪੂਤ ਨੇ ਸਦ ਕੀਆ, ਹੰਕਾਰ ਗਰੂਰੇ
ਮੂੰਹ ਨਹੀਂ ਲਾਇਆ ਓਸ ਨੂ, ਭਟਕਾਯਾ ਦੂਰੇ
ਸਭ ਸਿਖਾਂ ਦੇ ਕਰ ਰਹੇ ਗੁਰ ਕਾਰਜ ਪੂਰੇ
ਗੁਰ ਸਿਖੀ ਦੇ ਪੂਰਨੇ, ਨਹੀ ਛੋਡ ਅਧੂਰੇ
ਸਰਨ ਪਏ ਦੀ ਰਾਖਦੇ, ਗੁਰ ਲੱਜਾ ਭੂਰੇ
ਦੀਨ ਦੁਨੀ ਵਿਚ ਬਖਸ਼ਦੇ, ਸੁਖ ਸਦਾ ਸਰੂਰੇ
ਹਰੀਰਾਇ ਗੁਰੂ ਤਾਰਨ ਤੂਰੇ ॥ ੧੫ ॥

ਪਉੜੀ

ਸਰਬ ਕਲਾ ਪੂਰਨ ਗੁਰੂ, ਸਨ ਅਸ਼ਟਮ ਬਾਲੇ
ਹੀਰਾ ਛੋਟਾ ਜਗਤ ਵਿਚ, ਬਹੁ ਮੁਲ ਵਖਾਲੇ
ਮਣੀ ਜਿਵੇਂ ਸਿਰ ਨਾਗ ਦੇ ਅਤ ਚਮਕ ਨਿਕਾਲੇ
ਸਰਬ ਗੁਣਾਂ ਭਰਪੂਰ ਹੀ, ਗੁਰ ਬਾਲ ਗੁਪਾਲੇ
ਜੋਹਰ ਵਖਾਏ ਆਪਣੇ, ਕਰ ਦਾਸ ਸੁਖਾਲੇ
ਨਿਪਨਾਰੀ ਦੀ ਗੋਦ ਨੂ, ਬਹਿ ਭਾਗ ਲਗਾ ਲੇ
ਅੜਿਆ ਪੰਡਤ ਆਨ ਕੇ, ਇਹ ਵਾਕ ਸੁਣਾ ਲੈ
ਗੀਤਾ ਅਰਥ ਸੁਨ ਓ ਜੇ ਹਰਿ ਕ੍ਰਿਸ਼ਨ ਕਹਾ ਲੇ
ਬੋਹਰਾ ਅਰਥ ਸੁਨਾਵੰਦਾ, ਹੁਇ ਗੁਰ ਕ੍ਰਿਪਾਲੇ
ਅੰਤੇ ਸਤਿਗੁਰ ਬੋਲਿਆ, ਕਰ ਬਚਨ ਰਸਾਲੇ
ਬਾਬਾ ਬੈਠਾ ਵਿਚ ਬਕਾਲੇ ॥ ੧੬ ॥

ਪਉੜੀ

ਅਹੋ ਬਕਾਲਾ 'ਦਸਦਾ' ਇਕ ਮੰਡੀ ਠੱਟੀ
ਬੈਠੇ ਸੋਢੀ ਲਾਇਕੇ ਸਨ ਬਾਈ ਹੱਟੀ
ਵਖੋ ਵਖ ਪੜਾਵੰਦੇ ਪਏ ਸਿਖਾਂ ਪੱਟੀ
ਸਿਖਾਂ ਧੋਖਾ ਦੇ ਰਹੇ ਹਨ ਲੈਂਦੇ ਚੱਟੀ
ਮਖਣ ਸ਼ਾਹ ਚਲ ਆਵੰਦਾ ਕਰ ਗਿਣਤੀ ਗਟੀ
ਲੈ ਪ੍ਰੀਖਯਾ ਸਾਰਿਆਂ ਸੋਹਣੀ ਕਸਵਟੀ
ਬਾਬਾ ਅੰਦਰ ਬੈਠਦਾ ਦੜ ਪੂਰੀ ਵਟੀ

ਰੱਸੀ ਆਸਾ ਪੌਂਛੀਆ ਸ਼ਾਹ ਮੱਖਣ ਕੱਟੀ
ਲਭ੍ਭਾ ਸਤਿਗੁਰ ਆਠਕੇ ਬੈਹ ਸੁਵਾਂਗ ਪਲੱਟੀ
ਉਚੇ ਪਲੂ ਫੇਰਿਆ, ਮੁੜ ਬਣੀ ਰੱਟੀ
ਦਾਤਿ ਗੁਰੂ ਨਾਵੇਂ ਤੋਂ ਖਟੀ ॥ ੧੭ ॥

ਪਉੜੀ

ਕਲਗੀਧਰ ਸਤਿਗੁਰੂ ਨੇ, ਉਦਕਾਰ ਕਮਾਯਾ
ਜਾਂਦੇ ਹਿੰਦੂ ਧਰਮ ਨੂੰ, ਦੇ ਹਥ ਬਚਾਯਾ
ਦੇਸ ਭਲਾਈ ਵਾਸਤੇ, ਸਰਬੰਸ ਲਗਾਯਾ
ਛੋਟੇ ੨ ਬਚਿਆਂ, ਵਿਚ ਜੁਧ ਲੜਾਯਾ
ਮਾੜੇ ਮੋਟੇ ਕੀੜਿਆਂ, ਫੜ ਚਿੰਘ ਸਜਾਯਾ
ਨਰ ਨਾਰੀ ਸੰਸਾਰ ਦੇ, ਜਦ ਸੁਧਾ ਛਕਾਯਾ
ਸਵਾ ਲਖ ਦੇ ਸਾਹਮਣੇ, ਇਕ ਸਿੰਘ ਅੜਾਯਾ
ਚਿੜੀਆ ਕੋਲੋਂ ਆਪਨੇ, ਹੈ ਬਾਜ ਤੁੜਾਯਾ
ਬੀਜ ਪੁਟਕੇ ਜ਼ੁਲਮ ਦਾ, ਸਤਿਜੁਗ ਵਰਤਾਯਾ
ਕੱਕ ਤੋੜ ਜਰਵਾਨਿਆ, ਰਾਹ ਸਿੱਧੇ ਲਾਯਾ
ਸਤਿ ਸ੍ਰੀ ਅਕਾਲ ਗਜਾਯਾ ॥ ੧੮ ॥

ਪਉੜੀ

ਜਪ ਤਪ ਸੰਜਮ ਸਾਧਿਆ, ਬਹੁ ਕਰੀ ਕਮਾਈ
ਹਿੰਦੂ ਮੁਸਲਮਾਨ ਤੇ, ਸਮ ਦ੍ਰਿਸ਼ਟ ਲਗਾਈ
ਧਰਨ ਰੀਤ ਉਪਕਾਰ ਦੀ, ਨਹੀ ਸੰਸਾ ਹਾਈ

ਰੋਗ ਨਸਾਵਨ ਰੋਗੀਆਂ, ਦੈ ਮੁਫਤ ਦਵਾਈ
ਜੰਗਲ ਅੰਦਰ ਬੈਠ ਕੇ, ਮੰਗਲ ਦਰਸਾਈ
ਲੰਗਰ ਵਿਦਿਆ ਅੰਨ ਦ', ਸਦ ਰਹੇ ਚਲਾਈ
ਮੁੜ ਨਿਰਾਸਾ ਕਦੇ ਨ, ਜੋ ਸਰਨ ਤਕਾਈ
ਨਿਹਾਲ ਸਿੰਘ ਜੀ ਨਾਮ ਹੈ, ਮਹਿਮਾ ਅਧਕਾ ਈ
ਦਾਤੇ ਬ੍ਰਹਮ ਗਿਆਨ ਦੇ, ਮੇਰੇ ਸੁਖਦ' ਈ
ਭਵਜਲ ਵਿਚੋਂ ਕਢ ਕੈ, ਦਿਤੀ ਰੁਸ਼ਨਾਈ
ਕੀਰਤ ਦਿਨ ਦਿਨ ਹੋਇ ਸੁਵਾਈ ॥ ੧੯ ।

ਪਉੜੀ ।

ਜਿਵੇਂ ਅਕਾਲੀ ਲਹਿਰ ਹੈ ਜਗ ਵਿਚ ਪ੍ਰਗਟ'ਈ
ਗੁਰੂ ਦਵਾਰਾ ਸੁਧਾਰ ਦੀ, ਓਮੰਗ ਉਠਾਈ
ਸੁਤੇ ਸੁਤੇ ਖ'ਲਸੇ ਨੂੰ, ਸੋਝੀ ਆਈ
ਕਮਰ ਕੱਸ ਕਰ ਜੁਟਦ, ਸਤਿਗੁਰੂ ਮਨਾਈ
ਪਿਸੂ ਪਏ ਸਰਕਾਰ ਨੂੰ, ਦੋੜੇ ਅਟਕ'ਈ
ਫੜ ਫੜ ਜੇਹਲੀ ਸੁਟ ਕੈ ਜੀਉ ਰਹੀ ਸਤਾਈ
ਹਸ ਹਸ ਜਾਂਦੇ ਸਿੰਘ ਨੇ ਨਹਿ ਚਿੰਤਾ ਕਾਈ
ਕਰ ਕੁਰਬਾਨੀ ਰਖਣੇ, ਗੁਰ ਧਾਮ ਬਚਾਈ
ਸੋ ਸਭ ਦਸਾਂ ਖੋਹਲ ਕੇ, ਪ੍ਰਸੰਗ ਬਨਾਈ
ਵਰਤਮਾਨ ਜੋ ਸਮੇਂ ਦਾ, ਨਕਸ਼ਾ ਦਿਖਲਾਈ
ਗੁਰੂ ਪੰਥ ਜੇ ਹੋਇ ਸਹਾਈ ॥ ੨੦ ॥ ੧ ॥

੧ ਓ ਸਤਿ ਗੁਰ ਪ੍ਰਸਾਦਿ ॥

# ਖਾਲਸਾ ਨੇ ਥਾਪੀਆਂ ਨਾਲ ਸੌਣਾਂ

ਦੋਹਰਾ

ਜਿਵੇਂ ਖਾਲਸਾ ਗੁਰੂ ਦਾ, ਸੁਤਾ ਸੁਰਤ ਵਸਾਰ
ਦਿਤੀ ਥਾਪੀ ਵੈਰੀਆਂ, ਖੋਹ ਬੈਠਾ ਅਧਿਕਾਰ

ਪਉੜੀ

ਬਹੁਤ ਘਾਲਣਾ ਘਾਲ, ਕੇ ਗੁਰ ਪੰਥ ਸਜਾਯਾ
ਥੜਾ ਬਹਾਦਰ ਸੂਰਮਾ ਜੋਧਾ ਸਵਾਯਾ
ਧਾਕ ਪਈ ਸੰਸਾਰ ਦੇ, ਤੜਥਲ ਮਚਾਯਾ
ਵੱਡੇ ਵੱਡੇ ਆਕੀਆਂ ਫੜ ਧੌਣ ਨਿਵਾਯਾ
ਕਾਬਲ ਅਤੇ ਕੰਧਾਰ ਤੀਕ ਡਰ ਬਹੁਤਾ ਛਾਯਾ
ਰੂਸ ਫਰੰਗੀ ਡਰ ਗਏ ਹਥ ਕੰਨੀ ਲਾਯਾ
ਸੁਲਾ ਵਾਸਤੇ ਏਲਚੀ ਘਲਣ ਘਬਰਾਯਾ
ਡੰਕਾ ਵਜਿਆ ਫਤੇ ਦਾ ਪੰਜਾਬ ਦਬਾਯਾ
ਮਹਾਰਾਜ ਰਣਜੀਤ ਸਿੰਘ ਨੇ ਰਾਜ ਕਮਾਯਾ
ਅਟਕ ਪਿਆਦੇ ਪੈਰ ਹੀ ਦਲ ਪਾਰ ਲੰਘਾਯਾ
ਸੋ ਜਾਨਣ ਜਿਨਾਂ ਦਰਸਾਯਾ ॥ ੨ ॥

ਪਉੜੀ

ਮਹਾਰਾਜ ਨੇ ਪਤਾ ਨਹੀ ਕੀ ਗਲ ਵਿਚਾਰੀ
ਮਿਤਰ ਬਣੇ ਫਰੰਗੀਆਂ ਭੁਲ ਕੀਤੀ ਭਾਰੀ
ਦਗਾ ਦੇਣ ਰੀ ਅੰਤ ਨੂੰ ਏਹ ਬੜੇ ਮਕਾਰੀ
ਸਿਖ ਹਕੂਮਤ ਡੋਬ ਕੇ ਬਹੁ ਕਰਨ ਖੁਆਰੀ
ਮਹਾਰਾਜ ਨੂੰ ਕਾਲ ਨੇ ਜਦ ਲਿਆ ਹਕਾਰੀ
ਝਗੜੇ ਝਾਂਜੇ ਵਧ ਗਏ ਪਈ ਫੁਟ ਕਰਾਰੀ
ਮਿਤ੍ਰਤਾ ਅੰਗ੍ਰੇਜ਼ ਨੇ ਆ ਸ਼ਕਲ ਵਖਾਰੀ
ਪਕੜ ਸ਼ਾਹਜਾਦਾ ਸੁਟਿਆ ਇੰਗਲੈਂਡ ਮਝਾਰੀ
ਧਰਮ ਗਵਾਯਾ ਉਸ ਦਾ ਕਰ ਮਿਤ੍ਰ ਹੀ
ਗੋਰਮਿੰਟ ਏਹ ਬੇਇਤਬਾਰੀ ॥ ੩ ॥

ਪਉੜੀ

ਛੋੜਾਂ ਗੁਝੀਆਂ ਛੇੜਦੇ, ਅੰਗ੍ਰੇਜ਼ ਤਕਾਏ
ਸਿਖ ਹਕੂਮਤ ਲੈਨਨੂੰ ਰਹਿ ਦਾਓ ਚਲਾਏ
ਕੌਮੀ ਰਖਦੇ ਅਨਖ ਜੋ, ਸਿੰਘ ਵੇਖ ਤਪਾਏ
ਮੁਲੁਕ ਬਚਾਵਨ ਵਾਸਤੇ, ਜੋਧੇ ਉਛਲਾਏ
ਲੜਦੇ ਨਾਲ ਫਰੰਗੀਆਂ ਬਹੁ ਜੁਧ ਮਚਾਏ
ਜਾਨਾਂ ਉਤੇ ਖੇਡਦੇ, ਨਹਿ ਸੰਕ ਰਖਾਏ
ਕਰ ਕੁਰਬਾਨੀ ਆਪਣੀ ਸ਼ਹੀਦੀ ਪਾਏ
ਭਾਰੇ ਸਾਨ ਫਰੰਗੀਆਂ, ਰਹਿ ਚਣੇ ਚਬ ਏ

ਪਰ ਭਾਵੀ ਅਕਾਲ ਦੀ, ਕੋ ਸਕੈ ਮਿਟਾਏ
ਰੰਗ ਹੋਰ ਦੇ ਹੋਰ ਹੀ, ਤਦ ਨਜਰੀ ਆਏ
ਵਾਹ ਵਾਹ ਭਾਣਾ ਕੀ ਵਰਤਾਏ॥ ੪ ॥

ਪਉੜੀ

ਨਚੇ ਨਾਰਦ ਡੋਗਰੇ, ਕਰ ਰਹੇ ਸ਼ੈਤਾਨੀ
ਪਾੜ ਪਾੜ ਕੇ ਮਾਰਦੇ, ਕਰ ਬੇਈਮਾਨੀ
ਬ੍ਰਹਮਨ ਨਾਲ ਮਜੀਠੀਏ, ਰਲਦੇ ਅਭਿਮਾਨੀ
ਪਾ ਪਾ ਭਾਂਜ ਮਰਾਵੰਦੇ, ਸਿੰਘ ਸੂਰ ਮਹਾਨੀ
ਸਿਖ ਮਰਾਵਨ ਵਾਸਤੇ, ਕਰ ਕਾਰਸਤਾਨੀ
ਦਾਰੂ ਸਿਕਾ ਡੋਬਿਆ, ਦੁਸ਼ਟਾਂ ਨੇ ਜਾਨੀ
ਸ਼ਾਮ ਸਿੰਘ ਜੇਹੇ ਸੁਰਮੇ, ਕਰ ਗਏ ਕੁਰਬਾਨੀ
ਈਨ ਨ ਮਨੀ ਵੈਰੀਆਂ, ਰਿਦ ਸਚੀ ਠਾਨੀ
ਟੋਟੇ ੨ ਹੋ ਗਏ, ਜੋਧੇ ਬਲਿਵਾਨੀ
ਸਿਖ ਹਕੂਮਤ ਹੋ ਗਈ, ਵਿਚ ਦੁਨੀਆਂ ਢਾਨੀ
ਘਰਾਂ ਘਰਾਂ ਵਿਚ ਕਥਾ ਚਲਾਨੀ ॥ ੫ ॥

ਪਉੜੀ

ਜੋਧੇ ਕਰ ਕੁਰਬਾਨੀਆਂ, ਗੁਰ ਪੁਰੀ ਸਿਧਾਏ
ਮੱਥੇ ਰਖੇ ਸਾਹਮਣੇ, ਨਹੀ ਜਰਾ ਡੋਲਾਏ
ਦੇਸ ਰਖਿਆ ਵਾਸਤੇ, ਸਠ ਖੂਬ ਲੜਾਏ
ਕੌਮ ਘਾਤੀ ਪਾਪੀਆਂ, ਸਾਰੇ ਮਰਵਾਏ

ਨਾਮ ਸਿੰਘ ਸਦਵਾਏ ਕੈ, ਕਾਲੰਕ ਲਵਾਏ
ਝੋਲੀ ਚੁਕ ਫਰੰਗੀਆਂ, ਭੈੜੇ ਹਰਖਾਏ
ਭੁਖੇ ਕਈ ਜਗੀਰ ਦੇ, ਮੂਰਖ ਲਲਚਾਏ
ਦੇਸ ਅਜਾਦੀ ਵੇਚ ਕੇ, ਵਿਚ ਲੋਭ ਡੁਬਾਏ
ਚੁਕੀ ਛਟ ਫਰੰਗੀਆਂ, ਨਾਹੀ ਸ਼ਰਮਾਏ
ਆਪਨ ਹਥੀਂ ਆਪਨੇ, ਸਿਰ ਪੈਲੇ ਲਾਏ।
ਜਮਦੇ ਕਿਉ ਨ ਗੁਰੂ ਖਪਾਏ ॥ ੬ ॥

ਪਉੜੀ

ਸਿਕਾ ਵਿਚ ਪੰਜਾਬ ਦੇ, ਅੰਗ੍ਰੇਜਾਂ ਛਾਯਾ
ਹਥ ਖਾਲਸੇ ਵੇਖ ਕੈ, ਦਿਲ ਬਹੁਤ ਡਰਾਯਾ
ਅੰਦਰ ਖੋਟੇ ਮੂੰਹ ਤੋਂ, ਮਿਨਾ ਦਰਸਾਯਾ
ਪਾਪਾ ਭਿਤੀ ਸਿਰਾਂ ਨੂੰ, ਹਥ ਵਿਚ ਫਸਾਯਾ
ਅਸੀ ਹਾਂ ਰਾਖੇ ਤੁਝਾਂ ਦੇ, ਏ ਨਾ ਸਾਫ ਸੁਨਾਯਾ
ਝੋਲੀ ਝੁਲ ਫਸਾ ਲਏ, ਕੁਝ ਟਕੜਾ ਪਾਯਾ
ਰਹਿੰਦੇ ਸਿੰਘ ਫਸਾਨ ਨੂੰ, ਚਕ ਮੁਲਾ ਬਨਾਯਾ
ਕਈ ਬੁਲਾਰੇ ਬਨ ਗਏ, ਨਿਜ ਧਰਮ ਭੁਲਾਯਾ
ਗਲਾਂ ਝੂਠੀ ਸਚੀਆਂ, ਕਰ ਧ੍ਰੋਹ ਕਮਾਯਾ
ਨਾਵੇਂ ਗੁਰੂ ਨੇ ਆਪ ਹੀ, ਅੰਗ੍ਰੇਜ਼ ਪਠਾਯਾ
ਦਿਲੀ ਦੇ ਵਿਚ ਬਰਨ ਕਰਾਯਾ ॥ ੭ ॥

ਪਉੜੀ

ਚਲ ਰਹੀ ਚਾਲ ਫਰੰਗੀਆਂ, ਸਿਖ ਫਸਦੇ ਸਾਰੇ
ਸਿਰੇ ਚਾੜ ਦੇ ਕੰਮ ਨੂੰ, ਜੋ ਦਿਚ ਬੁਲਾਰੇ
ਸਿਖਾਂ ਕੂਕ ਸੁਨਾਵੰਦੇ, ਕਰਮਾ ਦੇ ਮਾਰੇ
ਘੱਲੇ ਆਏ ਦੂਰ ਦੇ, ਅੰਗ੍ਰੇਜ ਪਿਆਰੇ
ਸਿਖ ਨੇ ਏਹ ਭੀ ਗੁਰੂ ਦੇ, ਇਕ ਟੋਪੀ ਵਾਰੇ
ਆ ਗਏ ਅਦਲ ਕਰਾਵਣੇ, ਇਸ ਦੇ ਸਮਝਾਰੇ
ਪੁਤਲੇ ਧਰਮ ਨਿਜਾਂਇ ਦੇ, ਇਹ ਵਡੇ ਭਾਰੇ
ਪਾਣੀ ਦੁਧ ਨਿਤਾਰਦੇ, ਸਤਿਗੁਰੂ ਸਵਾਰੇ
ਰਾਜ ਨੀਤ ਦੀ ਚਾਲ ਸੀ, ਇਸ ਦੇ ਵਿਚਕਾਰੇ
ਭੋਲੇ ਸਿਖ ਨ ਸਮਝਦੇ, ਦੁਸ਼ਟਾ ਦੇ ਕਰੇ
ਸੁਣ ੨ ਹੁੰਦੇ ਬਹੁਤ ਸੁਖਾਰੇ ॥ ੮ ॥

ਪਉੜੀ

ਪਹਿਲੇ ਹਥ ਅੰਗ੍ਰੇਜ ਨੇ ਏਹ ਹੁਕਮ ਚਲਾਇ
ਸੁਟੋ ਸਭ ਹਥਿਆਰ ਆਨ, ਜੋ ਕਿਸੇ ਰਖਾਏ
ਮੁਲਕ ਨਿਤ ਣਾ ਕਰ ਲਿਆ, ਹਥਿਆਰ ਸੁਟਾਏ
ਗਲਾਂ ਉਤੇ ਸਿਖ ਵੀ, ਭੁਲੇ ਸਮਝਾਏ
ਧਰਮ ਚਿੰਨ ਤਲਵਾਰ ਜੋ, ਨਹੀ ਰਖ ਸਕਾਏ
ਰਹਿਤ ਤਜਾਹੀ ਬਹੁਤਿਆਂ, ਨਹਿ ਸੋਚ ਦਰਾਏ
ਲਗੇ ਮਾਰਨ ਮਖੀਆਂ, ਇਕ ਸਾਫ ਤਰਾਏ

ਭਰਤੀ ਫੌਜਾਂ ਵਿਚ ਹੋ, ਬਹੁ ਖੁਸ਼ੀ ਮਨਾਏ
ਵਾਂਗ ਮਲੋਗਾਂ ਟਪਦੇ, ਸਿਰ ਦੀਨ ਟਿਕਾਏ
ਹੁਕਮ ਨ ਅਗੋਂ ਮੋੜਦੇ, ਜੋ ਸਿਰ ਵਰਤਾਏ
ਪੂਰੇ ਨਿਮਕ ਹਲਾਲ ਸਦਾਏ ॥ ੯ ॥

ਪਉੜੀ

ਮਹਿੰਗਾ ਲਿਆ ਨਿਆਉਂ ਏਹ, ਹੈ ਸਿਖਾਂ ਭਾਈ
ਤਾਂ ਬੀ ਚੰਗੀ ਪਾਲਦੇ, ਹਨ ਮਿਤ੍ਰਾਈ
ਹਨ ਅੰਗ੍ਰੇਜਾਂ ਜਾਣਦੇ, ਆਪਨ ਸੁਖਦਾਈ
ਨਿਮਕ ਹਲਾਲੀ ਆਪਣੀ ਹੈ ਤੋੜ ਪੁਜਾਈ
ਜਿਥੇ ਵੀ ਸਰਕਾਰ ਨੂੰ, ਆ ਬਣੀ ਲੜਾਈ
ਅਗੋ ਹੋ ਸਿਖ ਫੌਜ ਨੇ, ਤਲਵਾਰ ਚਲਾਈ
ਥਲ ਥਰ ਵੈਰੀ ਕੰਬਦੇ, ਨਾਂ ਸਿਖ ਸੁਨਾਈ
ਪ੍ਰਗਟ ਹੋਏ ਸੂਰਮੇ, ਜੰਗੀ ਅਧਿਕਾਈ
ਸਜੀ ਬਾਂਹ ਅੰਗ੍ਰੇਜ ਦੀ ਰਹਿ ਲੋਕੀ ਗਾਈ
ਨਾਲ ਹਕੂਮਤ ਧਰਮ ਵੀ, ਸਭ ਰਹੇ ਗਵਾਈ
ਆਪੇ ਗਲੀਂ ਮੁਸੀਬਤ ਪਾਈ ॥ ੧੦ ॥

ਪਉੜੀ

ਕਈ ਕੁਚਾਲਾਂ ਵੇਖਦੇ, ਜਦ ਹਿੰਦੀ ਬੰਦੇ
ਲੋਕਾਂ ਦੀਆਂ ਆਜਾਦੀਆਂ, ਸਨਵੱਜੇ ਜੰਦੇ
ਪੈਰ ੨ ਅੰਗ੍ਰੇਜ ਨੇ, ਦਿਖਲਾਏ ਫੰਦੇ

ਭੜਕੇ ਹਿੰਦੀ ਬਹੁਤ ਹੀ, ਸ਼ਨ ਗੱਦਰ ਮਚੰਦੇ
ਦੁਖੀ ਹੋਏ ਅੰਗ੍ਰੇਜ ਤਾਂ, ਹਾਕਾਰ ਕਰੰਦੇ
ਰਹਿਣਾ ਮਿਲੈ ਨ ਹਿੰਦ ਵਿਚ, ਦਿਨ ਹੋਏ ਮੰਦੇ
ਸਿਖਾਂ ਪਾਸ ਪੁਕਾਰਦੇ, ਕਰ ਅਰਜ਼ ਬੁਲੰਦੇ
ਕਰੋ ਸਹੈਤਾ ਖਾਲਸਾ, ਹਾਂ ਬਹੁਤ ਦੁਖੰਦੇ
ਨੇਕੀ ਸਦਾ ਤੁਸਾਡੜੀ, ਹਾਂ ਯਾਦ ਰਖੰਦੇ
ਰਖੋ ਹਥ ਬਖਾਲ ਕੇ, ਕਰ ਦਿਓ ਅਨੰਦੇ
ਸੁਣ ਸਾਰੇ ਹੀ ਸਿਖ ਉਛਲੰਦੇ ॥ ੧੧ ॥

ਪਉੜੀ

ਪਖ ਪਾਲਿਆ ਖਾਲਸੇ, ਰਣ ਵਿਚ ਕੁਦਾਏ
ਨਿਮਕ ਹਲਾਲੀ ਦਸਦੇ, ਨਹੀ ਪਰੈ ਹਟਾਏ
ਸ਼ਸਤ੍ਰ ਵਡੇ ਜੋਰ ਦੇ, ਵਿਚ ਰਣ ਚਮਕਾਏ
ਔਖੀ ਬਣੀ ਫਰੰਗੀਆਂ, ਡਾਢੇ ਘਬਰਾਏ
ਹਿੰਦੂ ਮੁਸਲਮਾਨ ਨੇ, ਏਹ ਮਤੇ ਪਕਾਏ
ਦੇਸੋਂ ਬਾਹਰ ਕਢਨੇ, ਅੰਗ੍ਰੇਜ਼ ਸਬਾਏ
ਮਦਦ ਕੀਤੀ ਖਾਲਸੇ, ਉਪਕਾਰ ਕਮਾਏ
ਰਖ ਲਏ ਅੰਗ੍ਰੇਜ਼ ਸੀ, ਦੇ ਹਥ ਬਚਾਏ
ਮਾਰੇ ਬ ਗੀ ਸੋਧ ਕੈ, ਨਹਿ ਛਡੇ ਕਾਏ
ਅਮਨ ਨਾਲ ਅੰਗ੍ਰੇਜ਼ ਦੇ, ਫਿਰ ਪੈਰ ਜਮਾਏ
ਨਵੇਂ ਨਵੇਂ ਕਾਨੂੰਨ ਚਲਾਏ ॥ ੧੨ ॥

ਪਉੜੀ

ਸੀ ਅੰਗ੍ਰੇਜ਼ਾਂ ਰਖਿਆ, ਸਿੰਘਾਂ ਬਲ ਪਾਈ
ਦਿਲ ਤੋਂ ਸਾਰੇ ਜਾਨਦੇ, ਏਹ ਪੱਕ ਪਕਾਈ
ਨੇਕੀ ਰਖਣ ਯਾਦ ਏਹ, ਅੰਗ੍ਰੇਜ਼ ਸਬਾਈ
ਪਾਲਨ ਅੰਗ ਸਦੀਵ ਹੀ, ਨਹਿ ਸੰਸਾ ਕਾਈ
ਤੋਤੇ ਚਸ਼ਮ ਨ ਹੋਨਗੇ, ਏਹ ਭੁਲ ਭੁਲਾਈ
ਤਨੋਂ ਮਨੋਂ ਕੁਰਬਾਨ ਹੋ, ਰਹੇ ਸਿੰਘ ਦਸਾਈ
ਪਤਾ ਕੀ ਏਨ੍ਹਾਂ ਭੋਲਿਆਂ, ਰਹਿ ਗਲਤੀ ਖਾਈ
ਨੀਤ ਸਾਫ ਅੰਗ੍ਰੇਜ਼ ਦੀ, ਨਹੀਂ ਹੋਇ ਕਦਾਈ
ਦਗਾ ਦੇਨਗੇ ਅੰਤ ਨੂੰ, ਨਾ ਰਹੇ ਸਫਾਈ
ਪੈਰ ਆਪਨੇ ਖਾਲਸੇ, ਇਹ ਚੋਟ ਚਲਾਈ
ਲੋਕੀ ਸਾਰੇ ਕਰਨ ਬੁਰਾਈ ॥ ੧੩ ॥

ਪਉੜੀ

ਇਸਦੇ ਪਿਛੋਂ ਹੋਰ ਥੀ, ਕਈ ਜੁਧ ਜੁਟਾਏ
ਸਿੰਘ ਨ ਪਾਸਾ ਫੇਰਦੇ, ਰਹਿ ਨਾਲ ਮਿਲਾਏ
ਜਿਥੇ ਵੀ ਅੰਗ੍ਰੇਜ਼ ਨੂੰ, ਕੋਇ ਔਕੜ ਆਏ
ਅਗੇ ਹੋਕੇ ਖਾਲਸੇ, ਬਹੁ ਦਥ ਵਖਾਏ
ਕਾਬਲ ਅਤੇ ਕੰਧਾਰ ਤੀਕ, ਫੜ ਲੋਕ ਨਿਵਾਏ
ਮਿਸਰ ਚੀਨ ਅਮ੍ਰੀਕਿਓ, ਨਹੀਂ ਉਰੇ ਰਹਾਏ
ਮਰਮਰ ਕੇ ਦੇਸ ਕਈ, ਆਧੀਨ ਬਨਾਏ

ਵੈਰੀ ਥਰ ੨ ਕੰਬਦੇ, ਸਿੰਘਾਂ ਡਰ ਖਾਏ
ਅਪਨਾ ਆਪ ਵਿਸਾਰ ਕੈ, ਸਿੰਘ ਮਗਰ ਲਗਾਏ
ਮਾਮਾ ਫਰਕ ਨ ਰਖਦੇ, ਐਸੇ ਭਰਮਾਏ
ਨਿਮਕ ਹਲਾਲ ਗੁਲਾਮ ਸਦਾਏ ॥ ੧੪ ॥

ਪਉੜੀ

ਭਾਵੇਂ ਮਾਰਨ ਬੋਲੀਆਂ, ਕਈ ਲੋਕ ਅਪਾਰੀ
ਵੇਖੋ ਯਾਰੋ ਖਾਲਸੇ, ਕੀ ਸੁਰਤ ਵਿਸਾਰੀ
ਹਥ ਅੰਗ੍ਰੇਜ਼ਾਂ ਨਚਦੇ, ਕੈਸੀ ਮਤ ਮਾਰੀ
ਹੋ ਗਏ ਕਿਆ ਅਧੀਨਨੇ, ਛਡ ਕੇ ਮੁਖਤਾਰੀ
ਦਰਦ ਨ ਰਖਣ ਦੇਸ ਦਾ, ਇਹ ਗਲਤੀ ਭਾਰੀ
ਕਿਹਾ ਨ ਮੰਨਣ ਕਿਸੇ ਦਾ, ਜੋਧੇ ਬਲਿਕਾਰੀ
ਪੱਖ ਕਰਨ ਅੰਗ੍ਰੇਜ਼ ਦਾ, ਤਨ ਮਨ ਧਨ ਵਾਰੀ
ਅੰਗ ਪਾਲਦੇ ਸ਼ੂਰਮੇਂ, ਇਹ ਧਰਮ ਵਿਚਾਰੀ
ਅਪਣੀ ਤੋੜ ਪੁਜਾਵੰਦੇ, ਕਰ ਸ਼ੁਕਰ ਗੁਜ਼ਾਰੀ
ਭਾਂਵੇਂ ਲੋਕੀ ਆਖਦੇ, ਮੂਰਖ ਹੰਕਾਰੀ
ਕਰੈ ਖਾਲਸਾ ਬੜੀ ਸ਼ੁਆਰੀ ॥ ੧੫ ॥

ਪਉੜੀ

ਗਲ ਦੂਸਰੀ ਵਲ ਦੀ, ਹੁਣ ਦਿਆਂ ਸੁਣਾਈ
ਸਿਖਾਂ ਭਾਂਵੇਂ ਜਗਤ ਦੀ, ਬਦਨਾਮੀ ਚਾਈ
ਨਿਮਕ ਹਲਾਲੀ ਆਪਨੀ, ਪਰ ਤੋੜ ਪੁਜਾਈ

ਧਰਮ ਕਰਮ ਵੀ ਆਪਨੇ, ਸਭ ਰਹੇ ਭੁਲਾਈ
ਕੀ ਅੰਗ੍ਰੇਜ਼ਾਂ ਜਾਨਿਆਂ, ਇਹਸਾਨ ਕਦਾਈ
ਬਦਲਾ ਦਿਤਾ ਏਸਦਾ, ਸੀ ਕਿਤਨਾਂ ਭਾਈ
ਹਾਕਮ ਮੂੰਹੋ ਬਿਸ਼ਕ ਹੀ, ਰਹਿ ਨੇਕੀ ਗਾਈ
ਦਿਲੋਂ ਨ ਚੰਗਾ ਜਾਨਦੇ, ਪ੍ਰਤੱਖ ਦਿਸਾਈ
ਕੌਮ ਘਾਤ ਕੀ ਆਖਦੇ, ਹਨ ਗਲ ਛਪਾਈ
ਮੂੰਹ ਤੋਂ ਮਿਠੇ ਬੋਲਦੇ, ਰਹਿ ਕੰਮ ਕਢਾਈ
ਰਾਜ ਨੀਤ ਦੀ ਚਾਲ ਰਖਾਈ ॥ ੧੬ ॥

ਪਉੜੀ

ਬਾਹਰੋਂ ਗੋਰੇ ਦਿਸਦੇ, ਅੰਦਰ ਤੋਂ ਕਾਰੇ
ਦਗੇ ਫਰੇਬ ਪਖੰਡ ਦੇ, ਦਿਸਨ ਵਣਜਾਰੇ
ਵਡੀ ਕਰਨ ਦਿਆਲਤਾ, ਜੋਕਰ ਕਿਸ ਵਾਰੇ
ਰਾਇ ਸਾਹਿਬੀ ਬਖ਼ਸ਼ਦੇ, ਕਰਕੇ ਉਪਕਾਰੇ
ਜਾਂ ਸਰਕਾਰ ਨਿਵਾਬੀਆਂ, ਦੇ ਕਰਨ ਸੁਖਾਰੇ
ਰਖ ਫੁਲਾਂਵਨ ਕਲਗੀਆਂ ਦੇਕੇ ਪੁਚਕਾਰੇ
ਦੇਣ ਲੈਣ ਨੂੰ ਕੁਝ ਨਹੀਂ, ਸੁਕੇ ਹੀ ਲਾਰੇ
ਫੌਜਾਂ ਵਿਚ ਨ ਦੇਵੰਦੇ, ਕੋ ਮਨਸਬ ਭਾਰੇ
ਉਚੇ ਓਹੁਦੇ ਹਿੰਦੀਆਂ, ਨਾਹੀ ਅਧਿਕਾਰੇ
ਜਮਾਂ ਦਾਰੀਆਂ ਪਾਵੰਦੇ, ਜਾਂ ਸੂਬੇ ਦਾਰੇ
ਲਗੇ ਦਿਸਣ ਏਹ ਨਜ਼ਾਰੇ ॥ ੧੭ ॥

ਪਉੜੀ

ਦੇਣ ਲਗੇ ਅੰਗ੍ਰੇਜ਼ ਤਾਂ, ਮਨ ਦਜ਼ਾ ਲਗਾਈ
ਉਚੇ ਉਹਦੇ ਦੇਵਣੇ, ਸਿੰਘਾਂ ਨੂੰ ਭਾਈ
ਪਰ ਫੌਜਾਂ ਦੇ ਵਿਚ ਨ, ਇਹ ਲੋੜ ਲਖਾਈ
ਪਿਨਸਨ ਵੇਲੇ ਦਿਆਂਗੇ, ਹੈ ਗਲ ਪਕਾਈ
ਅਨਰੇਰੀਕਪਤਾਨ ਦੀ,ਚੁਕ ਨਲਰੀ ਲਾਈ
ਤੁਰਨ ਵੇਲੇਸੀ ਸਿੰਘਾਂ ਦੇ,ਇਹ ਹਥ ਫੜਾਈ
ਚਟੋ ਜਾਕੇ ਏਸ ਨੂੰ, ਵਿਚ ਘਰਾਂ ਬਿਠਾਈ
ਇਸਤੋਂ ਵਧ ਨ ਹੋਰਹੈ,ਕੁਝ ਮਿਲਨਾ ਆਈ
ਇਹ ਬੀ ਲੈਕੇ ਖਾਲਸਾ ਹੈ, ਸ਼ਕਰ ਮਨਾਈ
ਤਰਫ ਦਾਰ ਅੰਗ੍ਰੇਜ਼ਾਂ ਦੇ, ਰਹਿ ਬਣੇ ਸਦਾਈ
ਵਫਾ ਦਾਰ ਪਕੇ ਸਦਵਾਈ ॥ ੧੮ ॥

ਪਉੜੀ

ਗਲ ਸਿੰਘਾਂ ਦੀਜਗਤ ਵਿਚ, ਆਸਾਰੇ ਟਿੱਲੀ
ਕੌਮਾਂ ਸਾਰੀ ਹਿੰਦ ਦੀ, ਹੁਨ ਮਾਰਨ ਖਿੱਲੀ
ਸਿੰਘ ਸੂਰਮੇ ਨਾਮ ਸੀ, ਬਨ ਬੈਠੇ ਬਿੱਲੀ
ਬਨੀ ਹਕੂਮਤ ਖੋਹਲਈ,ਫੜਚਾਲ ਸੁਢਿੱਲੀ
ਟਟੂ ਬਨਕੇ ਚੁਕਦੇ, ਅੰਗ੍ਰੇਜ਼ਾਂ ਚਿਲੀ
ਹਿੰਮਤ ਸਾਰੀ ਇਨ੍ਹਾਂ ਦੀ, ਹੋ ਜਾਂਦੀ ਗਿੱਲੀ
ਡੈਮ ਫੂਲ ਅਖਵਾਵੰਦੇ, ਨਹੀਂ ਗੈਰ ਤ ਢਿੱਲੀ

ਕਦੇ ਕਿਸੇ ਅੰਗ੍ਰੇਜ਼ ਤੋਂ, ਏਹ ਸ਼ਾਬਾ ਮਿੱਲੀ
ਖੂਬ ਗ਼ੁਲਾਮੀ ਧੌਨ ਦੇ, ਵਿਚ ਟੁਕਦੀ ਕਿੱਲੀ
ਹੁਤ ਨ ਕਰਦੇ ਫੇਰ ਵੀ, ਤਕ ਅਖਾਂ ਪਿੱਲੀ
ਵਫ਼ਦਾਰੀ ਕਰ ਸਦਾ ਅਹਿੱਲੀ ॥ ੧੯ ॥

ਪਉੜੀ

ਕਈ ਸਿਆਣੇ ਸੋਚਦੇ, ਅੰਗ੍ਰੇਜ਼ ਕਦਾਏ
ਲੋਰੀ ਦੇਂਦੇ ਬਾਲਸੇ, ਇਹ ਥਾਪੀ ਲਾਏ
ਜੋਕਰ ਬਹਿੰਦੇ ਸਿੰਘ ਨੇ, ਦੀਵਾਨ ਸਜਾਏ
ਵਿਚ ਆਨਕੇ ਬੈਠਦੇ, ਟੋਪੀ ਉਤਰਾਏ
ਕਰਦੇ ਗੱਲਾਂ ਮਿਠੀਆਂ, ਸਿਖਾਂ ਪਰਚਾਏ
ਦੋ ਤਿੰਨ ਦੰਮੜੇ ਕਢਕੇ , ਗੁਰ ਭੇਟ ਚੜ੍ਹਾਏ
ਭਾਈ ਜੀ ਤੋਂ ਮੰਗ ਕੇ, ਪ੍ਰਸਾਦਿ ਛਕਾਏ
ਭਾਵੇਂ ਲੈਂਦੇ ਭੇਤ ਸੀ, ਇਹ ਪੱਜ ਬਨਾਏ
ਕਛਾਂ ਮਾਰਨ ਸਿੰਘ ਤਾਂ, ਬਹੁਤੇ ਹਰਖਾਏ
ਵਿਚ ਅਸਾਡੇ ਆਨ ਕੇ, ਅੰਗ੍ਰੇਜ਼ ਬਛਾਏ
ਕੈਸੀ ਸਾਡੀ ਕਦਰ ਵਧਾਏ ॥ ੨੦ ॥

ਪਉੜੀ

ਕਾਲਜ ਇਕ ਬਣਾਲਿਆ,ਮਰ ਸਿੰਘਾ ਸੋਈ
ਆਖਣ ਸਾਡੇ ਧਰਮ ਦਾ, ਕੁਝ ਵਾਧਾ ਹੋਈ
ਸੋ ਬੀ ਗਲ ਨ ਖਾਲਸੇ, ਹੋ ਪੂਰੀ ਕੰਈ

ਪਾਯਾ ਹਥ ਸ੍ਰਕਾਰ ਨੇ, ਡਾਢੀ ਕਠਨੋਈ
ਬਹੁਤੇ ਜੀ ਹਜ਼ੂਰੀਏ, ਕਰਦੇ ਅਰਜ਼ੋਈ
ਬਿਨ ਸ੍ਰਕਾਰੋਂ ਅਸਾਂ ਦੀ, ਸਭ ਹਿੰਮਤ ਮੋਈ
ਕੌਮ ਘਾਤਕਾਂ ਰ੍ਹਖਆ, ਏਹ ਮਸਲਾ ਗੋਈ
ਕਈ ਅੰਗ੍ਰੇਜ਼ਾਂ ਆਖਿਆ, ਐਸੇ ਪ੍ਰਗਟੋਈ
ਜੋ ਜੋ ਏਸੇ ਕਾਲਜੋਂ, ਆ ਕਦੇ ਪੜੋਈ
ਨਿਮਕ ਹਲਾਲੀ ਹੋਨਗੇ, ਸਰਕਾਰੀ ਓਈ
ਸਿਖਾਂ ਖ੍ਹੁਬ ਆਜ਼ਾਦੀ ਖੋਈ ॥ ੨੧ ॥

ਪਉੜੀ

ਐਸੀ ਪਕੜੀ ਖਾਲਸੇ, ਫਰਮਾਂ ਬਰਦਾਰੀ
ਕੈਸੀ ਹੋਇ ਨਿਰਾਦਰੀ, ਨਹੀ ਹੁਤ ਉਚਾਰੀ
ਚਾਪਲ੍ਹੂਸ ਕਈ ਹੋ ਗਏ, ਕਰ ਰਹੇ ਖ੍ਹੁਵਾਰੀ
ਝੋਲੀ ਚੁਕ ਅੰਗ੍ਰੇਜ਼ ਦੇ, ਕੁਲ ਘਾਤੀ ਭਾਰੀ
ਜਾਨ ਦਿਤੀ ਸ੍ਰੀਗੁਰੂ ਨੇ, ਕ੍ਰਿਪਾਨ ਸੁਵਾਰੀ
ਖੋਹ ਲਈ ਸ੍ਰਕਾਰ ਨੇ, ਕਰ ਹਤਿਆ ਚਾਰੀ
ਧੋਖਾ ਦੇਂਦੇ ਚਾਪਲ੍ਹੂਸ, ਰਹਿਕੌਮ ਨਿਘਾਰੀ
ਦੇਣ ਪੰਥ ਨੂੰ ਸਿਖਜਾ, ਛੈੜੇ ਦੁਰਚਾਰੀ
ਗੋਲੇ ਬਨ ਸ੍ਰਕਾਰ ਦੇ, ਕਰ ਸ਼ੁਕਰ ਗੁਜ਼ਾਰੀ
ਸੁਟਿਆ ਖਾਤੇ ਪੰਥ ਨੂੰ, ਨਹਿ ਹੋਸ਼ ਸੰਭਾਰੀ
ਹਾਸੀ ਕਰਦੇ ਲੋਕ ਕਰਾਰੀ ॥ ੨੨ ॥

ਪਉੜੀ

ਕਈ ਤਰਾਂ ਦੀ ਲੋਰੀਆਂ, ਦੇ ਸਿਖ ਸੁਵਾਏ
ਕੰਮ ਅਪਨੇ ਧਰਮ ਦੇ, ਸਭ ਮਨੋ ਭੁਲਾਏ
ਗੁਰੂ ਧਾਮ ਸਰਕਾਰ ਦੇ, ਹਨ ਹਥ ਫੜਾਏ
ਅਪਨੀ ਮਰਜ਼ੀ ਉਸਨੇ, ਮੁਖਤਾਰ ਬਨਾਏ
ਵੈਰੀ ਪਕੇ ਪੰਥ ਦੇ, ਰਹਿ ਮੌਜ ਉਡਾਏ
ਕਈ ਪੁਜਾਰੀ ਵਿਗੜ ਦੇ, ਮਾਰੰਤ ਸਥਾਏ
ਪੈਸਾ ਚੜ੍ਹ ਜਗੀਰ ਦਾ, ਸਭ ਬਿਰਥਾ ਜਾਏ
ਗੁਰ ਧਾਮਾਂ ਦੀ ਸੁਰਤ ਨਾ, ਕੋ ਰਖ ਕਦਾਏ
ਜਿਥੋਂ ਮਿਲਣੀ ਸਿਖਜਾ, ਮਨ ਮਤ ਦਿਸਾਏ
ਡਾਢੀ ਨੀਂਦਰ ਸੋਂ ਗਏ, ਸਿਖ ਨਹੀ ਪਰਤਾਏ
ਅਪਨੇ ਸਾਰੇ ਹਕ .ਗਵਾਏ ॥ ੨੩ ॥ ੨ ॥

## ਗੁਰ ਧਾਮਾ ਦੀ ਬਹੁਰ ਮਤੀ ॥

ਦੋਹਿਰਾ

ਗੁਰ ਧਾਮਾਂ ਬੇਹੁਰਮਤਾ, ਲਾਗੀ ਹੋਣ ਅਪਾਰ ॥
ਕੌਮੀ ਦਰਦ ਜੋਰਖਦੇ, ਸੁਣ ਸਿਖ ਹੋਣ ਲਚਾਰ ੧

ਪਉੜੀ

ਗੁਰ ਧਾਮਾਂ ਨੂੰ ਮਾਤ ਦੀ, ਜਦ ਨੋਕਰਸ਼ਾਹੀ
ਸਿਖ ਸੁਵਾਲੇ ਦੇਕੈ, ਥਾਪੀ ਬਦਰਾਹੀ
ਕੋਇਕ ਰਖੇ ਹਥ ਵਿਚ, ਗੁਰਧਾਮ ਤਦਾਹੀ

ਛੋਡੇ ਛਰ ਮੁਖਤਾਰ ਮੀ, ਪੰਥਕ ਤਨਖਾਹੀ
ਭਾਵੇਂ ਕੋ ਇਕ ਨੇਕ ਸੀ, ਬਹੁਤੇ ਗੁਮਰਾਹੀ
ਪੈਸਾ ਜੋ ਗੁਰ ਧਾਮ ਦਾ, ਖਾ ਰਹੇ ਸਭਾਹੀ
ਨਹੀਂ ਕੁਰੀਤਾ ਰੋਕਦੇ, ਤਕ ਮੂਹ ਕਦਾਈ
ਪੈਸ਼ਾ ਪੂਜਾ ਏ।ਇਕੈ, ਮਤ ਭ੍ਰਿਸ਼ਟੀ ਜਾਹੀ
ਅਫਸਰ ਗਫਲਾਵੰਦੇ, ਓਨ੍ਹਾਂ ਦੀ ਰਾਹੀ
ਗੁਰਮਤਿ ਦਾ ਲੈ ਨਾਮ ਜੋ, ਦੇ ਦੇਣ ਸਜ਼ਾਹੀ
ਅੰਧਾ ਧੁੰਧ ਮਚੀ ਅਸਗਾਹੀ । ੨ ॥

ਪਉੜੀ

ਨਾਸ਼ੀ ਹਥ ਸ੍ਰਕਾਰ ਦੇ, ਗੁਰਧਾਮ ਜੋ ਆਏ
ਓਨ੍ਹਾਂ ਬਦਲੇ ਏਸਨੇ, ਕਾਨੂੰਨ ਬਨਾਏ
ਸਾਧ ਪੁਜਾਰੀ ਵਿਚ ਜੋ, ਰਹਿ ਸੇਵ ਕਮਾਏ
ਗ੍ਰੰਥਲ ਪਾਇ ਕਨੂੰਨ ਦੀ, ਮਾਲਕ ਠਹਿਰਾਏ
ਕੋਇਨ ਓਨ੍ਹਾਂ ਪੁਛਦਾ, ਕੀ ਰਹੇ ਕਰਾਏ
ਵਡੇ ੨ ਅਫਸਰਾਂ, ਸੰਗ ਮੇਲ ਰਖਾਏ
ਦੇਂਦੇ ਰਹਿੰਦੇ ਡਾਲੀਆਂ, ਕਿਸ ਚਾਟੇ ਲਾਏ
ਡਰ ਨਹੀਂ ਰਖਨ ਕਿਸੇ ਦਾ, ਨਿਡਰ ਸਦਵਾਏ
ਆਪ ਹੁਦਰੀਆਂ ਕਰ ਰਹੇ, ਸਤਿਗੁਰ ਬਰਸਾਏ
ਗੁਰ ਧਾਮਾ ਦੀ ਆਬਰੂ, ਰਹਿ ਧੂੜ ਮਿਲਾਏ
ਸਿਧੇ ਰਸਤੇ ਕੌਣ ਲਗਾਏ ॥ ੩ ॥

ਪਉੜੀ

ਪਥਰ ਪੂਜਾ ਹੋਵੰਦੀ, ਅੰਮ੍ਰਤਸਰ ਬਨੇ
ਚੰਰਸੀ ਭੰਗੀ ਬੈਠਦੇ, ਜੋ ਬ ਹਮਨ ਮੰਨੇ
ਬਰਤਨ ਸਾਰੇ ਮਾਂਝਦੇ, ਥਾਲੀ ਤੇ ਛੰਨੇ
ਕਈ ਡਿਠੇ ਸੀ ਚੁਪਦੇ, ਬੈਠੇ ਹੀ ਗੰਨੇ
ਮਿਟੀ ਮਲ ਹਥ ਧੋਵੰਦੇ, ਸਰ ਅੰਦਰ ਅੰਨ੍ਹੇ
ਕਰੈ ਦਲੇਰੀ ਕੋਈ ਨ, ਜੋ ਬੁਥਾ ਭੰਨੇ
ਲੋਕਾਂ ਪੈਸਾ ਲੁਟ ਕੇ, ਹੁੰਦੇ ਪ੍ਰਸੰਨੇ
ਚੋਤ ਉਚਕੇ ਚੌਧਰੀ, ਸਭ ਏਨਾ ਵੰਨੇ
ਲੁਟੇ ਕਈ ਯਾਤਰੂ, ਕੋ ਕਰੇ ਨ ਜੰਨੇ
ਠਾਕਰ ਅਗੇ ਦਿਸਦੇ, ਭਗਤੀ ਜਿਓਂ ਧੰਨੇ
ਹੈਸਨ ਏਹ ਸ਼ੈਤਾਨ, ਮਹੰਨੇ ॥ ੪ ॥

ਪਉੜੀ

ਵਿਚ ਮਿਦਾਨੇ ਬੈਠਦੇ, ਜੋ ਕਈ ਫੁਲੇਰੇ
ਮੰਦਰ ਵਿਚ ਲੈ ਜਾਨ ਨੂੰ ਨਥ ਫੁਲ ਘਨੇਰੇ
ਲੁਚੇ ਏਹ ਲਫੰਗਿਆਂ, ਸਨ ਮਿਤ ਘਨੇਰੇ
ਆਪ ਜੁਆਰੀ ਕਈ ਹੀ, ਭਲ ਭਾਂਤ ਲੁਟੇਰੇ
ਏਹ ਭੀ ਕਈਆਂ ਲੁਟਦੇ, ਪੈ ਸਾਂਝ ਸੁਵੇਰੇ
ਸ਼ਾਨ ਜਮਾਏ ਇਨਾਂ ਨੇ, ਏਹ ਪੱਕੇ ਡੇਰੇ
ਹੋਨ ਕਈ ਬਦਮਾਸ਼ੀਆਂ, ਜਾਹ ਏਨਾ ਘੇਰੇ

ਦਿਨ ਦਿਨ ਹੋਨ ਵਿਗਾੜ ਹੀ, ਵਧ ਪਰੇ ਪਰੇਤੇ
ਇਜ਼ਤ ਏਹ ਉਤਾਰਦੇ, ਭਲਿਆਂ ਕਈ ਵੇਰੇ
ਚਾਨਣ ਦਿਸੇ ਕਿਤੇ ਨ, ਮਚ ਰਹੇ ਹਨੇਰੇ
ਕੀ ਕੁਝ ਭਾਵੇ ਸਤਿਗੁਰੂ ਮੇਰੇ ॥ ੫ ॥

ਪਉੜੀ

ਵਿਚ ਪ੍ਰੇਮਾਂ ਲਾਂਵਦੇ, ਕਈ ਲੋਕੀ ਹਟੀ
ਕੜੇ ਕੰਗੇ ਕ੍ਰਿਪਾਨ ਦੀ, ਕੀ ਰਚਨ ਨੱਟੀ
ਫਿਰਦੇ ਲੈ ਕੇ ਛਾਬੜੀ, ਕਈ ਚੱਟਣੀ ਖੱਟੀ
ਬਰਫ ਫਲੂਦੇ ਕੁਲਫੀਆ, ਲਖ ਬਹੁਤੀ ਖਟੀ
ਕਈ ਕਿਤਾਬਾਂ ਵੇਚਦੇ, ਹੈ ਚਾਲ ਪਲੱਟੀ
ਗੁਰ ਬਾਣੀ ਦੇ ਨਾਮ ਤੇ, ਰਹਿ ਬਾਣੀ ਰੱਟੀ
ਗੰਦੇ ਕਿਸੇ ਵੇਚਦੇ, ਜੋ ਇਜ਼ਤ ਪੱਟੀ
ਲੇਵਨ ਮਾਂਏਆਂ ਬੀਬੀਆਂ, ਹੋ ਚੌੜ ਚਪੱਟੀ
ਕੋਈ ਨ ਏਨਾਂ ਰੋਕਦਾ, ਜੋ ਕਰਨ ਉਲੱਟੀ
ਨਾਲ ਬਹਾਨੇ ਧਰਮ ਦੇ, ਕਰ ਚੋਰ ਤਰੱਟੀ
ਥਾਂ ਉਥਾਂਈ ਦੜ ਸਭ ਨੇ ਵੱਟੀ ॥ ੬ ॥

ਪਉੜੀ

ਬੁੰਗੇ ਪਾਸ ਅਕਾਲ ਦੇ, ਜੋ ਚੋਕ ਸੁਹਾਈ
ਲਗਦੇ ਕਦੇ ਦਿਵਾਨ ਸੀ, ਸਿਖਾਂ ਅਧਿਕਾਈ
ਸਤਿਗੁਰ ਛੇਂਵੇ ਪਾਤਸ਼ਾਹੁ, ਇਹ ਰੀਤ ਚਲਾਈ

ਓਥੇ ਹੋਵਨ ਲਗਦਾ, ਕੀ ਆਕੇ ਭਾਈ
ਬਿਭੁਚਾਰਨ ਜੋ ਨੀਵੀਂਆਂ, ਆਬਹੈ ਸਬਾਏ
ਹਾਰ ਸਿੰਗਾਰ ਲਗਾਇਕੈ, ਕੱਜਲ ਮਟਕਾ
ਪਾਵਨ ਕਪੜੇ ਨੇਸ਼ਮੀ, ਦੇ ਕੁੜਕ ਦਿਖਾਏ
ਲੁਚੇ ਪਾਸ ਖਲੌਵੰਦੇ, ਓਥੇ ਹੀ ਆਈ
ਨਾਲ ਅਖੀਆਂ ਸੈਨਤਾਂ, ਜੋ ਰਹੇ ਲੜਾਈ
ਲੈ ਕੇ ਲਾਂਭੇ ਹੋਵੰਦੇ, ਵਿਚ ਬੁੰਗੇ ਜਾਈ
ਜਿਥੇ ਹੁੰਦੀ ਰਲ ਮਿਲਾਈ ॥ ੭॥

ਪਉੜੀ

ਵਿਚ ਬੁੰਗਿਆਂ ਰਹੇ ਜੋ, ਕੁਝ ਸਜਨ ਭਲੇ
ਪਰ ਹਨ ਡਿਠੇ ਕਈ, ਵਿਚ ਉਨਾਂ ਦੱਲੇ
ਪਾਸ ਰਹਿਣ ਗੁਰਧਾਂਮ ਦੇ, ਕਰ ਕੰਮ ਅਵੱਲੇ
ਲੈਣ ਦਲਾਲੀ ਇਨਾਂ ਤੋਂ, ਕੀ ਕਰਤਬਮੱਲੇ
ਕੌਨ ਰਖੇਗਾ ਪਾਪੀਆਂ, ਰਾਹ ਨਰਕਾਂ ਚਲੇ
ਅਗੇ ਜਾਕੇ ਰੋਣ ਗੇ, ਏਹ ਮੂੰਹ ਤੇ ਖੱਲੇ
ਲੰਡੇ ਲੁਚੇ ਰਲ ਗਏ, ਨਹੀਂ ਟਾਲੇ ਟੱਲੇ
ਏਹੋ ਜੇਸੇ ਪਾਪੀਆਂ, ਸਿਖ ਹਿਰਦੇ ਸੱਲੇ
ਸੋਚਾਂ ਸੋਚਨ ਦਿਨੇ ਰਾਤ, ਨਹੀ ਬਹਿਨ ਨਚੱਲੇ
ਸਤਿਗੁਰ ਸਚਾ ਆਪ ਹੀ, ਕੋ ਤਾਕਤ ਘੱਲੇ
ਜੋ ਆਸ ਭੈ ਕੁਰੰਤਾਂ ਠੱਲੇ ॥ ੮ ॥

NATIONAL ARCHIVES LIBRARY
No 1944
Date 1-2-72
GOVT. OF INDIA

ਪਉੜੀ

ਰ ਮੰਦਰ ਦੇ ਸੇਵਕਾਂ, ਜੋ ਸਾਠ ਪੁਜਾਰੀ
ਾ ਧਾ ਪੂਜਾ ਧਾਨ ਨੂੰ, ਮਤ ਕਈਆਂ ਮਾਰੀ
ਵਰਲੇ ਚੰਗੀ ਸਾਨ ਭੀ, ਬੁਹਤੇ ਦੁਰਾਚਾਰੀ
ਖ਼ਾਂ ਵਿਚੋਂ ਖੋਵੰਦੇ, ਪੈਸੇ ਹੰਕਾਰੀ
ੀਨ ਸ਼ਰਾਬ ਬੈਠ ਕੇ, ਮੰਦਰ ਵਿਚਕਾਰੀ
ਰ ਨਹੀਂ ਰਖਦੇ ਗੁਰੂ ਦਾ,ਕਰਦੇਬਦਕਾਰੀ
ਸਿੰਘ ਸਭਾ ਜੋ ਕਰਦੀਆਂ, ਸੁਧੀ ਪਰਚਾਰੀ
ਤੇਸ ਵਿਚ ਰੋਕਾਂ ਪਾਂਵੰਦੇ, ਇਹ ਵਡੀ ਖੁਆਰੀ
ਸ਼ਨ ਜਾਵੈ ਪੰਥ ਦੀ, ਬਨ ਰਹੀ ਲਾਚਾਰੀ
ੜਹਨ ਸਿੰਘ ਨਿਹਾਰ ਕੇ, ਏਹ ਅਤਿਆਚਾਰੀ
ਤਿਗੁਰ ਆਪੇ ਕਰਸਨ ਕਾਰੀ ॥ ੯ ॥

ਪਉੜੀ

ੋਜ ੨ ਹੀ ਹੁੰਦੀਆਂ, ਨਿਤ ਨਵੀਆਂ ਬੁਰਾਈਆ
ੜ ਦੇ ਵਿਚ ਰਹਿ ਧਰਮਦੇ,ਇਹ ਰੀਤ ਕਸਾਈਆਂ
ਅਸਰਬੁਰਾ ਲੈ ਜਾਂਦੀਆਂ, ਸਨ ਸੰਗਤਾਂ ਆਈਆਂ
"ਹਰਿਮੰਦਰ ਹਰਿ ਸਾਜਿਆ,ਗੁਰ ਤੁਕਾਂ ਭੁਲਾਈਆਂ
ਵੇਲੇ ਸਿੰਘ ਅਰੂੜ ਦੇ, ਸਨ ਧੁੰਮਾਂ ਪਾਈਆਂ
ਾਪਲੂਸ ਸਰਕਾਰ ਦਾ, ਕੀ ਕਰੇ ਕੁਦਾਂਈਆਂ
ਦੂਰ ਦੁਰਾਡੀ ਸੰਗਤਾਂ, ਸੁਣ ਹਾਲ ਕੰਬਾਈਆਂ

ਗੁਰੂ ਧਾਂਮ ਬਦਨਾਮ ਹੋ, ਮਚ ਰਹੀ ਦੁਹਾਈਆਂ
ਕਈ ਅਖ ਬਾਰਾਂ ਕਈ ਵੇਰ, ਸਨ ਸਭੇ ਲਿਖਾਈਆਂ
ਰੋ ੨ ਗੁਰੂ ਪਿਆਰਿਆਂ, ਤਦ ਬਿਨੇ ਸੁਨਾਈਆਂ
ਬਹੁੜ ਸਤਿਗੁਰੂ ਸਚੇ ਸਾਂਈਆਂ ॥ ੧੦ ॥

ਪਉੜੀ

ਬੁੰਗਾ ਸਿੰਘ ਰਣਜੀਤ ਦਾ, ਢਾਹ ਸਾਫ ਕਰਾਯਾ
ਘੰਟਾ ਘਰ ਤਿਸ ਥਾਨ ਤੇ, ਹੈ ਚੁਕ ਬਨਾਯਾ
ਇਕ ਲਾਂਭ ਤੇ ਪੁਲਸ ਦੀ; ਚੌਕੀ ਬਿਠਲਾਯਾ
ਇਟਾਂ ਫਰਸ਼ ਲਗਾਇਕੈ, ਮੈਦਾਨ ਛਡਾਯਾ
ਅੰਗ੍ਰੇਜਾਂ ਬਿਠਲਾਨ ਨੂੰ, ਏਹ ਥਾਨ ਰਖਾਯਾ
ਹਰਮੰਦਰ ਦੇ ਸਾਮਣੇ, ਆਨਰਥ ਕਮਾਯਾ
ਡਾਹ ਕੁਰਸੀਆਂ ਬੈਠਦੇ, ਸਭ ਅਦਬ ਗਵਾਯਾ
ਖਾਸ ਕਮੇਟੀ ਸ਼ਹਿਰ ਦੀ, ਹੈ ਜ਼ੁਲਮ ਰਚਾਯਾ
ਜਰਾ ਜਿੰਨਾਂ ਵੀ ਨਹੀ, ਪੰਥ ਤੋਂ ਖੌਫ ਰਖ ਯਾ
ਏਹ ਕੁਚਾਲਾਂ ਵੇਖ ਕੇ ਸਭ ਪੰਥ ਦੁਖਾਯਾ
ਸਿੰਘ ਸੋਚਦੇ ਰਹਿਣ ਉਪਾਯਾ ॥ ੧੧ ॥

ਪਉੜੀ

ਜਿਸ ਹਰਮੰਦਰ ਵਾਸਤੇ, ਸਿਖ ਕਰਨ ਕੁਰਬਾਨੀ
ਲਖਾਂ ਜਾਨਾ ਵਾਰਦੇ ਗੁਰ ਸਦਕੇ ਜਾਨੀ
ਬੰਦ ੨ ਕਟਵਾਵੰਦੇ ਵਡ ਜੋਧੇ ਗਿਆਨੀ

ਪਾਣੀ ਪਾ ਪਾ ਲਹੂ ਦਾ ਇਹ ਰਚਨਾ ਠਾਨੀ
ਹਰਮੰਦਰ ਦੀ ਉਚਤਾ ਜਗ ਵਿਚ ਪ੍ਰਗਟਾਨੀ
ਹਾ ਹਨ ਗਿਰਦੇ ਉਸ ਦੇ ਮਚ ਰਹੀ ਸ਼ਿਤਾਨੀ
ਕੌਨ ਸਹਾਰੇ ਸਿਖ ਜੋ ਗੁਰ ਮੰਦਰ ਹਾਨੀ
ਹਿਰਦੇ ਸਿਖ ਬਰੂਦ ਸਾ ਇਹ ਚਿੜੰਗ ਲਗਾਨੀ
ਵਿਚੇ ਵਿਚ ਹੀ ਧੁਖ ਰਹੀ ਰੂੰ ਅੱਗ ਮਹਾਨੀ
ਜਦ ਪ੍ਰਗਟੇ ਗੀ ਆਨਕੇ ਨਹੀ ਰੁਕੇ ਰੁਕਾਨੀ
ਜਦੋਂ ਅਕਾਲੀ ਲਹਿਰ ਉਠਾਨੀ ॥ ੧੨ ॥

ਪਉੜੀ

ਸੋਚਾਂ ਸਿਖ ਨਿਤ ਸੋਚਦੇ ਦਖ ਹਿਰਦਾ ਜਾਰਾ
ਹਥ ਪਿਆ ਸਰਕਾਰ ਦਾ ਨਹੀ ਚਲਦਾ ਚਾਰਾ
ਹੁਕਮ ਅਦੂਲੀ ਖਾਲਸੇ ਨਾਹੀ ਵਰਤਾਰਾ
ਪਹਿਲੇ ਦਿਨੋ ਸਦਾਵੰਦੇ ਫਰਮਾਂਬਰਦਾਰਾ
ਨਿਮਕ ਹਲਾਲੀ ਰਖਦੇ ਕਰ ਨਿਸਚਾ ਭਾਰਾ
ਹੁਣ ਨਹੀ ਟੁਕਣਾ ਰੋਕਿਆਂ ਚੜ ਗਿਆ ਪਾਰਾ
ਧਰਮ ਵਿਚ ਹਥ ਘਤਿਆ ਸਰਕਾਰ ਕਰਾਰਾ
ਨਿਮਕ ਹਲਾਲੀ ਵਡਸੀ ਏਹ ਤਿਖਾ ਆਰਾ
ਵੇਖ ਹੋਰ ਨੀ ਕਰਨ ਗੇ ਸਭ ਲੋਕ ਨਜਾਰਾ
ਇਕ ਦਿਨ ਪੜਦਾ ਪਾਟਣਾ ਜੋ ਢਕਿਆ ਸਾਰਾ
ਸਤਿਗੁਰ ਸਚਾ ਦਏ ਸਹਾਰਾ ॥ ੧੩ ॥

ਪਉੜੀ

ਦੂਜੇ ਪਾਸੇ ਵਰਤਦੀ ਜੋ ਦਸਾਂ ਗਾਇਬੀ
ਸਾਧ ਉਦਾਸੀ ਕਈ ਜੋ ਗੁਰਧਾਮ ਮਲਾਈ
ਬੈਠੇ ਮਾਲਕ ਹੋਇ ਕੈ ਡਰ ਪੰਥ ਨਸਾਈ
ਗੁਰਥਾਨ ਦੇ ਨਾਲ ਸੀ ਜੋ ਭੋਮਾਂ ਲਗਾਈ
ਹੋਰ ਜਗੀਤਾਂ ਲਗੀਆਂ ਜੋ ਮੁਢੋ ਆਈ
ਲਾਈਆਂ ਸੀ ਜੋ ਸੇਵਕਾਂ ਉਪਕਾਰ ਕਰਾਈ
ਏਵੇਂ ਪਈਆਂ ਜਾਂਦੀਆਂ ਕੰਮ ਸਰੇ ਨ ਕਾਈ
ਕਰਨ ਬੁਰਾਈਆਂ ਨਿਤ ਹੀ ਬਹੁ ਖੁਸ਼ੀ ਮਨਾਈ
ਕਈ ਜਮੀਨਾਂ ਵੇਚਦੇ ਘਰ ਰਹੇ ਬਨਾਈ
ਵਿਸ਼ਵਤ ਦੇ ੨ ਹਾਕਮਾਂ ਨਿਜ ਨਾਮ ਲਿਖਾਈ
ਗੁਰ ਥਾਨਾ ਦੀ ਸੁਰਤ ਭੁਲਾਈ ॥ ੧੪ ॥

ਪਉੜੀ

ਵਿਚ ਤਲਵੰਡੀ ਵੇਖੀਏ ਚਲ ਕੇ ਨਨਕਾਣਾ
ਗੁਰੂ ਨਾਨਕ ਦਾ ਜਾਣੀਏ ਹੈ ਜਨਮ ਸਥਾਨਾਂ
ਦੂਰੋਂ ੨ ਆਨ ਕੇ ਸਿਖ ਕਰ ਸਨਮਾਨਾ
ਤਨ ਮਨ ਧਨ ਗੁਰ ਨਾਮ ਤੋਂ ਕਰਦੇ ਕੁਰਬਾਨਾ
ਕਈ ਲਖ ਜਾਗੀਰ ਦਾ ਹੈ ਨਾਲ ਲਗਾਨਾ
ਦੁਸ਼ਟ ਨਰੈਣੂ ਉਸ ਥਾਂ ਮਾਹੰਤ ਟਿਕਾਣਾ
ਰਹਿੰਦਾ ਮਨਮੁਖ ਗੁਰੂ ਤੋਂ ਮਨ ਮਤੀ ਮਹਾਨਾ

ਲਖਾਂ ਪੈਸਾ ਚੜਤ ਦਾ ਕਰ ਰਿਹਾ ਵਿਰਾਨਾ
ਮਹਿਲ ਮਾੜੀਆਂ ਅਪਣੇ ਬਹੁ ਰਚੇ ਮਕਾਨਾ
ਗੁਰੂ ਥਾਨ ਦਾ ਰਤੀ ਨਾ ਹੈ ਉਦਮ ਠਾਨਾ
ਭਰਿਆ ਮਨ ਦੇ ਵਿਚ ਅਭਿਮਾਨਾ ॥ ੧੫ ॥

ਪਉੜੀ

ਹੋ ਮਹੰਤ ਗੁਰਥਾਨ ਦੇ ਕੀ ਕਿਰਤ ਕਮਾਈ
ਇਕ ਭੁਮਣੀ ਉਸ ਨੇ ਘਰ ਵਿਚ ਵਸਾਈ
ਵਿਸ਼ੇ ਪਰਾਇਨ ਹੋ ਰਿਹਾ ਸਭ ਬੁਧਿ ਨਸਾਈ
ਪੁਤ੍ਰ ਧੀਆਂ ਉਸ ਤੋਂ ਬੈਠਾ ਉਪਜਾਈ
ਨਾਮ ਉਨਾਂ ਦੇ ਲਾਵੰਦਾ ਸੀ ਵਿਰਸਾ ਭਾਈ
ਲਾਜ ਨ ਸਾਧੁ ਭੇਖ ਦੀ ਛੈੜੇ ਨੂੰ ਆਈ
ਪੀਏ ਸ਼ਰਾਬਾਂ ਨਿਤ ਹੀ ਬਨ ਰਿਹਾ ਸੁਦਾਈ
ਚੋਰ ਉਚਕੇ ਧਾੜਵੀ ਬਹੁ ਰਖੇ ਮਿਲਾਈ
ਖਾ ੨ ਪੈਸਾ ਮੁਫਤ ਦਾ ਕੀ ਹੁੰਦਾ ਜਾਈ
ਰੰਗ ਨ ਵੇਖੇ ਸਮੇਂ ਦਾ ਵਿਗੜੇ ਅਧਿਕਾਈ
ਵੈਖ ੨ ਰਹਿ ਸਿੰਘ ਦੁਖਾਈ ॥ ੧੬ ॥

ਪਉੜੀ

ਗਰੁ ਮੰਦਰ ਦੇ ਸਾਮਣੇ ਬਹਿ ਸਭਾ ਸਜਾਈ
ਪੀਏ ਸ਼ਰਾਬ ਨਚ ਵੰਦਾ ਰੰਡੀ ਮੰਗਵਾਈ
ਕਈਂ ਵੇਰ ਹੀ ਕੰਮ ਏਹ ਸੋ ਰਿਹਾ ਕਰਾਈ

ਕਈ ਧਾਤੁਰ ਆਏ ਜੋ ਦਰਸ਼ਨ ਚਿਤ ਲਾਏ ।
ਓਨ੍ਹਾਂ ਮਾਇਆਂ ਬੀਬੀਆਂ, ਇਸ਼ਨਤ ਉਤਰਾਈ ।
ਦਰਸ਼ਨ ਨੂੰ ਜੋ ਆਂਵਦੇ, ਸੰਗ ਸਿਖਾਂ ਭਾਈ ।
ਕਈ ਵੇਰ ਇਸ ਦੁਸ਼ਟਨੇ, ਬਹੁ ਹਾਰ ਮਚਾਈ ।
ਕਈ ਨਿਰਾਦਰ ਘਾਲਸੇ, ਬੈਠਾ ਅਕੜਾਈ ।
ਦੇਸ਼ ਬਦੇਸ਼ੀ ਖਿਹ ਗਈ, ਇਸਦੀ ਦੁਸ਼ਟਾਈ ।
ਥਰ ਥਰ ਲੋਕੀ ਕੰਬਦੇ, ਏਹ ਚਾਲ ਸੁਨਾਈ ।
ਸੋਚਨ ਵੇਲਾ ਕਦੋਂ ਲਭਾਈ ॥ ੧੭ ॥

ਪਉੜੀ

ਦਸ ਦੇ ਗਏ ਸਾਚਿਓ, ਜਿਉ ਦਿੱਤਾ ਦਾਨਾ ।
ਸਾਰੀ ਗਲ ਵਿਚਾਰਦਾ, ਜੋ ਪੁਰਖ ਸਿਆਨਾਂ ।
ਸਭ ਗੁਰ ਬਾਨੀ ਵਰਤਦਾ, ਏਹੋ ਹੀ ਭਾਨਾ ।
ਚਹਿਬਰ ਹੁੰਦਾ ਪੰਥ ਦਾ, ਗੁਰ ਥਾਨ ਟਿਕਾਨਾ ।
ਮਹੰਤ ਪੁਜਾਰੀ ਹੋਵੰਦਾ, ਸੀ ਆਗੂ ਜਾਨਾਂ ।
ਭੁਲੇ ਜਾਂਦੇ ਮੁਢ ਤੋਂ, ਕੋ ਕਰ ਸਮਝਾਨਾਂ ।
ਓਸਦਾ ਬੁਰਾ ਚਿਤਾਰਦੇ ਜਿਸਦਾ ਖਾ ਖਾਣਾ
ਓਹਨਾ ਨੂੰ ਰਬ ਕਾਲ ਦੇ ਰਾਜਾ ਤੇ ਰਾਣਾ
ਇਕੋ ਰੱਸਤੇ ਦੋਹਾਂ ਨੂੰ ਸੋ ਕਰੇ ਰਬਾਨਾ ।
ਹੋਸ਼ ਨ ਇਹਨਾਂ ਪਾਪੀਆਂ ਤਿਸ ਦੰਡ ਭੁਲਾਨਾ
ਰੋਈਏ ਤੰਦ ਕੀ ਉਰਝੇ ਤਾਨਾਂ ॥ ੧੮ ॥

ਪਉੜੀ

ਸਭਾ ਸੀ ਅਤੇ ਕਰਦੀਆਂ ਬੱਲੇ ਪਰਚਾਰੇ
ਧਰਮ ਉਨਤੀ ਵਾਸਤੇ, ਲਾ ਤੋੜ ਕਰਾਰਾ
ਬਾਂਹੀ ਰਾਜ ਵਧਾ ਦਹੀ ਲਖ ਮਿਟ ਚਾਰਾ
ਤਦ ਵੀ ਖੁਲਾ ਕਹਿਲ ਤੋਂ ਡਰ ਰਖਨ ਭਾਰਾ
ਬਲੀ ਦੀਵਾਨ ਸੁ ਖਾਲਸਾ ਮੰਗ ਚੀਜ ਦੁਰਾਰਾ
ਦਯੋ ਗੁਲਾਮੀ ਨਿਖਜਾ ਮੈਂ ਭੀ ਹਿਤ ਧਾਰੰ
ਏਹ ਏਜੰਟ ਸਰਕਾਰ ਦਾ ਸਭ ਕੋਹੰ ਪੁਕਾਰਾ
ਕਾਨਫ੍ਰੰਸ ਹਿਤ ਵਿਦਿਆ ਦਾ ਲਿਆ ਸਹਾਰਾ
ਨਿਯਮਾਂ ਦੇ ਵਿਚ ਰਖਿਆ ਪਖ ਗਲ ਦਵਾਰਾ
ਪਰ ਨਹੀ ਉਸਨੂੰ ਵਰਤਿਆ ਇਹ ਉਲਟਾ ਕਾਰਾ
ਰਖੇ ਵਰਜ ਤੁਪਜਾ ਸਾਰਾ ॥ ੧੯ ॥

ਪਉੜੀ

ਹੁਣ ਗਲਾਂ ਆ ਪੁਜੀਆਂ ਸਭ ਨੇੜੇ ਨੇੜੇ
ਕਦੇ ਨ ਹਟਦੇ ਗਜਦੇ ਸਿਖ ਸਿਦਕੀ ਜੇਹੜੇ
ਕਈ ਤਰਾਂ ਦੇ ਹੋਣ ਤੀ ਹੁਣ ਝਗੜੇ ਝੇੜੇ
ਨਾਲ ਦੀਵਾਨ ਸੁ ਏਸ ਦੇ, ਪੈ ਗਏ ਦੁਹੇੜੇ
ਹੁਨ ਨਹੀ ਤੁਰਨੇ ਏਸ ਦੇ ਏਹ ਪੁਨੇ ਰੋੜੇ
ਛੱਡ ਕਰੈ ਘਰ ਓਸ ਨੂ ਜਿਸ ਬੈਠੇ ਵੇਹੜੇ
ਰਲੇ ਰੌਬਲੇ ਮਿਟਨ ਰੌ ਹੋ ਜਾਣ ਨਬੇੜੇ

ਆਗੂ ਮੰਨੇ ਪੰਥ ਨੇ ਅਜ ਤੀਕੁਰ ਿਭਹੜੇ
ਏਹਨਾਂ ਨੇ ਕਦ ਲਾਵਣੇ ਹਨ ਬੰਨੇ ਬੇੜੇ
ਦੋ ਦਿਨ ਜੱਥਨ ਰਖਦੇ ਜੋ ਪੱਦ ਬਹੇੜੇ
ਪ ਮਾਮਲੇ ਸਤਿਗੁਰ ਛੇੜੇ ॥ ੨੦ ॥ ੩ ॥

ੴ ਸਤਿ ਗੁਰ ਪ੍ਰਸਾਦਿ ॥

# ਸਿੰਘਾਂ ਨੂੰ ਜਾਗ ਆਉਣੀ

ਦੋਹਿਰਾ

ਜਾਗ ਉਠਿਆ ਖਾਲਸਾ ਮਾਰੇ ਜਿਓਂ ਭੁਬਕਾਰ
ਬੰਧਨ ਸਾਰੇ ਤੋੜ ਕੇ ਗਜੇ ਰਣ ਵਿਚਕਾਰ ॥ ੧॥

ਪਉੜੀ

ਸਤਿਗੁਰ ਨੂੰ ਕਦ ਭਾਂਵਦੀ ਏਹ ਗਲਾਂ ਭਾਈ
ਗਿਰਦੇ ਗੁਰੂ ਅਸਥਾਨ ਦੇ ਮਨ ਮਤ ਵਧਾਈ

ਜਗਾ ਜਗਾ ਤੇ ਖਾਲਸੇ, ਹੁਨ ਸੋਝੀ ਆਈ
ਸਿੰਘ ਸਭਾਵਾਂ ਵਿਚ ਤਾਂ, ਇਹ ਗਲ ਤੁਰਾਹੀ
ਕਰ ਗੁਰਮਤੇ ਜਨਾਵੰਦੇ, ਸਰਕਾਰ ਸੁਨਾਈ
ਦੂਰ ੨ ਤੋਂ ਖਾਲਸੇ ਇਉਂ ਰਹੇ ਕਰਾਈ
ਅੰਮ੍ਰਿਤਸਰ ਦੇ ਗਿਰਦ ਜੋ, ਮਨ ਮਤ ਚਲਾਈ

ਪਦਰ ਪੂਜਾ ਹੋ ਰਹੀ, ਨਹਿ ਅਸਾਂ ਸੁਖਾਈ
ਨਾਲ ਜੋਰ ਦੇ ਆਖਦੇ, ਸਭ ਦਿਓ ਉਠਾਈ
ਵੇਖ ਜੋਰ ਹੁਣ ਖਾਲਸੇ, ਨਹੀ ਦੇਰ ਲਗਾਈ
ਤਾਂ ਸਰਕਾਰੀ ਹੁਕਮ ਚੜਾਈ ॥ ੨ ॥

ਪਉੜੀ

ਰੂੜ ਸਿੰਘ ਮਜਬੂਰ ਹੋਏ, ਇਹ ਆਪ ਕਰਾਵੈ
ਜੋ ਸੀ ਬ੍ਰਹਮਣ ਬੈਠਦੇ, ਸਭ ਤੁਰਤ ਬੁਲਾਵੈ
ਚੁਕੋ ਠਾਕਰ ਆਪਣੇ, ਤਾਂ ਹੁਕਮ ਸੁਨਾਵੈ
ਭਾਂਵੈ ਨਹੀ ਸੀ ਚਾਹੁੰਦਾ, ਇਹ ਕਿਤ ਕਮਾਵੈ
ਜੋਰ ਪੈ ਗਿਆ ਖਾਲਸੇ, ਨਹੀ ਰੋਕ ਸਕਾਵੈ
ਜਗਾ ੨ ਕੇ ਖਾਲਸਾ, ਸੁਨ ਖੁਸ਼ੀ ਮਨਾਵੈ
ਕਾਰਜ ਅਪਨੇ ਸਤਿਗੁਰੂ, ਸਭ ਆਪ ਨਿਭਾਵੈ
ਕੋ ਇਕ ਮੂਰਖ ਅਜੇ ਭੀ, ਰੋੜਾ ਅਟਕਾਵੈ
ਪਰ ਨ ਮੰਨੇ ਖਾਲਸਾ, ਲਖ ਜਤਨ ਬਨਾਵੈ
ਅੜੇ ਝੜੇਗਾ ਆਪ ਹੀ, ਮਟ ਮੂੰਹ ਦੀ ਖਾਵੈ
ਸਤਿਗੁਰ ਪਹਿਲੀ ਫਤੇ ਦੁਵਾਵੈ ॥ ੩ ॥

ਪਉੜੀ

ਅੱਖ ਖੁਲ੍ਹੀ ਹੁਨ ਪੰਥ ਦੀ, ਤਕੜੇ ਹੋ ਆਏ
ਸਿੰਘ ਮਿਦਾਨੇ ਨਿਤਰੇ, ਗੁਰ ਆਪ ਉਠਾਏ
ਘਰ ਅਪਨੇ ਦੀ ਸਾਂਭ ਨੂੰ, ਚਿਤ ਕਈਆਂ ਲਾਏ

ਤਕ ਆਸਰਾ ਗੁਰੂ ਦਾ, ਹੁਨ ਨੇਰ ਗਜਾਏ
ਮਨ ਮਤੀਏ ਵੀ ਔਕੜਾਂ, ਅੱਗੇ ਕਰਵੇ ਏ
ਕਾਬਲ ਵਿਚੋਂ ਫੈਸਲੇ, ਸਿੰਘਾਂ ਮੰਗਵਾਏ
ਪੇਸ਼ ਨ ਜਾਂਦੀ ਦੇਖੀਆਂ, ਮੂੰਹ ਭਾਰ ਗਿਰਾਏ
ਜਿਤ ਹੋ ਗਈ ਖਾਲਸੇ, ਗੁਰ ਜਸ ਵਰਤਾਏ
ਭਾਵੇਂ ਦੇਖੀ ਤੜਫਨ, ਹੋਸਨ ਅਧਿਕਾਏ
ਹੋਏ ਫੈਸਲੇ ਸਚ ਦੇ, ਲੋਕਾ ਦਰਸਾਏ
ਕਲਾ ਪੰਥ ਦੀ ਨਿਤ ਵਧ ਏ ॥ ੪ ॥

ਪੌਹੜੀ

ਲੋਕਾਂ ਵਿਚ ਪ੍ਰਸਿੱਧ ਹੈ, ਏਹ ਗਲ ਸੁਨਾਈ
ਪੁਤ ਲਾਡਲਾ ਮਾਂਪਿ...ਂ, ਕਾਲੇਕ ਲਗਾਈ
ਓੜਕ ਸੁਥਰਾ ਬਣੇ ਗਾ, ਘਰ ਬਾਹਰ ਲੁਟਾਈ
ਏਸੇ ਕਰ ਨਹੀ ਚਾਹੀਦਾ, ਬਹੁ ਲਾਡ ਸਦਾਈਂ
ਨੌਕਰ ਸ਼ਾਹੀ ਪੁਲਸ ਨੂੰ ਬਹੁ ਰਹੀ ਵਧਾਈ
ਕਈ ਤਰਾ ਕਰ ਓਸਦਾ, ਹੈ ਅੰਗ ਰਖਾਈ
ਲੋਕਾਂ ਨੂੰ ਹਥ ਪਾਵੰਦੀ, ਏਹ ਡਰੇ ਨ ਰਾਈ
ਰਾਹ ਜਾਂਦਿਆਂ ਰੋਕਦੀ, ਵਰਤੇ ਕਰੜਾਈ
ਜਦ ਕਦ ਏਹ ਸਰਕਾਰ ਨੂੰ, ਨੁਕਸਾਨ ਪੁਜਾਈ
ਨੌਕਰ ਸ਼ਾਹੀ ਏਸ ਤੇ, ਇਤਬਾਰ ਜਮਾਈ
ਸ਼ਕ ਸੁਬਹਾਨ ਰਖੇ ਕਾਈ ॥ ੫ ॥

ਪਉੜੀ

ਸਿੰਘ ਨਿਹਾਲ ਨਿੰਹੰਗਸਿੰਘਜੀ ਅੰਮ੍ਰਤਸਰਆਏ
ਪੰਜ ਸਿੰਘ ਸੰਗ ਹੋਰ ਸੀ, ਗੁਰ ਦਰਸਨ ਚਾਏ
ਸਨ ਕ੍ਰਿਪਾਨਾ ਤਖਦੇ, ਅਕਾਲੀ ਭਾਏ
ਭਗਤਾਂ ਢਾਲੇ ਬੁਜਦੇ, ਅਸਟੇਸਨ ਜਾਏ
ਕ੍ਰਿਪਾਨਾਂ ਨੂੰ ਵੇਖ ਕੇ, ਪੁਲਸੀ ਉਛਲਾਏ
ਗਛੀ ਵਿਚੋਂ ਕਢ ਕੇ, ਬੁਹਤੇ ਧਮਕਾਏ
ਕ੍ਰਿਪਾਨਾ ਖੋਹ ਲੈਨ ਨੂੰ, ਸਨ ਜੋਰ ਲਗਾਏ
ਏਹ ਨ ਅਗੋਂ ਸਿੰਘ ਭੀ, ਹਥ ਪੈਰ ਅੜਾਏ
ਉੜਕ ਛੜ ਕੇ ਪੁਲਿਸ ਨੇ, ਸੱਭ ਬੰਦ ਕਰਾਏ
ਛੋੜ ਛਿੜੀ ਇਹ ਨਵੀਂ ਹੋ, ਸਿਖਾਂ ਸੁਖਦਾਏ
ਕੈਸੇ ਸੁਤੇ ਦੁੰਬ ਜਗਾਏ ॥ ੬ ॥

ਪਉੜੀ

ਵਿਚ ਅਦਾਲਤ ਚਲਿਆ, ਏਹ ਕੇਸ ਅਪਾਰਾ
ਦਿਤਾ ਸਿੰਘਾਂ ਗਜ ਕੇ, ਇਜਹਾਰ ਕਰਾਰਾ
ਮਜ਼ਬੀ ਸਡਾ ਚਿੰਨ ਹੈ, ਨਹੀ ਸਕੈਂ ਉਤਾਰਾ
ਪੰਥ ਤਕਦਾ ਖੂਬ ਹੀ, ਏਹ ਅਜਬ ਨਜਾਰਾ
ਇਕ ਦੋ ਪਈਆਂ ਪੇਸ਼ੀਆਂ, ਹੋ ਗਿਆ ਨਿਤਾਰਾ
ਬਰੀ ਹੋਵੰਦੇ ਸਿੰਘ ਨੇ, ਮੁਖਫਤੇ ਉਚਾਰਾ
ਚਲ ਅਏ ਗੁਰ ਧਾਮ ਸੀ, ਕਰ ਦਰਸ ਪਿਯਾਰਾ

ਖਬਰ ਹੋਈ ਤਾਂ ਪੰਥ ਨੂੰ, ਹੁੰਦਾ ਹੁਲਿਆਰਾ
ਕਮਤ ਕਸ ਲਈ ਜੋਧਿਆ, ਪੂਰਾ ਪ੍ਰਣ ਧਾਰਾ
ਪੈਰ ਨ ਪਿਛੇ ਰਖਣਾ, ਰਖ ਨਿਸਚਾ ਭਾਰਾ
ਸਤਿਗੁਰ ਸਚਾ ਦਏ ਸਹਾਰਾ ॥ ੭ ॥

ਪਉੜੀ

ਜਗਾ ਜਗਾ ਤੇ ਖਾਲਸਾ, ਕ੍ਰਿਪਾਨ ਸਜਾਵੈ
ਵਿਚ ਦਿਵਾਨਾਂ ਰੋਜ ਹੀ, ਗੁਰਮਤੇ ਪਕਾਵੈ
ਹੈ ਕ੍ਰਿਪਾਨ ਸੁਧਰਮ ਦਾ, ਏਹ ਚਿੰਨ ਬਤਾਵੈ
ਕਈ ਤਰਾਂ ਹੀ ਏਸ ਦਾ, ਪਰਚਾਰ ਕਰਾਵੈ
ਲਹਿਰ ਤੁਰੀ ਵਿਚ ਖਾਲਸੇ, ਸਭ ਜੋਸ਼ ਦਿਖਾਵੈ
ਪੰਜੇ ਕੱਕੇ ਰਖਣੇ ਏਹ ਬਾਣੀ ਗਾਵੈ
ਹਰ ਇਕ ਦੇਹ ਚਿੰਤ ਤੋਂ ਓਮੰਗ ਉਠਾਵੈ
ਛੋਟੀ ਪਾ ਕ੍ਰਿਪਾਨ ਨੂੰ ਕੋ ਖੁਸ਼ੀ ਮਨਾਵੈ
ਕੋਈ ਫੁਟ ਦੋ ਫੁਟ ਦੀ ਲੈ ਕਮਰ ਸਜਾਵੈ
ਕਈ ਵਿਚਾਰੇ ਖੌਫ ਦੇ ਡਰ ਹੇਠ ਦਬਾਵੈ
ਛੋਟੀ ਕੰਘੇ ਨਾਲ ਰਖਾਵੈ ॥ ੮ ॥

ਪਉੜੀ

ਕਈ ਜਗਾ ਸਿੰਘਸਭਾ ਨੇ, ਇਹ ਗਲ ਪਕਾਈ
ਜਦ ਅੰਮ੍ਰਤ ਪਰਚਾਰ ਦਾ ਵੇਲਾ ਆ ਜਾਈ
ਅੰਮ੍ਰਤ ਉਸੇ ਛਕਾਉਣਾ. ਕ੍ਰਿਪਾਨ ਸਜਾਈ ।

ਜੋ ਲੰਮੀ ਕ੍ਰਿਪਾਨ ਨਾ ਗਲ ਵਿਚ ਲਟਕਾਈ
ਅੰਮ੍ਰਿਤ ਨਹੀ ਛਕਾਉਣਾ ਏਹ ਸਾਫ ਸੁਨਾਈ
ਕੰਘੇ ਦੀ ਕ੍ਰਿਪਾਨ ਨੂੰ ਸਭ ਰਹੇ ਹਟਾਈ।
ਪੈਰ ੨ ਤੇ ਜੋਸ਼ ਏਹ ਹੁਣ ਵਧਦਾ ਭਾਈ।
ਜੇ ਕੋ ਅਪਣੇ ਮਿਤ ਨੂੰ ਕਦ ਮਿਲਣੇ ਧਾਈ।
ਚੰਗੀ ਨਾਲ ਸੁਗਾਤ ਸੋ ਕ੍ਰਿਪਾਨ ਤਕਾਈ।
ਮਿਲਨੇ ਵੇਲੇ ਓਸ ਨੂੰ ਇਹ ਅਰਪੇ ਸਾਈ।
ਸਤਿਗੁਰ ਕੈਸੀ ਲਹਿਰ ਚਲਾਈ॥ ੯ ॥

ਪਉੜੀ

ਜਥੇ ਮੁਖੀ ਵਿਚ ਪੰਥ ਦੇ ਜੋ ਸਨ ਬਨਾਏ।
ਆਪੋ ਅਪਨੇ ਸਾਰਿਆਂ ਗੁਰਮਤੇ ਪਠਾਏ।
ਅਗੇ ਹੁਣ ਸਰਕਾਰ ਦੇ ਏਹ ਸਵਾਲ ਰਖਾਏ।
ਮਿਲੈ ਖੁਲ ਕ੍ਰਿਪਾਨ ਦੀ ਸਨ ਦਾਈਏ ਲਾਏ।
ਪਈਆਂ ਕਈ ਰੁਕਾਵਟਾਂ ਪਰ ਨਹੀ ਰੁਕਾਏ।
ਸੀ ਦੀਵਾਨ ਜੋ ਖਾਲਸਾ ਖੁਦ ਚੀਫ ਸਦ ਏ।
ਹੈ ਸੀ ਸੋ ਭੀ ਆਖਦਾ ਪਰ ਜੰਭ ਦਬਾਏ।
ਇਕ ਉਪਦੇਸਕ ਉਸ ਦਾ ਜਦ ਫੜਿਆ ਜਾਏ
ਜੁਮੇਵਾਰ ਨ ਆਪ ਨੂੰ ਇਹ ਸਾਫ ਜਨਾਏ।
ਛੇਤੀ ਏਸੇ ਹੇਤੁ ਨਾ ਸਰਕਾਰ ਮਨਾਏ।
ਤਿਓਂ ੨ ਸਿੰਘਾਂ ਜੋਸ਼ ਵਧਾਏ ॥ ੧੦ ॥

ਪਉੜੀ

ਨਿਕੇ ਵਡੇ ਜਥੇ ਨੇ ਨਹੀਂ ਛਿਲ ਕਰਾਈ।
ਨਾਲ ਜੋਰ ਦੇ ਸਾਰਿਆਂ ਇਹ ਮੰਗ ਮੰਗਾਈ।
ਚਿੰਨ੍ਹ ਧਰਮ ਦਾ ਅਸੀ ਇਹ ਕਿਉਂ ਛਡੇ ਭਾਈ।
ਸਾਡੇ ਵਡੇ ਏਸ ਹੇਤ, ਕਏ ਘਾਲ ਕਮਾਈ।
ਤਨਮਨ ਧਨ ਨੂੰ ਵਾਰਕੇ, ਗੁਰ ਦਾਤਿ ਮਿਲਾਈ।
ਜਦ ਬੈਠੇ ਗਾਲ ਸਤਿਗੁਰੂ, ਕਿਰਪਾਨ ਸਜਾਈ।
ਸਿੰਘਾਂ ਪੌਹਲੇ ਓਸਤੇ, ਗਲ ਅਪਣੇ ਪਾਈ।
ਏਹ ਕੀ ਸਤਿਗੁਰੂ ਆਪਣੇ, ਕਹਿ ਰੀਤ ਕਮਾਈ।
ਹੈਸੀ ਵਸਤੂ ਅਸਾਂ ਦੀ, ਇਸ ਨੂ ਬਖਸ਼ਾਈ।
ਹਸੇ ਸਤਿਗੁਰ ਵੇਖਕੇ, ਸਿੰਘਾਂ ਚਤਰਾਈ।
ਧੰਨ ਖਾਲਸਾ ਮੁੰਹੋਂ ਅਲਾਈ ॥ ੧੧ ॥

ਪਉੜੀ

ਲਖੀ ਜੰਗ ਸਤਿਗੁਰੂ, ਜਦ ਸਾਨ ਠਹਿਰਾਏ।
ਹੁਕਮ ਦਿਤੇ ਸ੍ਰੀ ਆਪਨੇ, ਏਹ ਵਜ ਵਜਾਏ।
ਲੁਟੇ ਜਾਕੇ ਖਾਲਸਾ, ਨਹੀਂ ਦੇਰ ਲਗਾਏ।
ਸਿਖ ਬਿਨਾਂ ਕ੍ਰਿਪਾਨ ਜੋ, ਤਨਖਾਹੀ ਸਦਾਏ।
ਧਨੀ ਪੋਠੋਹਾਰ ਦੇ, ਤਾਂ ਸੰਗਤ ਆਏ।
ਓਹ ਸਸ ਬਿਨ ਕ੍ਰਿਪਾਨਹੀ, ਗੁਰ ਦਰਸ ਨ ਜਾਏ।
ਜਥਾ ਗਿਆ ਇਕ ਖਾਲਸੇ, ਝਟ ਲੁਟ ਦੁੜਾਏ।

ਆਇਓ ਸੰਗਤ ਗੁਰੂ ਪਾਸ, ਫਰਿਆਦ ਕਰਾਏ ।
ਸਤਿਗੁਰ ਸਾਨੂੰ ਖਾਲਸਾ, ਕਿਉਂ ਲੁਟਲਿਆਏ।
ਕਹਿਰ ਵਰਤਿਆ ਅਸਾਂ ਤੇ ਕੀ ਕਹੀਏ ਜਾਏ ।
ਗੁਰ ਅਗੋਂ ਹਸ ਬੁਲਾਏ ॥ ੧੨ ॥

ਪਉੜੀ

ਸਾਰੀ ਵਸਤੁ ਮਿਲੇ ਗੀ, ਜੋ ਗਈ ਤੁਮਾਰੀ ।
ਏਹਇਕ ਸਿਖਜਾ ਦੇਣ ਨੂੰ, ਸੀ ਕਾਰ ਗੁਜ਼ਾਰੀ ।
ਸਿਖ ਨਾ ਸਿਖਾਂ ਲੁਟਦੇ, ਏਹ ਲਓ ਵਿਚਾਰੀ ।
ਕਿਉਂ ਕ੍ਰਿਪਾਨ ਨ ਤੁਸਾਂ ਨੇ, ਹੁਣ ਤੀਕਰ ਧਾਰੀ
ਸਿੰਘਾਂ ਬਰਲੇ ਸਦਾ ਹੀ, ਕ੍ਰਿਪਾਨ ਪਿਆਰੀ ।
ਮਿਲੀ ਤੁਸਾਂ ਦਾਤਿ ਏਹ, ਵਡ ਮੂਲ ਅਪਾਰੀ ।
ਹੈ ਕਮਜੋਰੀ ਤੁਸਾਂ ਦੀ, ਜੋ ਰਹੇ ਵਿਸਾਰੀ ।
ਗੁਰ ਚਰਨਾਂ ਤੇ ਸਾਰਆਂ, ਤਾਂ ਅਰਜ਼ ਗੁਜ਼ਾਰੀ
ਬਖਸ਼ੋ ਸਤਿਗੁਰ ਅਸਾਂਦੀ, ਭੁਲ ਪਾਛਲ ਸਾਰੀ
ਕ੍ਰਿਪਾ ਕਰਨ ਕਰਦਿਓ, ਅਗੋਂ ਬਲਿਕਾਰੀ ।
ਦੇ ਕ੍ਰਿਪਾਨਾਂ ਪਰ ਉਪਕਾਰੀ ॥ ੧੩ ॥

ਪਉੜੀ

ਸਤਿਗੁਰ ਸਚੇ ਪਾਤਿਸ਼ਾਹ, ਏਹ ਗਿਰਾ ਉਚਾਰੀ।
ਕਾਇਰਤਾ ਨੂੰ ਕਢ ਦਿਓ, ਹੋਕੇ ਬਲਕਾਰੀ ।
ਨਾਮ ਤੁਸਾਂ ਦਾ ਸਿੰਘ ਹੈ, ਸਿੰਘ ਖਸਲਤ ਧਾਰੀ।

ਫੜੋ ਹਥ ਕ੍ਰਿਪਨ ਨੂੰ, ਰਜੋ ਲਲਕਾਰੀ
ਮਾਰੋ ਵੈਰੀ ਧਰਮ ਦੇ, ਬਨਕੇ ਉਪਕਾਰੀ
ਧੀਰਜ ਰਖੋ ਸਦਾ ਹੀ, ਕਰਤਾਰ ਚਿਤਾਰੀ
ਰਾਖੇ ਦੋਕੇ ਧਰਮ ਦੇ, ਇੱਛਾ ਅਨੁਸਾਰੀ
ਗਊ ਗਰੀਬਾਂ ਰਖਣਾਂ, ਹਥ ਦਯਾ ਉਠਾਰੀ
ਕਹੋ ਨ ਕੌੜਾਂ ਕਿਸੇ ਨੂੰ, ਨਿਜ ਲਵੋ ਸਹਾਰੀ
ਸ਼ਾਂਤੀ ਹੈ ਵਰਤਾਵਨੀ, ਵਿਚ ਦੁਨੀਆਂ ਸਾਰੀ
ਇਹ ਸਿਖਾਂ ਦੀ ਖੂਬੀ ਭਾਰੀ ॥ ੧੪ ॥

ਪਉੜੀ

ਕਿਹਾ ਖਾਲਸੇ ਗੁਰੂ ਜੀ, ਇਹ ਅਰਜ਼ ਹਮਾਰੀ
ਕ੍ਰਿਪਾਨ ਧਰਮ ਜੋ ਸਿੰਘ ਦਾ, ਹੈ ਆਗਿਆ ਥਾਰ
ਬੰਦਾ ਮੋਨਾ ਹੋਨ ਦੇ, ਨਾਹੀ ਅਧਿਕਾਰੀ
ਸਿੰਘ ਸਜੇ ਤੇ ਦੇ ਦਿਓ, ਹਮ ਹੈਂ ਅਨੁਸਾਰੀ
ਨਹੀਂ ਤੇ ਸਾਡੀ ਚੀਜ਼ ਹੈ, ਸੋ ਲਈ ਸੰਭਾਰੀ
ਸਤਿਗੁਰ ਨੇ ਪ੍ਰਸੰਨ ਹੋਇ, ਫਿਰ ਕਿਹੋ ਪੁਕਾਰੀ
ਦੁਸਾਂ ਵੇਖਨੇ ਵਾਸਤੇ, ਏਹ ਕੀਤੀ ਕਾਰੀ
ਹੁਨ ਨਿਸਚਾਹੋ ਗਿਆ ਹੈ, ਸਿੰਘ ਜੋਧੇ ਭਾਰੀ
ਵਸਤ ਆਪਨੀ ਲੈਣ ਨੂੰ, ਹੋਏ ਬਲਿਕਾਰੀ
ਚੰਗੀ ਪੁਰਖ ਅਕਾਲ ਨ, ਹੈ ਕਿਰਪਾਧਾਰੀ
ਸਿੰਘ ਧਰਮ ਦੀ ਕਰ ਰਖਵਾਰੀ ॥ ੧੫ ॥

ਪਉੜੀ

ਓਸ ਰੋਜ਼ ਤੋਂ ਸਤਿਗੁਰੂ, ਕ੍ਰਿਪਾਨ ਫੜਾਈ ।
ਕੌਣ ਜੰਮਜਾਂ ਜਗਤ ਵਿਚ, ਜੋ ਸਕੈ ਛੁਡਾਈ ।
ਥੋੜੇ ਚਿਰ ਤੋਂ ਆਨ ਸੀ, ਰੁਤ ਹੋਰ ਫਿਰਾਈ।
ਸਿੰਘ ਸੂਰਮੇਂ ਏਸ ਨੂੰ; ਸਨ ਰਹੇ ਭੁਲਾਈ
ਛੋਟੀ ਛੋਟੀ ਕਿੰਘਆਂ ਵਿਚ ਰਹੀ ਰਖਾਈ।
ਨਹੀਂ ਸ੍ਰੀ ਗੁਰ ਨੂੰ ਭਾਵੰਦੀ, ਏਹ ਗਲ ਕਦਾਈ।
ਆਪੇ ਅਪਨੇ ਪੰਥ ਦੀ, ਕਰਦੇ ਤਕੜਾਈ ।
ਏਸੇ ਕਰਕੇ ਸਤਿਗੁਰੂ, ਇਹ ਛੇੜ ਛਿੜਾਈ।
ਹੋਏ ਸਿੰਘ ਦਿਲੇਰ ਨੇ, ਕ੍ਰਿਪਾਨ ਲਗਾਈ ।
ਛਡ ਗਲਾਂ ਸਰਕਾਰ ਵੀ, ਨਿਤ ਰਹੀ ਸੁਨਾਈ।
ਖਲ ਨ ਇਸਦੀ ਭਲਾ ਕਰਾਈ ॥ ੧੬ ॥

ਪਉੜੀ

ਕਈ ਜਗਾ ਤੇ ਪੁਲਸ ਨੇ, ਸਨ ਸਿੰਘ ਫੜਾਏ
ਵਿਚ ਇਦਾਲਤ ਜਾਇਕੇ, ਬਹੁ ਕੇਸ ਚਲਾਏ ।
ਕਰ ਜੁਰਮਾਨੇ ਉਨ੍ਹਾਂ ਨੂੰ, ਕਿਰਪਾਨ ਖੁਹਾਏ
ਕਈ ਤਰਾਂ ਦੀ ਸਖਤੀਆਂ ਸਿੰਘ ਰਹੇ ਝਲਾਏ।
ਪਰ ਨ ਪਾਸਾ ਮੋੜਿਆ ਪਗ ਅੱਗੇ ਪਾਏ।
ਧਰਮ ਚਿੰਨ ਹੈ ਅਸਾਂ ਦਾ ਨਹੀ ਛਡਿਆ ਜਾਏ।
ਦਿਨੇ ਰਾਤ ਸਰਕਾਰ ਨੂੰ ਗੁਰਮਤੇ ਪਠਾਏ ।

ਹਰਿ ਇਕ ਸਿਖ ਦੇ ਮੂੰਹ ਤੋਂ ਅਵਾਜ ਉਠਾਏ ।
ਖੁਲ ਕਰੇ ਕ੍ਰਿਪਾਨ ਦੀ ਸਰਕਾਰ ਕਹਾਏ ।
ਹਕਿਆਂ ਦੀ ਕੈਦ ਤੋਂ ਸੋ ਬਾਹਰ ਕਢਾਏ ।
ਸਿੰਘ ਰਹੈ ਸਭ ਮੰਗ ਮੰਗਾਏ ।। ੧੭ ।।

ਪਉੜੀ

ਸਾਰੇ ਹਿੰਦੁਸਤਾਨ ਦੇ ਵਿਚ ਧੁੰਮਾ ਪਾਈਆਂ ।
ਜਿਥੇ ਜਥੇ ਸਿੰਘ ਸੀ ਦੇ ਉਠੇ ਦੁਹਾਈਆਂ ।
ਕਿਉਂ ਸਾਡੀ ਕ੍ਰਿਪਾਨ ਤੇ ਹਨ ਕੈਦਾਂ ਲਾਈਆਂ
ਗੌਰਮਿੰਟ ਨੂੰ ਚਾਹੀਦਾ ਨ ਕਰੇ ਕੁਦਾਈਆਂ ।
ਏਹ ਕ੍ਰਿਪਾਨਾ ਗੁਰੂ ਨੇ ਸਾਨੂੰ ਪਕੜਾਈਆਂ ।
ਛਡਣ ਇਸ ਨੂੰ ਸਿੰਘ ਨਾ ਲਾ ਬੈਠੇ ਦਾਈਆਂ ।
ਧਰਮ ਪਾਲਣ ਖਾਲਸੇ ਇਹ ਸਚ ਸੁਣਾਈਆਂ ।
ਗੌਰਮਿੰਟ ਪਾਬੰਦੀਆਂ ਨਾਹਕ ਕਰਾਈਆਂ ।
ਸਿੰਘਾਂ ਕਦੇ ਨ ਮੰਨਣੀ ਗਲਾਂ ਅਨਿਜਾਈਆਂ ।
ਤਦ ਅਖਾਂ ਸਰਕਾਰ ਦੀ ਸਨ ਆਨ ਖੁਲਾਈਆਂ
ਵੈਸਰਾਇ ਕਈ ਸੋਚ ਦਨਾਈਆਂ ।। ੧੮ ।।

ਪਉੜੀ

ਵੈਸਰਾਇ ਨੇ ਸੋਚ ਕੇ ਐਲਾਨ ਕਢਾਏ
ਜੋ ਸੀ ਸਿੰਘਾਂ ਮੰਗਿਆ, ਪਰਵਾਨ ਕਰਾਏ ।
ਖੁਲ ਹੋਈ ਕ੍ਰਿਪਾਨ ਦੀ, ਏਹ ਸਾਫ ਲਿਖਾਏ ।

ਵੱਹੀ ਛੋਟੀ ਦੋਨ ਦਾ ਨਹੀ ਨਾਮ ਜਖਾਏ।
ਸਿੰਘ ਗੁਰੂ ਦਾ ਏਸ ਨੂੰ; ਏਸ਼ਕ ਸਜਾਏ ।
ਸਬ ਪਾਬੰਦੀ ਏਸ ਦੀ, ਹੁਨ ਦਈ ਹਟਾਏ।
ਵਿਚ ਅਖਬਾਰੋਂ ਨਿਕਲੀ, ਏਹ ਖਬਰ ਗਜਾਏ।
ਥਾਂਉ ਥਾਂਈ ਸਿੰਘਾਂ ਨੇ, ਸੁਨ ਹੁਕਰ ਮਨਾਏ ।
ਸਭ ਕ੍ਰਿਪਾਨਾ ਲਭਦੇ, ਜੋ ਕਿਤੋਂ ਲਭਾਏ ।
ਨਿਕੇ ਵੱਡੇ ਪਰਿਨ ਦੇ, ਹੈ ਗਏ ਸਵਾਏ।
ਕੈਸੇ ਸਤਿਗੁਰ ਢੰਗ ਬਨਾਏ ॥ ੧੯ ॥

ਪਉੜੀ

ਕਈ ਦੁਕਾਨਾਂ ਖੁਲੀਆਂ, ਕ੍ਰਿਪਾਨਾਂ ਵਾਲੀ ।
ਛਤੇ ਦੂਸਰੀ ਖਾਲਸੇ, ਏਹ ਲਈ ਸੁਖਾਲੀ ।
ਦੁਨ ਕ੍ਰਿਪਾਨ ਰਖਨ ਦੀ, ਹੈ ਸੁਰਤ ਸੰਭਾਲੀ ।
ਸੁਣ ਸੁਣ ਸਿਖਾਂ ਸਾਰਿਆਂ, ਚੜ ਜਾਂਦੀ ਲਾਲੀ।
ਬਾਗ ਪੰਥ ਦਾ ਆਪ ਹੈ, ਗੁਰ ਸਚਾ ਮਾਲੀ ।
ਕੋਈ ਸਿੰਘ ਨ ਰਹੇ ਗਾ, ਕ੍ਰਿਪਾਨੋਂ ਖਾਲੀ ।
ਇਹ ਕਮਜੋਰੀ ਪਈ ਸੀ, ਗੁਰ ਆਪ ਨਿਕਾਲੀ।
ਤਕੜੇ ਕੀਤਾ ਪੰਥ ਨੂੰ, ਦੇ ਸਿਖ ਨਿਰਾਲੀ।
ਨਵੇਂ ਸਿਰੇ ਤੋਂ ਹੋ ਗਏ, ਰਸ ਬੀਰ ਖਿਆਲੀ।
ਸਿੰਘ ਸੂਤ ਮੇਂ ਕਰਨ ਰੀ, ਹੁਨ ਹਥ ਕਮਾਲੀ ।
ਪ੍ਰਗਟ ਹੋਸਨ ਸਿੰਘ ਅਕਾਲੀ ॥ ੨੦ ॥ ੪ ॥

੧ ੴ ਸਤਿ ਗੁਰ ਪ੍ਰਸਾਦਿ ॥

# ਗੁਰਦ੍ਵਾਰਾ ਰਕਾਬ ਗੰਜ ਦੀ ਕੰਧ

ਦੋਹਰਾ

ਸਤਿਗੁਰ ਸਚੇ ਪ ਤਸ਼ਾਹ, ਕ੍ਰਿਪਾ ਕੀਤੀ ਫੇਰ ।
ਦਿੱਲੀ ਵਿਚ ਗੁਰਧਾਮ ਦੀ,ਢੱਠੀ ਕੰਦ ਹਨੇਰ।੧।

ਪਉੜੀ

ਗੌਰਮਿੰਟ ਅੰਗ੍ਰੇਜ ਨੇ, ਇਹ ਗ਼ਲ ਪਕਾਈ ।
ਤਖਤ ਸ਼ਾਹੀ ਨੂੰ ਥਦਲ ਕੇ, ਕਰਨੀ ਪਕਿਆਈ
ਆਵੈਗਾ ਕਲਕਤਿਓਂ, ਦਿੱਲੀ ਵਲ ਭਾਈ ।
ਤਖਤ ਹਿੰਦ ਦਾ ਏਸ ਥਾਂ, ਹੁਨ ਰਹੇ ਸਜਾਈ ।
ਸ਼ਾਹਨਸ਼ਾਹ ਚਲ ਆਵੰਦਾ,ਜਲਸਾ ਅਧਿਕਾਈ।
ਰਾਜੇ ਪਰਜਾ ਹਿੰਦ ਦੀ, ਆ ਜੁੜੇ ਸਬਾਈ ।
ਅਜਬ ਨਜਾਰਾ ਬਨ ਰਿਹਾ, ਬੇਅੰਤ ਲੁਕ ਈ।
ਸਾਰੇ ਹਿੰਦੁਸਤਾਨ ਦੇ, ਵਿਚ ਖਬਰ ਸੁਨਾਈ ।
ਸ਼ਾਹੀ ਤਖਤ ਸੁ ਹਿੰਦ ਦਾ, ਦਿਲੀ ਲਖ ਪਾਈ।
ਆਗਏ ਵੇਖਨ ਕਾਰਨੇ, ਸਭ ਖੁਸ਼ੀ ਮਨਾਈ ।
ਨਿਮਕ ਹਲਾਲੀ ਖੂਬ ਵਖਾਈ ॥ ੨ ॥

ਪਉੜੀ

ਪਤਾ ਨਹੀ ਕੀ ਹਾਕਮਾਂ, ਏਹ ਮਸਲੇ ਤਾੜੇ।
ਜਲਸੇ ਪਹਿਲਾਂ ਹੁਕਮ ਏਹ, ਸਭ ਥਾਈ ਚਾੜੇ।
ਕਈ ਦਰਜਨਾ ਪਿੰਡ ਸੀ, ਲਿਸੇ ਤੇ ਮਾੜੇ।
ਸ਼ਾਹੀ ਹੁਕਮ ਚੜਾਇ ਕੈ, ਇਕ ਟਕ ਉਜਾੜੇ।
ਭਾਂਵੇਂ ਦਿਤਾ ਮੁਲ ਵੀ, ਪਰ ਗਏ ਲਤਾੜੇ।
ਦੁਖੀ ਹੋਏ ਸਭ ਜੀਵ ਸੀ, ਜਿਨ ਪਏ ਪੁਵਾੜੇ।
ਸਾਹੀ ਵਾਲੇ ਬਾਰ ਵਿਚ, ਜਾ ਵਸੇ ਉਕਾੜੇ।
ਵਸਦੇ ਛੱਡੇ ਘਰ ਜਿੰਨਾਂ, ਪੈ ਰਹਿਨ ਉਜਾੜੇ।
ਪੇਸ਼ ਗਰੀਬਾਂ ਗਈ ਨਾ, ਕੀ ਕਰਨ ਦੁਖਾੜੇ।
ਮਾਰੇ ੨ ਫਿਰ ਰਹੇ, ਗਏ ਪੈਰ ਉਖਾੜੇ।
ਕੁਦਰਤ ਮੰਦੇ ਕਰੈ ਦਿਹਾੜੇ ॥ ੩ ॥

ਪਉੜੀ

ਚਾਰ ਮੀਲ ਤੇ ਦਿਲੀਓਂ ਇਕ ਗੁਰਦ੍ਵਾਰਾ।
ਕਹਿੰਦੇ ਰੰਜ ਤਕਾਬ ਨੇ, ਹੈ ਉਘਾ ਭਾਰਾ।
ਤੇਗ ਬਹਾਦਰ ਗੁਰੂ ਦਾ, ਧੜ ਜਹਿ ਸਸਕਾਰਾ।
ਦੂਰ ੨ ਤੋਂ ਸੰਗਤਾਂ, ਆ ਕਰਨ ਦਿਦਾਰਾ।
ਇਸ ਦੇ ਪਿੰਡ ਜਗੀਰ ਦੇ, ਅਏ ਵਿਚਕਾਰਾ।
ਲੈਕੇ ਮੁਲ ਸਰਕਾਰ ਨੇ, ਕਰ ਕਬਜ਼ਾ ਡਾਰਾ।
ਪਰ ਜੋ ਗੁਰ ਦੇ ਬਾਗ਼ ਦੀ, ਥਾਂ ਅਪਰ ਅਪਾਰ।

ਚਾਰ ਤਰਫ ਗੁਰਧਾਮ ਦੇ, ਜੋ ਬਨੀ ਦਿਵਾਹਾ।
ਹੈ ਗਿਰਦੇ ਤੇ ਬਨ ਰਹਾ, ਏਹ ਅਜਬ ਨਜਾਰਾ।
ਨੌਕਰ ਸ਼ਾਹੀ ਓਸ ਤੇ, ਜਾ ਹਥ ਪਸਾਰਾ।
ਹੁਣ ਛਿੜਿਆ ਏਹ ਵੱਡਾ ਕਾਰਾ॥ ੪॥

ਪਉੜੀ

ਦਫੜ ਬਨਿਆ ਹਿੰਦ ਦਾ, ਸੀ ਪੂਰਬ ਵੰਨੇ।
ਵੈਸਰਾਇ ਦਾ ਬੰਗਲਾ, ਵਲ ਦਖਣ ਮੰਨੇ।
ਨਾਲ ਕੰਧ ਗੁਰਧਾਮ ਦੇ, ਆ ਜੁੜਦੇ ਚੰਨੇ।
ਸੜਕਾਂ ਸਿਧੀਆਂ ਕਰਨ ਨੂੰ, ਚੁਕ ਦਾਈਏ ਬੰਨੇ।
ਕੰਧ ਗਿਰਾਈ ਬਾਗ ਦੀ, ਇਕ ਨੁਕਰ ਭੰਨੇ।
ਹਾਕਮ ਇਕ ਦੋ ਸਿਖ ਸੀ, ਪਰ ਅਕਲੋਂ ਅੰਨੇ।
ਪੂਰੇ ਜੀ ਹਜੂਰੀਏ, ਰੂੰ ਦਿਤੇ ਕੰਨੇ।
ਰੜੀ ਦੇਂਦਾ ਜਟ ਜਿਓਂ, ਨਹੀ ਦੇਵੇ ਗੰਨੇ।
ਏਹੋ ਮਸਾਲਾ ਵਰਤਨਾ ਹੋਈ ਗਲ ਕੁਵੰਨੇ।
ਪੁਰਖ ਸਿਅਨੇ ਸੋਚਦੇ, ਮੰਨੇ ਪ੍ਰਮੰਨੇ।
ਲੂਣ ਭੰਨਿਆਂ ਕਾਂਸੀ ਛੰਨੇ॥ ੫॥

ਪਉੜੀ

ਨੌਕਰ ਸ਼ਾਹੀ ਜਦੋਂ ਸੀ ਇਹ ਕੰਧ ਗਿਰਾਈ।
ਸਭ ਵਿਚ ਪੰਜਾਬ ਦੇ ਇਹ ਗਲ ਧੁਮਾਈ।
ਸੁਨ ਕੇ ਸਿੰਘਾਂ ਸਾਰਿਆਂ ਰਿੱਦ ਅੱਗ ਮਚਾਈ।

ਕੌਮੀ ਜੋਸ਼ ਬਰੂਦ ਨੂੰ ਇਹ ਚੜਿੰਗ ਲਗਾਈ।
ਬਹਤੇ ਚਿਤੋਂ ਤੜਫਦੇ ਕਈ ਰੌਲਾ ਪਾਈ।
ਹਿੰਮਤ ਵੜਨ ਮੈਦਾਨ ਦੀ ਕੋ ਦਖੇ ਨ ਭਾਈ।
ਝੋਲੀ ਚੁਕਾਂ ਪੰਥ ਦੇ, ਵਿਚ ਜੋਰ ਵਧਾਈ।
ਡਰਦਾ ਕੋਈ ਨ ਬੋਲਦਾ, ਰਹਿ ਚੁਪ ਵਟਾਈ।
ਝੋਲੀ ਝੁਕਾਂ ਭੈੜਿਆਂ, ਕੁਤੁਤ ਕਮਾਈ।
ਧੋਖਾ ਦੇ ਸਕਕਾਰ ਨੂੰ, ਏਹ ਛੋੜ ਛਿੜਾਈ।
ਸੁਤੀ ੨ ਕਲਹਿ ਜਗਾਈ ॥ ੬ ॥

ਪਉੜੀ

ਕਾਨਫ਼ੰਸ ਜੋ ਵਿਦਿਆ, ਸਿਖਾਂ ਦੀ ਭਾਈ।
ਸੋ ਭੀ ਚੀਫ ਦੀਵਾਨ ਦੇ ਕਬਜੇ ਵਿਚ ਆਈ।
ਕੰਮ ਚੰਗਾ ਇਕ ਜਾਨ ਕੇ, ਸਭ ਰਹੇ ਮਨਾਈ
ਵਿਦਿਆ ਦੇ ਪਟਚਾਰ ਦੀ, ਗਲ ਏਹ ਲਖਾਈ।
ਵਿਚ ਜਲੰਧਰ ਸ਼ੈਹਰ ਦੇ, ਹੋ ਨੀਯਤ ਪਾਈ।
ਕਈ ਹਜਾਰਾਂ ਖਾਲਸਾ, ਤਾਂ ਜੁੜਿਆ ਸਾਈ।
ਕੌਮੀ ਦਰਦ ਜੋ ਰਖਦੇ, ਸੋ ਰਹੇ ਤਕਾਈ।
ਪੇਸ਼ ਕਰਨ ਗੁਰਮਤੇ ਨੂੰ, ਰਹਿ ਸੋਚ ਦੜਾਈ।
ਝੋਲੀ ਝੁਕਾਂ ਦਬ ਦਬੇ, ਸਨ ਬਹੁਤ ਦਿਸਾਈ ॥
ਏਸੇ ਕਰ ਕੇ ਦਿਸਦੀ, ਭਾਰੀ ਕਠਨਾਈ ॥
ਪਰ ਹੁਨ ਨਹੀ ਸਹਾਰੀ ਜਾਈ ॥ ੭ ॥

ਪਉੜੀ

ਸਿੰਘ ਰੁਤੂ ਦਾ ਗਜਿਆ, ਹਰਿ ਚੰਦ ਮ੍ਰਿਗਆਰਾ
ਵਾਸੀ ਜੋ ਪੁਰ ਲੈਲ ਦਾ, ਉਘਾ ਸਰਦਾਰਾ ।
ਦਰਦ ਕੌਮ ਦਾ ਰਖਦਾ, ਸੀਨੇ ਵਿਚਕਾਰਾ ।
ਤਨ ਮਨ ਧਨ ਹਿਤ ਕੌਮ ਦੇ, ਦੈ ਵਾਰ ਪਿਆਰਾ ।
ਨਾਮ ਖਾਲਸਾ ਕਢਿਆ, ਜਿਸ ਨੇ ਅਖਬਾਰਾ ।
ਵਿਚ ਖਲੋਏ ਦੀਵਾਨ ਦੇ, ਕਰ ਉਚ ਪੁਕਾਰਾ ।
ਜੇ ਪਿਯਾਰਾ ਹੈ ਖਾਲਸਾ, ਕੁਝ ਗੁਰੂ ਦਵਾਰਾ ।
ਜਿਸਦੀ ਕੰਧ ਗਿਰਾਏ ਕੈ, ਵਰਤਾਇਆ ਕਾਰਾ ।
ਪਾਸ ਕਰੋ ਗੁਰਮਤੇ ਨੂੰ, ਲਾ ਜੋਰ ਕਰਾਰਾ ।
ਏਹ ਸਿੰਘਾਂ ਦੀ ਸ਼ਾਨ ਹੈ, ਹੈ ਵਟਾ ਭਾਰਾ ।
ਬੁਰਾ ਦਿਸਦਾ ਇਹ ਵਰਤਾਰਾ ॥ ੯ ॥

ਪਉੜੀ

ਜੋਰ ਪਾਇ ਸਰਕਾਰ ਤੇ, ਲੌ ਕੰਧ ਬਨਾਈ ।
ਭਾਂਵੇਂ ਸੀ ਸਰਦਾਰ ਨੇ, ਗਲ ਸਚੀ ਗਾਈ ।
ਦਿਲ ਅੰਦਰ ਗੁਰਧਮ ਦੀ, ਇਜਤ ਅਧਿਕਾਈ।
ਸਿਖ ਹਿਰਦਾ ਕਿਉਂ ਜਰ ਸਕੇ, ਏਹ ਵੇਖ ਬੁਰਾਈ
ਝੋਲੀਝੁਕਾਂ ਭੈੜਿਆਂ ਨਹੀ ਇਕ ਸੁਨਾਈ।
ਕਢੋ ੨ ਏਸ ਨੂੰ, ਚੁਕ ਡੰਡ ਮਚਾਈ ।
ਬਾਹਰ ਮੰਡਪੋਂ ਕਢਿਆ, ਧਕੇ ਮਰਵਾਈ ।

ਥੋੜੇ ਸਾਥੀ ਉਸ ਦੇ, ਉਠ ਸੰਗ ਸਧਾਈ।
ਪਰ ਦਿਨ ਸਿਖਾਂ ਬਹੁਤਿਆਂ, ਰਹੀ ਅਗਾਹੁ ਖਾਈ।
ਇਜਤ ਉਸ ਸਰਦਾਰ ਦੀ, ਦੂਣੀ ਚਮਕਾਈ।
ਝੋਲੀ ਚੁਕਾਂ ਲਾਜ ਨ ਆਈ ॥ ੯ ॥

ਪਉੜੀ

ਸਿਖ ਸਿਖਾਂ ਨੂੰ ਕਢਦੇ, ਸਾਚੇ ਦਰਬਾਰਾ।
ਭਿਠਾ ਵਿਚ ਇਤਹ ਸਦੇ, ਮੈਂ ਸੱਚ ਪੁਕਾਰਾਂ।
ਵੈਰੀ ਜੋ ਸ਼ਨ ਧਰਮ ਦੇ, ਏਹ ਕਰਦੇ ਕਰਾਂ।
ਧਰਮ ਕਰਮ ਤੋਂ ਰੋਕਦੇ' ਸਿੰਘਾਂ ਸਰਦਰਾਂ।
ਪਰ ਨਹੀ ਭਿਠਾ ਕਿਤੇ ਭੀ, ਜੋ ਕੀਆ ਮਕਾਰਾਂ।
ਹਾਏ ਖੁਸ਼ਾਮਦ ਛੈੜੀਏ, ਤਕ ਤੋਹਿ ਵਿਹਾਰਾਂ।
ਕਈ ਤਰਾਂ ਦੀ ਆਨ ਕੇ, ਚਿਤ ਫੁਰਨ ਵਿਚਾਰਾਂ।
ਚਾਪਲੂਸੀਆਂ ਕਰਨ ਦੇ, ਡੁਬ ਗਏ ਹਜਾਰਾਂ।
ਧਰਮ ਕਰਮ ਨੂੰ ਛਡਦੇ, ਬਨ ਕੇ ਗੁਨਾਗਾਰਾਂ।
ਛਡ ਦੇਹਿ ਪਿਛਾ ਘਾਲਸੇ, ਮੰਨ ਬਿਨੇ ਅਪਾਰਾਂ।
ਕੀ ਕੀ ਤੇਰੇ ਕੰਮ ਵਿਥਾਰਾਂ ॥ ੧੦ ॥

ਪਉੜੀ

ਕਿਥੇ ਨੇ ਸਿੰਘ ਸੂਰਮੇਂ, ਜਿੰਨਾਂ ਜਸ ਪਾਏ।
ਬੇਅਦਬੀ ਸੁਨ ਗੁਰਧਾਮ ਦੀ, ਜੋਧੇ ਉਛਲਾਏ।
ਸੁਖਾ ਸਿੰਘ ਮਤਾਬ ਦੋ, ਅੰਮ੍ਰਿਤਸਰ ਆਏ।

ਮਨੇ ਦਾ ਸਿਰ ਵੱਢ ਕੇ, ਸਿੰਘ ਫਤੇ ਗਜਾਏ।
ਗੁਰੂਧਾਮ ਗੁਰ ਪਿਜਾਰਿਆਂ, ਅਜਾਦ ਕਰਾਏ।
ਵਿਚ ਦੁਸ਼ਮਣਾ ਆਇਕੇ, ਓਹ,ਹਥ ਵਖਾਏ।
ਜਦ ਲੌ ਸੂਰਜ ਚੰਦ ਨੇ, ਸੋਭਾ ਅੰਧਕਾਏ।
ਕਿਥੇ ਝੋਲੀਚੁਕ ਏਹ, ਮਨਮੁਖ ਦਰਸਾਏ।
ਗੁਰੂ ਧਾਮ ਦੇ ਨਾਮ ਤੋਂ, ਭਾਂਵੇ ਤੜਫਾਏ।
ਸਿੰਘ ਗੁਰੂ ਦਾ ਕਢਿਆ, ਕੀ ਖੋਟ ਕਮਾਏ।
ਘੋਰ ਨਰਕ ਵਿਚ ਪੈਸਨ, ਜਾਏ ॥ ੧੧ ॥

ਪਉੜੀ

ਸਿਖਾਂ ਦੇ ਵਿਚ ਛਿੜ ਪਈ, ਏਹ ਧਰਮ ਲੜਾਈ
ਪਿਛੈ ਪੈਰ ਨ ਸਟਣਾ, ਅੱਗੇ ਨੂੰ ਜਾਈ ।
ਕੰਧ ਗਿਰੀ ਗੁਰ ਧਾਮ ਦੀ ਨਹੀ ਵੇਖ ਸਕਾਈ।
ਨਾਲ ਸਿੰਘ ਹਨ ਚੰਦ ਦੇ,ਰਲਦੇ ਅਧਿਕਾਈ ।
ਰਲ ਮਿਲ ਸੋਚਾਂ ਸੋਚਦੇ, ਕੀ ਕਰੀਏ ਭਾਈ ।
ਜਥਾ ਸਿੰਘ ਰਣ ਧੀਰਦਾ, ਇਕ ਰਿਹਾ ਬਨਾਈ।
ਓਨਾਂ ਹਿਤ ਕੁਰਬਾਨੀਆਂ, ਇਹ ਗਲ ਪਕਾਈ ।
ਜਾਂ ਤੇ ਕੰਧ ਬਨਾਵਣੀ ਹੈ, ਹਿੰਮਤ ਲਾਈ ।
ਨਹੀ ਤੇ ਪਏ ਸ਼ਹੀਦੀਆਂ, ਗੁਰ ਪੁਰੀ ਸਿਧਾਈ।
ਏਹੋ ਜਥੇ ਵਿਚਾਰਿਆ, ਗੁਰ ਓਟ ਤਕਾਈ ।
ਪਤਾ ਨਹੀ ਕੀ ਗੁਰ ਨੂੰ ਭਾਈ ॥ ੧੨ ॥

ਪਉੜੀ

ਝੋਲੀਚੁਕ ਖੁਸ਼ਾਮਦੀ, ਕੀ ਕਰਨ ਖੁਟਾਈਆਂ।
ਕਈ ਕੁਚਾਲਾਂ ਗੁਝੀਆਂ, ਕਰ ਰਹੇ ਕੁਦਾਈਆਂ
ਫਰਕ ਨ ਰਖਣ ਮਾਰਨੋਂ, ਇਹਕੌਮ ਫਿਦਾਈਆਂ
ਖੈਰਖਾਹ ਸਰਕਾਰ ਦੇ, ਬਨ ਦੇਣ ਦੁਹਾਈਆਂ।
ਕੰਧਰੋੜ ਸਰਕਾਰ ਨੇ, ਏਹ ਨੀਤਾਂ ਲਾਈਆਂ।
ਬਨੇ ਜ਼ਲਾਲਾ ਏਸ ਥਾਂ, ਏਹ ਹੈਨ ਜਨਾਈਆਂ।
ਰਾਜੀ ਸਾਰਾ ਪੰਥ ਹੈ, ਸਰਕਾਰ ਸੁਣਾਈਆਂ।
ਮੁਖੀ ਪੰਥ ਦੇ ਆਪ ਹੀ, ਬਨ ਧੁੰਮਾ ਪਾਈਆਂ।
ਪਾਸ ਜਾਏ ਸਰਕਾਰ ਦੇ, ਕਹਿ ਵਾਂਗ ਸੁਦਾਈਆਂ
ਡੈਪੂਟੇਸ਼ਨਾਂ ਨਾਲ ਵੀ, ਬਹੁ ਮਿੰਨਤਾਂ ਗਾਈਆਂ।
ਸਚੀ ਗਲਾਂ ਖਾਸ ਲੁਕਾਈਆਂ ॥ ੧੩ ॥

ਪਉੜੀ

ਏਹ ਕਮਜ਼ੋਰੀ ਆਪਣੀ, ਸਿਰ ਪੰਥ ਲਗਾਈ
ਨਾ ਸਚੀ ਸਰਕਾਰ ਨੂੰ, ਹੈ ਗਲ ਸੁਣਾਈ।
ਏਧਰ ਸਾਰੇ ਪੰਥ ਨੂੰ, ਕੁਝ ਹੋਰ ਜਨਾਈ।
ਅੰਦਰ ੨ ਭੰਨਦੇ, ਏਹ ਪਿੰਨੀ ਭਾਈ।
ਬਨ ਕੇ ਲੀਡਰ ਕੁਦਰਤੀ, ਰਹਿ ਭੜਥੂ ਪਾਈ।
ਭਾਂਵੇਂ ਮੰਨੇ ਪੰਥ ਨ, ਚੌਧਰ ਦਿਖਲਾਈ।
ਫੋਕਾ ਰੋਹਬ ਜਮਾਵੰਦੇ, ਵਿਚ ਪੰਥ ਸੁਦਾਈ।

ਕਦੋਂ ਮੰਨਦਾ ਖਾਲਸਾ, ਜੋ ਪਿਆ ਨਗਾਈ ।
ਪਏ ਬਾਜੀਆਂ ਬਹੁਤ ਹੀ, ਸੋ ਰਹੇ ਖਿਡਾਈ ।
ਪੇਸ਼ ਗਈ ਨ ਕੋਈ ਬੀ, ਰਹਿ ਬਹੁਤ ਖਪਾਈ ।
ਹੋਣੀ ਸੋਈ ਜੋ ਸਤਿਗੁਰ ਭਾਈ ॥ ੧੪ ॥

ਪਉੜੀ

ਵੇਲੇ ਏਸੇ ਛਿੜ ਪਿਆ, ਓਹ ਜੁਧ ਕਰਾਰਾ ।
ਜਰਮਨ ਪਿਆ ਫਰਾਂਸ ਤੇ, ਦੇ ਕੇ ਲਲਕਾਰਾ ।
ਬਿਲਜਮ ਨੂੰ ਫੇਹ ਸੁਟਿਆ, ਸੀ ਜਾਬਰ ਭਾਰਾ ।
ਸੀ ਫਰਾਂਸ ਅੰਗ੍ਰੇਜ ਦੇ, ਵਿਚ ਮਿਤਰ ਚਾਰਾ ।
ਨਾਲੇ ਰੂਸ ਤੇ ਇਟਲੀ, ਏਹ ਅਜਬ ਨਜਾਰਾ ।
ਅਸਟਰੀਆ ਤੇ ਰੂਮ ਨੇ, ਪਖ ਜਰਮਨ ਧਾਰਾ ।
ਮਹਾਂ ਭਾਰਥ ਏਹ ਮਚਿਆ, ਜਗ ਵਿਚ ਦੁਬਾਰਾ ।
ਸਾਰੀ ਦੁਨੀਆਂ ਹਲ ਚਲੀ, ਗਈ ਮੱਚ ਅਪਾਰਾ ।
ਹੁਨ ਅੰਗ੍ਰੇਜ਼ਾਂ ਵੇਖਿਆ, ਕੁਝ ਚਲੈ ਨ ਚਾਰਾ ।
ਵਡਾ ਹਿੰਦੁਸਤਾਨ ਦਾ, ਹੈ ਆਸਾਂ ਸਹਾਰਾ ।
ਰਾਜ ਨੀਤ ਦਾ ਢੰਗ ਵਿਚਾਰਾ ॥ ੧੫ ॥

ਪਉੜੀ

ਸਾਰੇ ਹਿੰਦ ਨੂੰ ਆਖਿਓ, ਏਹ ਬਿਨਤੀ ਗਾਈ ।
ਜਰਮਨ ਟੁਟਾ ਆਸਾਂ ਤੇ, ਜੋ ਵਡਾ ਕਸਾਈ ।
ਜੁਲਮ ਓਸਦੇ ਬਹੁਤ ਹੀ, ਸੋ ਰਹ ਬਤਾਈ ।

ਚਿਤ ਵਿੱਚ ਸੋ ਰਖਦਾ, ਹੈ ਦਯਾ ਨ ਰਾਈ।
ਯੂਰਪ ਦੇ ਵਿਚ ਉਸ ਨੇ, ਹੈ ਅੱਤ ਮਚਾਈ।
ਯੂਰਪ ਨੂੰ ਸੋ ਜਿਤ ਕੇ, ਫਿਰ ਕਰਸੀ ਧਾਈ।
ਆਕੇ ਦਬੇ ਹਿੰਦ ਨੂੰ, ਨਹੀ ਕਿਸੇ ਰੁਕਾਈ।
ਤਾਂਤੇ ਉਦਮ ਏਸ ਦਾ, ਲੌ ਰੁਨੇ ਕਟਾਈ।
ਰੋਕੋ ਅਗੋਂ ਚਲ ਕੇ, ਏਹ ਸਚ ਸੁਣਾਈ।
ਮਿਲਨ ਹਿੰਦ ਵਿੱਚ ਤੁਸਾਂਨੂੰ, ਹਕ ਬਹੁਤੇਭਾਈ।
ਏਸ ਵੇਲੇ ਜੋ ਲਵੋ ਬਚਾਈ ॥ ੧੬ ॥

ਪਉੜੀ

ਸਿਖਾਂ ਨੂੰ ਵੀ ਆਖਦੇ, ਅਫਸਰ ਸਰਕਾਰੀ।
ਸਿੰਘ ਸਦਾ ਹੀ ਅਸਾਂ ਦੇ, ਸੱਚੇ ਹਿਤ ਕਾਰੀ।
ਸੱਚੀ ਬ੍ਰਾਂਤ ਅੰਗਰੇਜ਼ ਦੀ, ਨਹੀ ਕੁਝ ਇਨਕਾਰੀ।
ਕਈ ਮੁਲਕ ਨੇ ਜਿੱਤਕੇ, ਕੀਤੇ ਅਨੁਸਾਰੀ ।
ਝੰਡਾ ਝੁਲੇ ਫਰੰਗੀਆਂ, ਵਿਚ ਦੁਨੀਆਂ ਸਾਰੀ
ਸਿਖਾਂ ਦੀ ਮਰਦਾਨਗੀ, ਹੈ ਪਰਗਟ ਭਾਰੀ।
ਏਹੋ ਜਿਹੀ ਫਲਾਹਣੀਆਂ, ਦੇ ਅਪਰ ਅਪਾਰੀ
ਕੀਤੇ ਕਾਬੂ ਸਿੰਘ ਵੀ, ਕਰ ਲੈਣ ਤਿਆਰੀ
ਭੁਖੇ ਕਈ ਮੁਰੱਬਿਆਂ, ਲਾਲਚ ਹੰਕਾਰੀ ।
ਲੀਡਰ ਬਨ ਕੇ ਕਰ ਮੁਖਤਾਰੀ ॥ ੧੭ ॥

ਪਉੜੀ

ਸਾਰੇ ਹਿੰਦੋ ਸਤਾਨ ਦੇ, ਵਿਚ ਲਹਰ ਚਲਾਈ।
ਹਿੰਦੂ ਮੁਸਲਮਾਨ ਵੀ' ਰਲ ਸਿਖ ਸਬਾਈ।
ਫਿਰ ਫਿਰ ਹੋਕੇ ਦੇਵੰਦੇ, ਪਿੰਡਾਂ ਵਿਚ ਜਾਈ।
ਵਿਚ ਜੰਗ ਦੇ ਝੋਕਦੇ, ਫੜ ਆਪਨੇ ਭਾਈ।
ਨਿਮਕ ਹਲਾਲੀ ਦਸਦੇ, ਧੋਖੇ ਗੁੜ ਖਾਈ।
ਤਨਮਨ ਧਨ ਸਭ ਵਾਰਦੇ, ਚਿਤ ਆਸ ਲਗਾਈ।
ਜੰਗ ਹਟਨ ਤੇ ਮਿਲੇਗਾ, ਸਾਨੂੰ ਸੁਖ ਕਾਈ।
ਫਰਕ ਨ ਮਾਸਾ ਰਖਦੇ, ਸਭ ਨੰਤ ਸਫਾਈ।
ਮਨ ਆਪਣੇ ਦੀ ਛਾਂਵਨਾ, ਦੂਈ ਵਲ ਤਕਾਈ।
ਇਸ ਗੱਲ ਦੀ ਹਾਕਮਾਂ, ਕੀਤੀ ਵਡਿਆਈ।
ਵਿਚ ਦਰਬਾਰਾਂ ਮੂੰਹ ਤੋਂ ਗਾਈ ॥ ੧੯ ॥

ਪਉੜੀ

ਸਿਖਾਂ ਨੀਤ ਵਿਚਾਰ ਕੇ, ਏਹ ਮਸਲਾ ਧਾਰਾ।
ਗੁਰਦਵਾਰੇ ਦਾ ਖਿਆਲ ਜੋ ਸਭ ਮਨੋ ਵਸਾਰਾ।
ਓਧਰ ਮੁਸਲਮਾਨ ਵੀ, 'ਏਹ ਫੜਨ ਸਹਾਰਾ।
ਓਨ੍ਹਾਂ ਖਾਸ ਫਰੰਗੀਆਂ, ਸੀ ਕਰ ਇਕਰਾਰਾ।
ਲਾਰਿਡ ਜਾਰਜ ਆਖਦਾ, ਏਹ ਖਾਸ ਪੁਕਾਰਾ।
ਮਜ਼ਬੂਤੀ ਥਾਨ ਤੁਸਾਡੜੇ, ਜੋ ਹੈਨ ਅਪਾਰਾ।
ਮੁਸਲਮਾਨ ਹੀ ਰਹਨਗੇ, ਓਨ੍ਹਾਂ ਹਕ ਦਾਰਾ।

ਸ਼ਾਹ ਰੂਮ ਦੇ ਹੋਨਗੇ, ਕਬਜੇ ਵਿਚਕਾਰਾ।
ਏਨ੍ਹਾਂ ਗਲਾਂ ਹੇਠ ਨੇ, ਫਸ ਗਏ ਇਕਸਾਰਾ।
ਇਕ ਦੂੰ ਇਕ ਲਗਾਂਵਦੇ ਬਲ ਬਹੁਤਾ ਭਾਰਾ।
ਓੜਕ ਨੂੰ ਸਭ ਸੁਕਾ ਲਾਹ।੧੯॥

ਪਉੜੀ

ਜੇ ਨ ਫੌਜਾਂ ਜਾਂਦੀਆਂ, ਸਭ ਹਿੰਦਸਤਾਨੀ।
ਯੂਰਪ ਅੰਦਰ ਮਚਦੇ, ਇਕ ਵੇਰ ਵਿਰਨ।
ਗਿਨਗਿਨ ਲੈਂਦਾ ਸਾਰਿਆਂ, ਜਾਲਮ ਬੁਲਵਾਨੀ।
ਬਿਲਜਮ ਪੈਰਸ ਸਭਦਾ ਨ ਕਿਤੇ ਨਸ਼ਾਨੀ।
ਨਾਹੀ ਆਕੜ ਦਸ ਦੇ, ਏਹ ਇੰਗਲਸਤਾਨੀ।
ਜੋ ਹੁਨ ਅੰਦਰ ਹਿੰਦ ਦੇ, ਕਰ ਰਹੇ ਸ਼ਤਾਨੀ।
ਸਿਧੇ ਹੁੰਦੇ ਤੀਰ ਏਹ, ਸਭ ਛੋਡ ਗੁਮਾਨੀ।
ਫੌਜਾਂ ਹਿੰਦੀ ਗੱਜੀਆਂ, ਜਾ ਵਿਚ ਮਦਾਨੀ।
ਜਾਨ ਤਲੀ ਤੇ ਰਖ ਕੇ, ਕਰਦੇ ਕੁਰਬਾਨੀ।
ਅਸ਼ ਅਸ਼ ਵੈਰੀ ਕਰ ਰਿਹਾ, ਤਕ ਜੁਧ ਮਹਾਨੀ।
ਨਹੀਂ ਫਰੰਗੀਆਂ ਇਕ ਥੀ ਜਾਨੀ ॥ ੨੦ ॥

ਪਉੜੀ

ਫੌਜਾਂ ਵਿਚ ਫਰਾਂਸ ਦੇ, ਜਦ ਸਾਨ ਪੁਜਾਈਆਂ।
ਓਸ ਵੇਲੇ ਸੀ ਜਰਮਨਾਂ, ਓਹ ਧੁਮਾ ਪਾਈਆਂ।
ਇਕ ਦਿਨ ਜੇ ਨ ਪੁਜਦੇ, ਤਦ ਹੋਨ ਕੁਦਾਈਆਂ।

ਹੁੰਦੀ ਖੁਸ਼ੀ ਫ਼ਰਾਂਸ ਨੂੰ, ਫੌਜਾਂ ਦਰਸਾਂਈਆਂ।
ਲੈ ਲੈ ਨਜ਼ਰਾਂ ਲੋਭੀਆਂ, ਅਰੀਂ ਚਲ ਆਈਆਂ।
ਘੁ ਵਿਚ ਲੈਲੈ ਹਿੰਦੀਆਂ, ਕੁਝ ਸ਼ੀ ਸਿਧਾਈਆਂ।
ਹਥੀਂ ਸੇਵਾ ਕਰਦੀਆਂ, ਹੋ ਘੋਲ ਘੁਮਾਈਆਂ।
ਧੰਨ ਤਸਾਂ ਦੇ ਪਿਤਾ ਨੇ, ਵਡ ਭਾਗਣ ਮਾਂਈਆਂ।
ਮਦਦ ਸਾਡੀ ਵਾਸਤੇ, ਆ ਕਰੋ ਲੜਾਈਆਂ।
ਜਾਨ ਮੰਗੋ ਤੇ ਦੇਂਦਿਆਂ, ਨਹੀ ਕਦੇ ਲੁਕਾਈਆਂ।
ਦਿੰਦ ਵਾਸਿਓ ਧਨ ਕਮਾਇਆਂ ॥ ੨੧ ॥

ਪਉੜੀ

ਤੀਵੀਂ ਮਰਦ ਫਰਾਂਸ ਦੇ, ਏਹ ਰਹੇ ਕਰਾਏ।
ਸਾਰੇ ਹਿੰਦ ਸਤਾਨ ਆਂ, ਬਹੁ ਮਾਨ ਦੁਵਾਏ।
ਵਿਚ ਘਰਾਂ ਲੈ ਜਾਇਕੈ, ਏਹ ਬਚਨ ਸੁਨਾਏ।
ਹੈ ਘਰ ਬਾਰ ਸੁ ਆਪਦਾ, ਨਹੀ ਸੰਕਾ ਲਾਏ
ਜੋ ਮੰਗੋ ਸੁ ਦਿਆਂ ਗੇ, ਨਹੀ ਉਜਰ ਬਨਾਏ।
ਸੁ ਦੇ ਜਦ ਅੰਗ੍ਰੇਜ਼ ਨੇ, ਡਾਢੇ ਘਬਰਾਏ।
ਤਦ ਹੀ ਵਿਚ ਫਰਾਂਸ ਦੇ, ਹੋਕੇ ਫਿਰਵਾਏ।
ਕਿਉਂ ਤੁਮ ਇਜ਼ਤ ਹਿੰਦੀਆ, ਨਾਹਕ ਵਧਾਏ।
ਏਹ ਹਨ ਕਲੀ ਅਸਾਂ ਦੇ, ਕਿਉਂ ਸਿਰ ਤੇ ਚਾਏ।
ਕਿਹਾ ਨ ਓਨਾਂ ਮੰਨਿਆਂ, ਰਹਿ ਠੁਠ ਚੁਮਾਏ।
ਹਿੰਦੁਸਤਾਨੀ ਮੰਗਲ ਗਾਏ ॥ ੨੨ ॥

ਪਉੜੀ

ਜਦ ਫੌਜਾਂ ਦੇ ਵਿਚਸੀ, ਗਲ ਪੁਜੀ ਸਾਰੇ
ਹਿੰਦੂ ਮੁਸਲਮਾਨ ਮਿਲ, ਤੇ ਸਿੰਘ ਸਰਦਾਰੇ
ਕਈ ਗਿਨਤੀਆਂ ਗਿਣ ਰਹੇ, ਕਰ ਸੋਚ ਵਿਚਾਰੇ
ਕੈਸੇ ਕਰਦੇ ਕਦਰ ਨੇ, ਅੰਗਰੇਜ਼ ਸਵਾਰੇ।
ਸਾਨੂੰ ਕੁਲੀ ਦਸਦੇ, ਕਰਮਾਂ ਦੇ ਮਾਰੇ
ਧ੍ਰਿਗ ਅਸਾਡਾ ਜੀਵਣਾ, ਬਨ ਰਹੇ ਨਿਕਾਰੇ
ਵੇਚ ਅਜ਼ਾਦੀ ਆਪਣੀ, ਹੋ ਰਹੇ ਖੁਵਾਰੇ॥
ਵਿਚ ਗੁਲਾਮੀ ਕਟਦੇ, ਹਾਂ ਬੁਰੇ ਦਿਹਾਰੇ
ਕਈ ਸ਼ਿਆਨੇ ਸੋਚਦੇ, ਮਨ ਕੰਘੀ ਮਾਰੇ।
ਕਹਿੰਦੇ ਗਲ ਨ ਬਨੇ ਗੀ, ਜੇ ਧਰਮੋਂ ਹਾਰੇ।
ਵਡਾ ਦਾਰੀਆਂ ਹੁਨ ਦਰਕਾਰੇ ॥ ੨੬ ॥

ਪਉੜੀ

ਸੀ ਗਲ ਸਾਰੇ ਹਿੰਦੀਆਂ, ਲਗੀ ਦੁਖ ਦਾਈ।
ਸੜਦੇ ਹਿਰਦੇ ਸੁਨਦਿਆਂ, ਕਰ ਧੀਰਜ ਭਾਈ।
ਨਿਮੱਕ ਹਲਾਲੀ ਆਪਨੀ, ਨਹੀ ਛਡੀ ਰਾਈ।
ਲੜਦੇ ਵਿਚ ਮੈਦਾਨ ਦੇ, ਮਨ ਚਾਉ ਉਠਾਈ।
ਭੇਤ ਲਏ ਅੰਗ੍ਰੇਜ਼ ਵੀ, ਤਦ ਚੇ ਪਛਤਾਈ।
ਏਹ ਕੀਤੀ ਕੀ ਅਸਾਂ ਨੇ, ਸੀ ਮੂਰਖ ਤਾਈਂ
ਨਿਮਕ ਹਲਾਲੀ ਦੁਧ ਦੇ, ਵਿਚ ਕਾਂਜੀ ਪਾਈ।

ਖੁਸ਼ੀ ਕਰਨ ਨੂੰ ਹਿੰਦੀਆਂ, ਫਿਰ ਕਹੈ ਸੁਨਾਈ
ਗਲਤੀ ਕੀਤੀ ਕਿਸੇ ਨੇ, ਏਹ ਗਲ ਪੁਗਾਈ
ਅਸੀ ਤੁਮਾਂ ਨੂੰ ਸਮਝਦੇ, ਹਾਂ ਸਕੇ ਸੁਭਾਈ
ਸੰਕਾ ਦੇਣਾ ਦੂਰ ਨ ਪਾਈ ॥ ੨੪ ।'

ਪਉੜੀ

ਫੌਜਾਂ ਨੇ ਤਾਂ ਸਾਰੀਆਂ, ਮਨ ਨਹੀਂ ਭੁਲਾਏ
ਵਿਚ ਜੰਗ ਦੇ ਵੈਰੀਆਂ, ਹਥ ਓਹ ਦਿਖਾਏ
ਨਕਾਂ ਰਸਤੇ ਓਨਾਂ ਨੂੰ, ਸਨ ਚਨੇ ਚਬਾਏ
ਨਾਮ ਹਿੰਦ ਦੇ ਜੋਧਿਆਂ, ਨਹੀਂ ਵਟੇ ਲਾਏ ।
ਹਿੰਦਸਤਾਨੀ ਸੂਰਮੇਂ, ਰਣ ਬਹੁਤ ਖਪਾਏ ।
ਘਾਂਈਆਂ ਪਿੰਡ ਪਤਾਲੀਓ, ਲੋਕੀ ਦਰਸਾਏ
ਜਿਉ ਜਿਉ ਅੰਤ ਲੜਾਈ ਦਾ ਹੁਨ ਨੇੜ ਢੁਕਾਏ
ਤਿਉ ੨ ਅੱਖ ਫਰੰਗੀਆਂ, ਹੁਨ ਫਿਰਦੀ ਜਾਏ
ਕਈ ਸਿਆਨੇ ਸੋਚਦੇ, ਏਹ ਰੰਗ ਤਕਾਏ ।
ਪਤਾ ਨਹੀਂ ਕੀ ਅਗੇ ਆਏ ॥ ੨੫ ॥

ਪਉੜੀ

ਜਿਉ ਤਿਉ ਕਰਕੇ ਮੁੱਕਿਆ, ਇਹ ਜੰਗ ਕਰਾਰਾ
ਦਸਨ ਦੀ ਕੀ ਲੋੜ ਹੈ, ਜਗ ਜਾਵੇ ਸਾਰਾ ।
ਫੌਜਾਂ ਮੁੜਕੇ ਆਈਆ, ਕਈ ਦੇਸ ਮਝਾਰਾ ।
ਅਸ ਲਗੀ ਹੁਨ ਹਿੰਦੀਆਂ, ਚਿਤ ਏਹਸਹਾਰਾ।

ਵਹਿਦੇ ਪੂਰੇ ਹੋਨਗੇ, ਕਰ ਸੋਚ ਵਿਚਾਰਾ।
ਜਲਸੇ ਹੋਂਦੇ ਖੁਸ਼ੀ ਦੇ, ਵਡ ਮੰਗਲ ਚਾਰਾ।
ਜੋ ਹੋਂਦੀ ਅੰਗ੍ਰੇਜ਼ ਦੀ, ਇਹ ਖੂਬ ਨਜ਼ਾਰਾ।
ਝਿਲਾਂ ਅੰਬਰ ਭੋਂਦੀਆਂ, ਸੋ ਕਹਿਨ ਪੁਕਾਰ।
ਤੋਲ ਨ ਇਨ੍ਹਾਂ ਤਿਲਾਂ ਤੋਂ, ਹੈ ਕਿਸੇ ਨਿਕਾਰਾ।
ਕੀ ਹੁਨ ਅਗੇ ਵੇਖਣਾ, ਹੁੰਦਾ ਵਰਤਾਰਾ।
ਹਿੰਦੁਸਤਾਨ ਸਬਕ ਲੈ ਭਾਲਾ ॥ ੨੬ ॥ ਪ ॥

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਨਾਨਕ ਜਹਾਜ

ਦੋਹਰਾ

ਜਾਵੈ ਜਿਵੈ ਬਿਦੇਸੀ ਨੂੰ, ਗੁਰੂ ਨਾਨਕ ਜਹਾਜ
ਆਵੈ ਮੁੜ ਕੇ ਹੋਇ ਜਿਉ, ਖੋਹਲ ਸਨਾਵਾਂ ਰਾਜ਼ ॥੧॥

ਪਉੜੀ

ਹਿੰਦਸਤਾਨੀ ਆਦਮੀ, ਚਲ ਜਾਂਦੇ ਦੂਰੀ।
ਅਮ੍ਰੀਕਾ ਅਫਰੀਕਿਓਂ, ਕੈਨੇਡਾ ਤੂਰੀ ।
ਜਿਥੇ ਚੰਗੀ ਲਭਦੀ, ਹੈ ਖਾਸ ਮਜੂਰੀ।
ਹਿੰਦੂ ਮੁਸਲਮਾਨ ਦੇ, ਮਨ ਮਨਸਾ ਭੂਰੀ।
ਕਿਵੇਂ ਗਰੀਬੀ ਅਸਾਂ ਦੀ, ਹੋ ਜਾਵੇ ਪੂਰੀ।

ਵਿਚ ਕੈਨੇਡਾਂ ਵੜਨ ਦੀ, ਵੱਡੀ ਮਜਬੂਰੀ।
ਚਿਟੇ ਚਮੜੇ ਰੋਕਦੇ, ਡਾਢੇ ਮਗਰੂਰੀ।
ਆਖਨ ਸਾਡੇ ਵਾਸਤੇ, ਹੈ ਹੁਕਮ ਹਜ਼ੂਰੀ।
ਹਿੰਦੀ ਬੰਦੇ ਖਾਕਦੇ, ਹਨ ਗੋਰੇ ਨੂਰੀ।
ਏਥੇ ਵੜਨ ਨ ਦਿਆਂਗੇ, ਕੀਤੀ ਮਸ਼ਹੂਰੀ।
ਹਿੰਦ ਲੜੇਗਾ ਸੰਗ ਦਸਤੂਰੀ ॥ ੨ ॥

ਪਉੜੀ

ਦੁਖ ਤਸੀਹੇ ਝਲਕੇ, ਹਿੰਦੀ ਸਮਦਾਈ।
ਮਸਾਂ ਮਸਾਂ ਸੀ ਓਨ੍ਹਾਂ ਨੇ, ਏਹ ਗਲ ਮਨਾਈ।
ਸਿਧਾ ਆਵੈ ਹਿੰਦ ਤੋਂ, ਬੇੜਾ ਜੇ ਕਾਈ।
ਉਸਦੇ ਉਤੇ ਬੈਠ ਕੇ, ਜੇ ਹਿੰਦੀ ਆਈ।
ਕਰੈ ਮਜ਼ੂਰੀ ਆਨ ਕੇ, ਹੈ ਸਚੀ ਗਾਈ।
ਸਿਧਾ ਟਿਕਟ ਨ ਹਿੰਦ ਤੋਂ, ਸੀ ਮਿਲਦਾ ਭਾਈ
ਜਾਂਦਾ ਕੋਈ ਜਹਾਜ ਨ, ਔਕੜ ਦਰਸਾਈ।
ਨਾਲ ਤਰੀਕੇ ਹਿੰਦੀਆਂ, ਦਿਤਾ ਅਟਿਕਾਈ।
ਓਨਾਂ ਨੇ ਚਿਤ ਆਪਣੇ, ਗਲ ਹੋਰ ਪਕਾਈ।
ਏਧਰ ਸਚੇ ਪਾਤਸ਼ਾਹ; ਚੁਕ ਹੋਰ ਬਨਾਈ।
ਝੂਠ ਸਚ ਲੈਣਾ ਬਖਸ਼ਾਈ ॥ ੩ ॥

ਪਉੜੀ

ਸ੍ਰੀ ਮਾਨ ਗੁਰਦਿਤ ਸਿੰਘ; ਬਾਬਾ ਉਪਕਾਰੀ।

ਵਾਸੀ ਮਾਝੇ ਦੇਸ ਦਾ, ਕੌਮੀ ਹਿਤਕਾਰੀ।
ਕਰਦਾ ਸੀ ਵਿਚ ਟਾਪੂਆਂ, ਸੋ ਕਾਰ ਰੁਜ਼ਾਰੀ।
ਘਤੀ ਕੈਨੇਡਾ ਵਾਲਿਆਂ, ਇਹ ਰੁੰਝਲ ਭਾਰੀ।
ਗਲ ਨ ਰ ਹਿੰਦੀ ਹਿੰਦੀਆਂ, ਤਕ ਲਚਾਰੀ।
ਇਸ ਔਕੜ ਨੂੰ ਤੋੜਨਾ, ਹੈ ਹਿੰਮਤ ਧਾਰੀ
ਨਜਰ ਚੁਫੇਰੇ ਮ ਰਦ, ਕਰਕੇ ਹੁਸ਼ਿ ਾਰੀ।
ਹਿੰਦੀ ਤੋੜ ਪੂਜਾ ਨ ਦੀ, ਇਹ ਜੁਗਤ ਵਿਚਾਰੀ॥
ਰਖ ਆਸਰਾ ਗੁਰੂ ਦਾ, ਕਰ ਦਏ ਤਿਆਰੀ
ਸਤਿਗੁਰ ਾ ਚਾ ਘਾਰ ਉਤਾਰੀ ॥ ੪ ॥

ਪਉੜੀ

ਅਰੋ ਓਥੇ ਗਏ ਸੀ, ਜੋ ਹਿੰਦੀ ਸਾਰੇ।
ਕਈ ਚਿਰਾਂ ਤੋਂ ਕਰ ਰਹੇ, ਸਨ ਕਾਰ ਵਿਹਾਰੇ।
ਚੰਗੇ ਪੈਸੇ ਖਟ ਕੇ, ਹੋ ਰਹੇ ਸੁਖਾਰੇ।
ਚਿਤ ਉਨ੍ਹਾਂ ਦੇ ਭਾਵਨਾਂ, ਇਹ ਠਾਠਾਂ ਮਾਰੇ।
ਆਵਨ ਵੀਰ ਅਸਾਡੜੇ, ਜੋ ਹੋਰ ਪਜਾਰੇ।
ਪਥਰ ਅਰੋ ਗੋਰਿਆਂ, ਹਨ ਡਾਢੇ ਡਾਰੇ।
ਇਸ ਕਰ ਪੇਸ਼ ਨ ਜ ਵੰਦੀ, ਕੀ ਕਰਨ ਵਿਚਾਰੇ
ਰਲ ਮਿਲ ਕਰਨ ਕਮੇਟੀਆਂ, ਲਭੋ ਉਪਚਾਰੇ।
ਏਧਰ ਬਾਵ ਹੁਰਾਂ ਨੂੰ, ਸੀ ਫਿਕਰ ਅਪਾਰੇ।
ਕਾਜ ਸਿਰੇ ਚੜ੍ਹਾਨਗੇ, ਰਲ ਹਿੰਮਤ ਧਾਰੇ।

ਹਿੰਦ ਨਿਵਾਸੀ ਗੁਰੂ ਦੁਲਾਰੇ ॥ ੬ ॥

ਪਉੜੀ

ਸ੍ਰੀ ਮਾਨ ਗੁਰਦਿਤ ਸਿੰਘ, ਜੀ ਕਰਮ ਕਮਾਏ ।
ਵਲ ਕੈਨੇਡਾ ਖਾਲਸੇ, ਪੱਤਰ ਭਿਜਵਾਏ ।
ਹਿੰਦੂ ਮੁਸਲਮਾਨ ਵੀ, ਸਭ ਨਾਲ ਜਨਾਏ ।
ਮਿਲਕੇ ਸਾਰੇ ਸਜਨੋ, ਦਸੋਂ ਖਾਂ ਗਾਏ ।
ਵਿਚ ਕੈਨੇਡਾ ਔਣ ਨੂੰ, ਹਿੰਦੀ ਤੜਫਾਏ ।
ਸਾਰੀ ਗਲ ਸੁਨਾਉਣੀ, ਕੀ ਬਨੇ ਉਪਾਏ ।
ਹੀਲਾ ਜੇ ਹੁਣ ਏਸਦਾ, ਕੁਝ ਕੀਤਾ ਜਾਏ ।
ਕਰੋ ਸਹੈਤਾ ਤੁਸੀ ਬੀ, ਕੁਝ ਧਨ ਖਰਚਾਏ ।
ਹਾਂ ਵਿਚ ਉਤਰ ਉਨ੍ਹਾਂ ਨੇ, ਹੋ ਖੁਸ਼ੀ ਪਠਾਏ ।
ਰਫੇ ਖੁਲ੍ਹੇ ਦਿਆਂਰੋ, ਜੋ ਕੁਝ ਬਨ ਆਏ ।
ਸੁਨ ਬਾਬਾ ਜੀ ਮਨ ਹਰਖਾਏ ॥ ੬ ॥

ਪਉੜੀ

ਥੋੜੇ ਚਿਰ ਦੇ ਵਿਚ ਹੀ, ਸਭ ਕਾਜ ਬਨਾਯਾ ।
ਇਹ ਜਹਾਜ ਖਰੀਦਿਆਂ, ਲੋਕਾਂ ਦਰਸਾਯਾ ।
ਕੌਮੀ ਝੰਡਾ ਓਸਦੇ, ਉਪਰ ਲਟਕਾਯਾ ।
ਬੰਦੇ ਮਾਤ੍ਰਮ ਨਾਲ ਸ੍ਰੀ, ਅਕਾਲ ਲਿਖਾਯਾ ।
ਅਲਾ ਅਕਬਰ ਤੀਸਰਾ, ਸੰਗ ਮੇਲ ਮਿਲਾਯਾ
ਹਾਂਗ ਕਾਂਗ ਤੋਂ ਤੁਰਨ ਦਾ, ਸਾਮਾਨ ਕਰਾਯਾ ।

ਦੈਸ਼ਨ ਕਈ ਉਡੀਕ ਦੇ, ਇਕਾਰ ਸਬਾਯਾ।
ਓਨਾਂ ਬਖ਼ਲੇ ਈਦ ਦਾ, ਏਹ ਦੰਦ ਵਿਸ ਯਾ।
ਚੜ੍ਹਦੇ ਖੁਸ਼ੀ ਮਨਾਂਦੇ, ਰੁਤ ਮਾਂ ਵਿਖ ਯਾ।
ਹੁਨ ਅਗੇ ਸਰਕਾਰ ਨੇ, ਦੇੜਾ ਅਟਿਕਾਯਾ।
ਨਹੀਂ ਸਕਦੀ ਏਹ ਤਕਾਯਾ॥ ੭॥

ਪਉੜੀ

ਰੌਣਮਿੰਟ ਸੋਦਾਰਤੀ, ਕਦ ਏਹ ਤਕਾਵੈ।
ਹਿੰਦੀ ਕਟਨ ਤਮਾਟਤਾਂ, ਈਰੀ ਨਿਕਲਾਵੈ।
ਫੇਰ ਨ ਏਥੇ ਆਮਾਂ ਦੀ, ਕੁਝ ਦਲ ਗਲਾਵੈ।
ਕਈ ਕਨੂੰਨੀ ਦੁਸ਼ਤਾਂ, ਘਤ ਕੇ ਅਟਕਾਵੈ।
ਸ਼ੇਰ ਦੁਹਾ ਵੀ ਰੁਤੂ ਦਾ, ਮਭ ਓਨ ਧਰਾਵੈ।
ਕੌਮੀ ਵਿਚ ਪਜਾਰ ਦੇ, ਦਿਨ ਦਾਤ ਬਿਤਾਵੈ।
ਦੌੜ ਭੁਜ ਤੇ ਏਟਚ ਤੋਂ, ਨਹੀਂ ਜ਼ਰਾ ਡਰਾਵੈ।
ਇਕੋ ਧੁਨ ਉਪਕਾਰ ਦੀ, ਵਿਚ ਰਿਦੇ ਵਸਾਵੈ।
ਦੂਰ ਕਰਾਈਆਂ ਔਕੜਾਂ, ਗੁਰ ਮੁਕਰ ਮਨਾਵੈ॥
ਕਰੀ ਤਿਆਰੀ ਤੁਰਨ ਦੀ, ਅਰਦਾਸ ਸੁਧਾਵੈ।
ਗੁਰ ਸਚਾ ਹੁਨ ਪਾਰ ਚੜ੍ਹਾਵੈ, । ੮॥

ਪਉੜੀ

ਸਾਰੇ ਹਿੰਦਸਤਾਨ ਦੇ. ਵਿਚ ਖਬਰ ਸੁਨਾਈ।
ਨਿਕੇ ਵਡੇ ਸਾਰਿਆਂ, ਬਹੁ ਖੁਸ਼ੀ ਮਨਾਈ।

ਸਭ ਅਖਬਾਰਾਂ ਕੀਰਤੀ, ਬਬੇ ਦੀ ਗਾਈ।
ਰਖੀ ਇਕੋ ਸਾਮਣੇ, ਹੈ ਦੇਸ ਭਲਾਈ।
ਖੁਦ ਗਰਜ਼ੀ ਨ ਆਪਣੀ, ਵਹ ਪੈਨ ਕਮਾਈ।
ਹਿੰਦੀ ਕਹਨ ਮੁਦਾਗਰੀ, ਏਹ ਨੀਤ ਪਕਾਈ।
ਜੁਧ ਕਨੂੰਨੀ ਜਿਤਿਆ, ਕੈਸੀ ਚਤਰਾਈ।
ਸਤਿਗੁਰ ਤੇਰੀ ਹਿੰਮਤਾਂ, ਨਿਤ ਕਰੈ ਸੁਵਾਈ।
ਜੋਤ ਅਕਾਲੀ ਟਪਕਦੀ, ਮਨ ਵਿਚ ਦਿਸਾਈ।
ਤੇਰੀ ਪਤ ਉਪਕਾਰੀਆਂ, ਕੰਕਰਾਂ ਵਡਾਈ।
ਸਤਿਗੁਰ ਤੈਨੂ ਫਤੇ ਦਵਾਈ ॥ ੯ ॥

ਪਉੜੀ

ਲਏ ਮੁਸਫਰ ਹਿੰਦ ਤੋਂ, ਜਹਾਜ ਤੁਰਯਾ।
ਹੈਸਨ ਬਹੁਤੇ ਸਿੰਘ ਹੀ, ਅਕਾਲ ਗਜਾਯਾ।
ਹਿਸਾ ਹਿੰਦੂ ਸੋਮਨਾ, ਸੀ ਬੋੜਾ ਆਯਾ।
ਪੈਰ ਸਮੁਦ੍ਰ ਘਤਿਆ, ਸਤਿਗੁਰੂ ਮਨਾਯਾ।
ਝਖੜ ਕਈ ਤਪਾਨ ਦਾ, ਚਾਹ ਦੁਖ ਉਠਾਯਾ।
ਝਲੀ ਕਈ ਮੁਸੀਬਤਾਂ, ਗੁਰ ਭਾਣਾ ਭਾਯਾ।
ਸੋਈ ਜਾਨਣ ਵਿਚ ਜੋ, ਕੀ ਜਾਇ ਬਤਾਯਾ।
ਨੇੜੇ ਬੰਨੇ ਪੁਜਦੇ, ਰੰਗ ਹੋਰ ਦਿਸਾਯਾ।
ਪੁਲਸੀ ਇਕ ਜਹਾਜ ਨੇ, ਆ ਘੇਰਾ ਪਾਯਾ।
ਵਾਰ ਕੈਦੀਆਂ ਰੋਕਿਆ, ਹੈ ਪਹਿਰਾ ਲਾਯਾ।

ਏਹ ਕੀ ਕਰਤੇ ਰੰਗ ਬਨਾਯਾ ॥ ੧੦ ॥

ਪਉੜੀ

ਹੈ ਸੀ ਖੁਸ਼ੀ ਮੁਸਾਫਰਾਂ, ਆ ਰਹੇ ਕਨਾਰੇ ।
ਕਈ ਮਹੀਨੇ ਸਿੰਧ ਵਿਚ, ਸੀ ਜਿਨ੍ਹਾਂ ਗਜ਼ਾਰੇ ।
ਆਸਾ ਕਰਦੇ ਸੁਖ ਨਾਲ, ਸਨ ਏਹੋ ਵਿਚਾਰੇ ।
ਪਰ ਗੱਰੇ ਕੈਨੇਡੀਅਨ, ਝਾਛੇ ਹੰਕਾਰੇ ।
ਓਨ੍ਹਾਂ ਨੇ ਚਿਤ ਆਪਨੇ, ਏਹ ਆਮੇ ਧਾਰੇ ।
ਵੜ੍ਹਨ ਨ ਦੇਣਾ ਹਿੰਦਿਆਂ, ਹੈ ਕਿਸ ਪਕਾਰੇ ।
ਸ੍ਰੀ ਮਾਨ ਕੁਲਦਿਤ ਸਿੰਘ, ਕਰ ਜਤਨ ਹਜ਼ਾਰੇ ।
ਅਗਲੇ ਹਿੰਦੀ ਬਹੁਤ ਹੀ, ਰਹੇ ਪੁਕਾਰੇ ।
ਸਾਰਾ ਕੰਮ ਹਥ ਅਪਨੇ, ਸੋ ਲੈਨ ਸੰਭਾਰੇ ।
ਪੇਸ਼ ਨ ਕੋਈ ਜਾਵੰਦੀ, ਹੰਲੇ ਕਰ ਹਾਰੇ ।
ਭੇਤ ਨਾ ਇਸਦੇ ਲਭਨ ਸਾਰੇ ॥੧੧॥

ਪਉੜੀ

ਕੌਲਾ ਹੈਸੀ ਲਦਿਆ, ਵਿਚ ਬਹੁਤਾ ਸਾਮਾ ।
ਓਥੇ ਜਾਕੇ ਵੇਚਣਾ, ਸੀ ਮਨਸਾ ਧਾਰਾ ।
ਏਹ ਸੀ ਮਛ ਵਾਪਾਰ ਦਾ, ਸੁੰਦਰ ਵਰਤਾਰਾ ।
ਸੋ ਥੀ ਮਿਲੈ ਨ ਸੁਟਣਾ, ਕੀ ਚਾਲੇ ਚਾਰਾ ।
ਨੌਕਰਸ਼ਾਹੀ ਛੱਡਦੀ, ਕਦ ਏਹ ਵਿਚਾਰਾ ।
ਹਿੰਦੀ ਕਰਨ ਸੁਦਾਗਰੀ, ਸਾਡੇ ਸਮਕਾਰਾ ।

ਅਸਾਂ ਗੁਲਾਮੀ ਰਖਣਾ, ਹੈ ਹਿੰਦ ਗਵਾਰਾ।
ਜੇ ਹੋ ਗਏ ਖੁਸ਼ ਹਾਲ ਏਹ, ਕਰ ਜਾਨ ਕਨਾਰਾ
ਸਾਥ ਆਕੀ ਹੋਨਗੇ, ਬਨ ਖੁਦ ਮੁਖਤਾਰਾ।
ਏਸੇ ਕਰਕੇ ਹੋ ਰਿਹਾ, ਸਭ ਏਹ ਨਜ਼ਾਰਾ।
ਨੌਕਰਸ਼ਾਹੀ ਵਡ ਹੁਸ਼ਿਆਰਾ ॥ ੧੨ ॥

ਪਉੜੀ

ਛੇ ਮਹੀਨੇ ਸਿੰਧ ਦੇ, ਵਿਚੇ ਅਟਿਕਾਇਆ।
ਭੁਖੇ ਮਰਨ ਮਸਾਫਰਾਂ, ਨਹੀ ਤਰਸ ਕਮਾਇਆ
ਅੰਦਰ ਬਾਹਰ ਜਾ ਨਤੋਂ, ਹੈ ਬੰਦ ਕਰਾਇਆ।
ਪਾਨੀ ਮਿਲੈ ਨ ਪੀਨ ਨੂੰ, ਬਹੁ ਕਸ਼ਟ ਉਠਾਇਆ
ਤੋਪਾ ਨਾਲ ਉਡਾਨ ਦਾ, ਡਰ ਬਹੁਤ ਵਖਾਇਆ
ਜੰਗੀ ਆਨ ਜਹਾਜ ਨੇ, ਜਦ ਸੀ ਧਮਕ ਇਆ
ਤੰਗ ਆਨਕੇ ਖਾਲਸੇ, ਹੁਨ ਮਤਾ ਪਕਾਇਆ।
ਮਰਨ ਮਾਰਨ ਤੇ ਹੋ ਗਏ, ਨਹੀ ਚਿਤ ਡਰਾਇਆ
ਤਾਂ ਜੰਗੀ ਜਰਨੈਲ ਦੇ, ਮਨ ਸੰਸਾ ਆਇਆ ।
ਬਿਨ ਹਥਯਾਰੋਂ ਦਿਸਦੇ, ਕਿਉਂ ਬਨੇ ਖਪਾਇਆ
ਰੰਗ ਸਮੇਂ ਨੇ ਹੋਰ ਵਟਾਇਆ ॥ ੧੩ ॥

ਪਉੜੀ

ਅੰਤ ਕਨੇਡਾ ਵਾਲਿਆ, ਇਹ ਗਲ ਜਤਾਈ ।
ਕਈ ਡਰਾਵੇ ਦੇ ਥਕੇ, ਪਰ ਬਣੀ ਨ ਕਾਈ

ਓਥੋਂ ਵਾਲੇ ਹਿੰਦੀਆਂ, ਤਦ ਏਹ ਮਨਾਈ।
ਖਰਚ ਦੇ ਦਿਓ ਮੁੜਨ ਦਾ, ਏਹਨਾਂ ਨੂੰ ਪਾਈ।
ਆਟਾ ਦਾਣਾ ਨੀਰ ਲੌ, ਜੋ ਵਸਤ ਸਬਾਈ।
ਮੁੜ ਜਾਵਨ ਗੇ ਹਿੰਦ ਨੂ, ਨਹੀ ਸੰਕਾ ਰਾਈ।
ਏਹ ਸਭ ਓਨ੍ਹਾਂ ਮੰਨਿਆਂ, ਮਨ ਤੋਂ ਹਰਖਾਈ।
ਓਸੇ ਵੇਲੇ ਘੱਲਦੇ, ਸਭ ਚੀਜ਼ ਬਨਾਈ।
ਹੋਈ ਤਿਆਰੀ ਮੁੜਨ ਦੀ, ਏਹ ਖਬਰ ਧੁਮਾਈ
ਹਿੰਦੀ ਅਗੇ ਵਸਦੇ, ਸੋ ਮਿਲਦੇ ਆਈ।
ਦੁਖੀ ਚਿਤ ਹੋ ਵਿਦਾ ਕਰਾਈ ॥ ੧੪ ॥

ਪਉੜੀ

ਤੋਰਨ ਸਾਜਨ ਸਾਜਨਾਂ, ਰਿਦ ਬਹੁਤ ਦੁਖਾਲੇ।
ਰੋ ਰੋ ਕੇ ਹਨ ਵਿਛੜੇ, ਨਹੀਂ ਸੁਰਤ ਸੰਭਾਲੇ।
ਕੀ ਸੀ ਪਤਾ ਵਿਚਾਰਿਆਂ, ਜੋ ਭੋਲੇ ਭਾਲੇ।
ਕਹਿਰ ਕਮਾਯਾ ਗੋਰਿਆਂ, ਕੀ ਫੜੇ ਕੁਚਾਲੇ।
ਬਾਹਰੋਂ ਚਿਟੇ ਦਿਸਦੇ, ਹਨ ਅੰਦਰ ਕਾਲੇ।
ਮੁੜੇ ਪਛਾਹਾਂ ਤੋਰ ਕੈ, ਕਰ ਗੁਰੂ ਹਵਾਲੇ।
ਗਏ ਜਿਵੇਂ ਤਿਉਂ ਆਵੰਦੇ, ਕੁਦਰਤ ਦੇ ਚਾਲੇ।
ਧਰੇ ਧੋੜੇ ਖਾਵੰਦੇ, ਮੁੜ ਸਿੰਧ ਵਿਚਾਲੇ।
ਚਿਤ ਅਤਾਦੇ ਸਾਰਿਆਂ, ਤੁਨ ਹੋਰ ਉਠਾਲੇ।
ਮਿਹਰ ਕਰੈ ਕਰਤਾਰ ਜੇ, ਕੁਝ ਪੈ ਹੈ ਪਾਲੇ।

ਪਤ ਮਾਲਕ ਦੇ ਤਾਹ ਨਿਰਾਲੇ ॥ ੧੫ ॥

ਪਉੜੀ

ਚਿਤ ਅਰਾਦੇ ਸਾਰਿਆਂ, ਹੈਸਨ ਇਹ ਧਾਰੇ।
ਰਸਤੇ ਵਿਚ ਹੀ ਰਹਾਂ ਗੇ, ਕਰਨੇ ਰੁਜ਼ਗਾਰੇ।
ਛੇ ਮਹੀਨੇ ਕਰੈ ਨਾ, ਕੁਝ ਕਾਰ ਵਿਹਾਰੇ।
ਖਰਚ ਹੋਏ ਨੇ ਪਲਿਓਂ, ਬਹੁਤੇ ਹੀ ਸਾਰੇ।
ਕੀ ਹੈ ਕਹਨਾ ਜਾਇ ਕੈ, ਹੁਨ ਘਰ ਵਿਚਕਾਰੇ।
ਖਾਲੀ ਹੱਥੀਂ ਜਾਵਨਾਂ, ਨਾਹੀ ਦਰਕਾਰੇ।
ਏਹ ਸਭ ਲਛ ਆਸ ਦੇ, ਖਾ ਰਹੇ ਵਿਚਾਰੇ।
ਪਰ ਨ ਕਿਤੇ ਜਹਾਜ਼ ਤੋਂ, ਰਾਹ ਵਿਚ ਉਤਾਰੇ।
ਨੌਕਰ ਸ਼ਾਹੀ ਹੋ ਰਹੀ, ਹੁਨ ਕਰਸੀ ਕਾਰੇ।
ਜਾਕੇ ਬੱਜ ਬੱਜ ਘਾਟ ਤੇ, ਦਿਸਨ ਖਰਤਾਰੇ।
ਦੰਗ ਰਹਿਨ ਰੀ ਵੇਖਨ ਹਾਰੇ ॥ ੧੬ ॥

ਪਉੜੀ

ਪੁਜੇ ਬੱਜ ਬੱਜ ਘਾਟ ਦੇ, ਜਦ ਨੇੜੇ ਜਾਕੇ।
ਆਰ ਕਾਟੀ ਦੇ ਪਾਸ ਹੀ, ਕੀ ਰਹੇ ਤਕਾ ਕੇ।
ਆਵਨ ਕਿਸ਼ਤੀ ਸਿੰਘ ਨੇ, ਝਟ ਤੇਜ ਦੁੜਾ ਕੇ।
ਅਗੋਂ ਫਤੇ ਗਜਾਂਵਦੇ, ਸਭ ਸਿੰਘ ਲਖਾ ਕੇ।
ਏਹ ਭੁਲੇ ਨੇ ਸ਼ਕਲ ਤੇ, ਭੋਲੇ ਭਰਮਾ ਕੇ।
ਸਿੰਘ ਨਹੀਂ ਇਹ ਕਾਇਰਾਂ, ਰਹਿ ਭੇਸ ਵੱਟਾਕੇ।

ਏਹ ਤਾਂ ਪੁਲਸੀ ਧਾੜ ਦੇ, ਰਹਿ ਚੁਪ ਕਰਾਕੇ ।
ਮਹੁਰੀ ਸੁਖਾ ਸਿੰਘ ਸੀ, ਆਏ ਲੁਪਕਾ ਕੇ ।
ਢਿਲ ਨ ਕੀਤੇ ਬੋਲਦੇ, ਚੰਗਾ ਧਮਕਾ ਕੇ ।
ਨਾਮ ਲਿਖਾਵੋ ਆਪਣੇ, ਆਖਨ ਸਮਝਾ ਕੇ ।
ਬੈਠੇ ਅਪਣਾ ਰੰਗ ਵਿਖਾ ਕੇ ॥ ੧੭ ॥

ਪਉੜੀ

ਦਫਤਰ ਬਾਬੇ ਹੁਰਾਂ ਦਾ, ਸਭ ਲਿਆ ਦਬਾਈ ।
ਫੇਰ ਤਲਾਸ਼ੀ ਮਾਰਿਆਂ, ਚੰਗੀ ਕਟਵਾਈ ।
ਨਾਮ ਪਿੰਡ ਤੇ ਜ਼ਿਲੇ ਕੁ ਲੈਂਦੇ ਲਿਖਵਾਈ ।
ਜਿਤਨੇ ਹੈਸਨ ਆਦਮੀ, ਫੈਹਰਿਸਤ ਬਨਾਈ ।
ਜੇ ਕੋਈ ਅੱਗੋਂ ਪੁਛਦਾ, ਏਹ ਦੇਣ ਸੁਨਾਈ ।
ਤੁਸਾ ਉਤੇ ਸਰਕਾਰ ਨੇ, ਹੈ ਦਿਯਾ ਕਰਾਈ ।
ਕਇ ਦਿਨਾਂ ਤੋਂ ਤੁਸਾਂ ਨੇ, ਤਕਲੀਫ ਉਠਾਈ ।
ਖਰਚ ਤੁਸਾਂ ਦਾ ਬਹੁਤ ਹੀ, ਹੈ ਹੋਇਆ ਭਾਈ ।
ਸੋ ਸਭ ਮਿਲਸੀ ਤੁਸਾਂ ਨੂੰ, ਗਿਨ ਗਿਨ ਪਾਈ ।
ਏਸੇ ਕਰਕੇ ਅਸਾਂ ਨੇ, ਏਹ ਕ੍ਰਿਤ ਕਮਾਈ ।
ਤੁਸੀ ਕਰੋ ਨ ਸ਼ੰਕਾ ਕਾਈ ॥ ੧੮ ॥

ਪਉੜੀ

ਲਗਾ ਬੱਸ ਬੱਸ ਘਾਟ ਤੇ, ਜਹਾਜ਼ ਕਨਾਰੇ ।
ਅਰੋ ਇਕ ਲੈਣ ਸ਼ੀ, ਜੋ ਖੜੇ ਤਿਆਰੇ ।

ਭੁਖਿਆ ਇੰਜਨ ਓਸਦਾ, ਜੋ ਚੀਕਾਂ ਮਾ
ਆਏ ਵਿਚ ਜਹਾਜ ਦੇ, ਪੁਲਸੀ ਬਹੁ ਸਾ
ਆਖਨ ਸਿੰਘਾਂ ਸਾਰਿਆਂ, ਉਤਰੋ ਤਤਕਾ
ਗੱਡੀ ਖੜੀ ਤਿਆਰ ਹੈ, ਨਹੀ ਬਣੇ ਅਵਾ
ਇਕ ਜ਼ਬਾਨੇ ਸਿੰਘ ਤਾਂ, ਬੋਲੇ ਹੁਸ਼ਆਰ
ਏਹ ਕਲਕੱਤਾ ਨਹੀ ਹੈ, ਕਿਉ ਰਹੇ ਉਤਾ
ਅਸੀ ਨ ਏਥੇ ਉਤਰੇਂ, ਕਿਉ ਕਰੋ ਖੁਆ
ਅਗੋਂ ਬੋਲੇ ਤੜ ਕੇ, ਪਾਪੀ ਹਤਿਆ
ਤੁਸਾਂ ਚਲੇ ਨ ਕੋ ਇਨਕਾਰੇ ॥ ੧੯ ॥

ਪਉੜੀ

ਬੱਸ ਆਖਿਆ ਤੁਸਾਂ ਨੂੰ, ਨਹੀ ਚਲ ਲਗਾ
ਏਹੋ ਗਲ ਮੁਖੀਰ ਦੀ, ਹੁਨ ਅਸਾਂ ਕਰਾ
ਫੜ ਫੜ ਕੇ ਲੈ ਜਾਵਨਾ, ਨਹੀ ਰੱਲ ਲੁਕਾ
ਸਿੰਘ ਸੁਨਾਵਣ ਆਪਣੀ, ਸਭ ਦੁਖ ਕਹਾ
ਪਾਣੀ ਥੋੜਾ ਦੇਵਣਾ, ਹੈ ਤਿੱਖਾ ਮਿਟਾ
ਗਡੀ ਵਿਚ ਹੀ ਮਿਲੇਗਾ, ਪੀ ਲੈਣਾ ਪਾ
ਫੜ ਫੜ ਲਗੇ ਕਢਨੇ, ਜਮ ਰੂਪ ਪਰਾ
ਤਰਸ ਨ ਕਰਦੀ ਜ਼ਨਾਨੀ, ਏਹ ਪੁਲਸੀ ਢਾ
ਉੜਕ ਸਾਰੇ ਉਤਰੇ, ਗਲ ਆਖੀ ਜਾ
ਬੈਠੇ ਹੇਠਾਂ ਬਿਰਛ ਦੇ, ਕੁਝ ਛਾਂਉ ਲਖਾ

ਹੁਣ ਸਿੰਘਾਂ ਕੀ ਮਰਜ਼ੀ ਠਾਨੀ ॥ ੨੦ ॥

ਪਉੜੀ

ਨਾਲੇ ਗੁਰੁ ਗਰੰਥ ਸਾਂ, ਇਕ ਸਿੰਘਾਂ ਪਾਸੇ ।
ਸਿੰਘ ਸਦਾ ਹੀ ਜੀਵੰਦੇ, ਜਿਸ ਦੇ ਭਰਵ ਸੇ ।
ਰਖ ਅਗਾੜੀ ਬੈਠਦੇ, ਪਰ ਚਿਤ ਨਿਰਾਸੇ ;
ਪਕੇ ਕੀਤੇ ਸਾਰਿਆਂ, ਆਰਾਦੇ ਖਾਸੇ ।
ਗਡੀ ਥੋੜੇ ਬੈਠਦੇ, ਮਨ ਖਾਇ ਤਰਾਸੇ ।
ਕਲਕੱਤੇ ਨੂੰ ਚਲਨਾ, ਸੋਧ ਅਰਦਾਸੇ ।
ਚੁਕ ਸਵਰਾ ਗੁਰੂ ਦੀ, ਤੁਰਦੇ ਸੁਖ ਰਾਸੇ ।
ਨਾਲ ਨ ਲ ਹੀ ਪਲੁਸੀਏ, ਹੇ ਤੁਰੇ ਹਰਾਸੇ ।
ਤਿੰਨ ਮੀਲ ਤੇ ਹੋਰ ਹੀ, ਬਨ ਗਏ ਤਮਾਸ਼ੇ ।
ਬਾਈ ਸਿਕਲ ਤੇ ਆਵੰਦਾ, ਅੰਗ੍ਰੇਜ਼ ਮਿਲਾਸੇ ।
ਕੀ ਕਰਦਾ ਸੋ ਬਚ ਨ ਬਿਲਾਸੇ ॥ ੨੧ ॥

ਪਉੜੀ

ਵੈਸਰਾਇ ਨੇ ਘਲਿਆ, ਮੈਨੂੰ ਅਗਵਾਈ ।
ਪੁਛਾ ਦੁਖ ਸੁਖ ਤੁਸਾਂ ਦਾ, ਹੈ ਸਚ ਸੁਨਾਈ ।
ਦੇ ਸਹੈਤਾ ਤੁਸਾਂ ਨੂੰ, ਸਰਕਾਰ ਬਨਾਈ ।
ਦਸੋ ਇਕ ਥਾਂ ਬੈਠਕੇ, ਸਭ ਗਲ ਜਨਾਈ ।
ਮੁੜਕੇ ਪਿਛੇ ਚਲਣਾਂ, ਇਸ ਵਿਚ ਭਲਾਈ ।
ਅਜੇ ਵੀ ਸਿਖਾਂ ਭੋਲਿਆਂ, ਨਹੀਂ ਗਲ ਲਖਾਈ

ਕੀਤੀ ਉਸ ਅੰਗ੍ਰੇਜ਼ ਨੇ, ਕੈਸੀ ਚਤਰਾਈ।
ਸਚ ਜਾਨ ਲਈ ਓਸਦੀ, ਝੂਠੀ ਏਹ ਗਾਈ।
ਮੁੜੇ ਪਿਛ ਜ਼ੀ ਜੁਰਤ ਦੀ, ਗੁਰ ਪੰਨ ਅਲਾਈ।
ਅਰਜ਼ ਸੁਣੀ ਸਰਕਾਰ ਨੇ, ਹੈ ਸਾਡੀ ਭਾਈ।
ਭਲੇ ਜਾਨ ਦੇ ਭਲੀ ਲੁਕਾਈ ॥ ੨੨ ॥

ਪਉੜੀ

ਦੋਇ ਕੰਪਨੀ ਰੋਂਗਿਆਂ, ਵਲ ਮਰਾਰੋਂ ਆਈ।
ਅਜੇ ਨਾ ਲੰਘੇ ਮੀਲ ਵੀ, ਆ ਘੇਰੀ ਪਾਈ।
ਛੇੜੀ ਛੇੜੀ ਕੂਕਦੇ, ਮੂੰਹ ਰੀਂਦ ਬਕਾਈ।
ਸਿੰਘਾਂ ਟੁਰਦੇ ਮਾਰਦੇ, ਏਹ ਵਡ ਕਮਾਈ।
ਪਾਣੀ ਪੀਣ ਨ ਦੇਵੰਦੇ, ਅੱਤ ਭਾਰੀ ਚਾਈ।
ਅਸਟੇਸ਼ਨ ਤੇ ਪੁਜਦੇ; ਬਹੁ ਦੁਖ ਉਠਾਈ।
ਬੈਠੋ ਗਡੀ ਆਖਦੇ, ਨਹੀ ਢਿਲ ਲਗਾਈ।
ਲਭੱਨ ਉਸ ਅੰਗ੍ਰੇਜ਼ ਨੂੰ, ਪਰ ਕੌਨ ਬਤਾਈ।
ਧੋਖਾ ਦੇ ਲੈ ਆਵੰਦਾ, ਸੋ ਚਾਲ ਚਲਾਈ।
ਹੈ ਸੀ ਓਹ ਬਤੂਪੀਆਂ ਜੋ, ਗਿਆ ਠਗਾਈ।
ਫਾਥੇ ਅੱਕੇ ਸਿੰਘ ਕੁਦਾਈ । ੨੩ ॥

ਪਉੜੀ

ਝਗੜੇ ਝਾਂਜੇ ਵਿਚ ਹੀ, ਸੂਰਜ ਅਸਤਾਯਾ।
ਗਡੀ ਚੜ੍ਹਦੇ ਸਿੰਘ ਨ, ਹੈ ਦਾਈ ਆਲਾਯਾ

ਚਾਰੇ ਪਾਸੇ ਫੌਜ ,ਨੇ ਸੀ ਘੇਰਾ ਪਾਯਾ।
ਗੁਸੇ ਹੋ ਜਰਨੈਲ ਨੇ, ਤਾਂ ਹੁਕਮ ਚੜ੍ਹਾਯਾ।
ਦਾਰੋ ਗੋਲੀ ਤੁਰਤ ਹੀ, ਕਰ ਦਿਓ ਸਫਾਯਾ।
ਤੜ ਤੜ ਗੋਲੀ ਛੁਟਦੀ, ਤੜ ਥਲ ਮਚਾਯਾ
ਬਹੁਤ ਮੋਏ ਕੁਝ ਨਸਦੇ, ਜਿਸ ਰਬ ਏਚਾਯਾ।
ਘਲੂ ਘਾਰਾ ਵਾਸਤੇ, ਸਿੰਘਾਂ ਦੇ ਆਯਾ।
ਪਤਾ ਨਹੀਂ ਗੁਰ ਰੰਘ ਦਾ, ਕੀ ਹਾਲ ਬਨਾਯਾ।
ਏਹ ਜ਼ਮਾਨਾਂ ਕਹਿਰ ਦਾ, ਕੀ ਰਬ ਵਖਾਯਾ।
ਸਿੰਘਾਂ ਤੇ ਭਾਣਾ ਵਰਤਾਯਾ ॥ ੨੪ ॥

ਪਉੜੀ

ਸੁਤ ਸ'ਰੀ ਹੀ ਗੋਲੀਆਂ, ਸੀ ਫੌਜ ਚਲਾਈਆਂ
ਪਤਾ ਖੜਕੇ ਜ਼ਰਾ ਜੇ, ਕਰ ਦੇਨ ਚੜ੍ਹਾਈਆਂ।
ਕਈ ਮੁਸਾਫਰ ਮਰਗਏ, ਬੇ ਅਰਥ ਅਜ਼ਾਈਆਂ।
ਬਾਬਾ ਜੀ ਵੀ ਬਚ ਗਏ, ਝਲੀ ਕਰੜਾਈਆਂ।
ਜੋ ਕੁਝ ਬਜ ਬਜ ਘਾਟ ਤੇ, ਗਲਾਂ ਵਰਤਾਈਆਂ
ਜਾਨ ਨ ਸਕੈ ਦਸੀਆਂ, ਮੈਂ ਥੋੜ ਲਿਖਾਈਆਂ।
ਸੁਖਾ ਸਿੰਘ ਦੇ ਸੀਸ ਤੇ, ਸਭ ਲੋਕਾਂ ਲਾਈਆਂ।
ਨੀੜਾਂ ਇਸਦੀ ਖੋਟੀਆਂ, ਸਨ ਵਾਂਗ ਕਸਾਈਆਂ
ਵਾਗਾਂ ਇਸਦੇ ਹਥ ਸੀ, ਸਰਕਾਰ ਫੜਾਈਆਂ।
ਇਸ ਕੋਲੇ ਨੇ ਸੀਸ ਤੇ, ਲੈ ਲਈ ਬੁਰਾਈਆਂ।

ਸਿਖ ਸਦਾਇ ਨ ਸ਼ਰਮਾਂ ਆਈਆਂ ॥ ੨੫ ॥

ਪਉੜੀ

ਜੋ ਜੋ ਹੋਈਆਂ ਸਖਤੀਆਂ, ਸਨ ਏਸ਼ ਬਹਾਨੇ।
ਜੋ ਪ੍ਰਦੇਸੋਂ ਆਵੰਦ, ਚਲ ਹਿੰਦਸਤਾਨੇ।
ਫੜ ਫੜ ਸੁਟੇ ਤੁਰਤ ਹੀ, ਸੋ ਜੇਹਲਖਾਨੇ।
ਕਈ ਬਿਨਾ ਅਪਰਾਧ ਤੋਂ, ਫਾਸੀ ਲਟਕਾਨੇ।
ਫਰਖ ਸਾਮਰ ਦੇ ਆਵੰਦੇ, ਮੁੜ ਯਾਦ ਜ਼ਮਾਨੇ।
ਕਈ ਸੈਕੜੇ ਸੂਰਮੇਂ, ਸਿੰਘ ਪਾਰ ਬੁਲਾਨੇ।
ਰੰਘੀ ਸਿੰਘ ਬਲਵੰਤ ਸੇ, ਨਹੀਂ ਬਚੇ ਸਿਆਨੇ
ਬੋ. ਏ, ਸਿੰਘ ਕਰਤਾਰ ਜੋ, ਬਨ ਗਏ ਨਸ਼ਾਨੇ
ਸਾਰੇ ਵਿਚ ਪੰਜਾਬ ਦੇ, ਫਿਰਦੇ ਪਰਵਾਨੇ।
ਬਨੀਆਂ ਕਈ ਕਮੇਟੀਆਂ, ਰਲ ਗਏ ਸ਼ਿਤਾਨੇ।
ਸਿੰਘਾਂ ਉਤੇ ਕੈਹਰ ਤੁੜਾਨੇ ॥ ੨੬ ॥

ਪਉੜੀ

ਝੋਲੀ ਚੁਕਾਂ ਭੈੜਿਆਂ, ਏਹ ਕਿਰਤ ਵਡਾਈ।
ਲੀਡਰ ਮੰਨੇ ਕੌਮ ਨੇ, ਨਹੀ ਚਾਲ ਲਖਾਈ।
ਪਾਕੇ ਬੁਰਕਾਂ ਗਊ ਦਾ, ਰਹਿ ਜ਼ੇਰ ਛਪਾਈ।
ਸਾਧ ਵੈਸ਼ਨੋ ਦਿਸ ਦੇ, ਮਨ ਵਰੇ ਕਸਾਈ।
ਬਾਹਰ ਲੀਰਾਂ ਚਿਤ ਤੋਂ, ਤ੍ਰਿਸਨਾ ਅਧਿਕਾਈ।
ਠਗ ਖਾ ਰਹੇ ਪੰਥ ਨੂੰ, ਤਿਸ ਤਨ ਬੁਰਾਈ।

ਇਨ੍ਹਾਂ ਵਿਚ ਕਮੇਟੀਆਂ, ਦੇ ਚੋਧਰ ਪਾਈ।
ਸਿਖ ਫੜਾਵਨ ਵ ਸਤੇ, ਰ.ਹ ਜਤਨ ਕਰਾਈ।
ਇਛਾਂ ਲੈਣ ਮੁਰੱਬਿਆਂ, ਰਹਿ ਜਤਨ ਕਰਾਈ।
ਕਈ ਭੁਖੇ ਸਰਦਾਰੀਆਂ, ਕੁਲ ਘਾੜੀ ਸਾਈ।
ਕਈ ਭੈੜਿਆਂ ਨੇ ਮੱਤ ਚਾਈ॥ ੨੭॥

ਪਉੜੀ

ਜਥਾ ਸਿੰਘ ਰਣਧੀਰ ਦਾ, ਸਨ ਸਭੈ ਅਕਾਲੀ।
ਸੋਭੀ ਏਸ ਹਨੇਰੀਓਂ, ਨਹੀਂ ਰਹਿੰਦੇ ਖਾਲੀ।
ਝੋਲੀ ਚੁਕਾਂ ਉਨ੍ਹਾਂ ਨੂੰ, ਅਖਲਾਲ ਵਖਾਲੀ।
ਨੇਕੀ ਓਨ੍ਹਾਂ ਤੇਰੇ ਵੀ, ਹੈ ਏਹ ਕਮਾਲੀ।
ਘੱਲੇ ਸਾਰੇ ਜੋਹਲ ਨੂੰ, ਮਨ ਮੌਜ ਮਨਾਲੀ।
ਏਸੇ ਕਰ ਸਰਦਾਰੀਆਂ,ਜਗ ਵਿਚ ਬਨਾਲੀ।
ਸੋ ਬੈਠੇ ਵਿਚ ਜੋਹਲ ਦੇ, ਕਰ ਚੇਤੇ ਵਾਲੀ।
ਏਹ ਦੁਨ ਮੌਜਾਂ ਮਾਣ ਦੇ, ਸੌਂ ਨੀਂਦ ਸੁਖਾਲੀ।
ਬਨੇ ਤਾਜ ਓਹ ਕੌਮ ਦੇ, ਕੁਰਬਾਨੀ ਘਾਲੀ।
ਓਹ ਜਸ ਏਹ ਅਪਜਸ ਨੂੰ, ਦਹਿ ਦੇਵੇਂ ਪਾਲੀ।
ਆਪੋ ਆਪਨੀ ਕਿਰਤ ਸੰਭਾਲੀ ॥੨੮।

ਪਉੜੀ

ਬਜ ਬਜ ਉਤੇ ਆਨਕੇ, ਤਕਲੀਫ ਉਠਾਈ।
ਕੈਨੇਡਾ ਤੋਂ ਕਢਿਆਂ, ਧਕੇ ਮਰਵਾਈ।

ਨਾਲ ਵਿਚਾਰੇ ਹਿੰਦੀਆਂ, ਕਿਉਂ ਏਹ ਵਰਤਾਈ।
ਏਹ ਲੋੜਨ ਸੌਦਾਗਰੀ, ਕਰਨੀ ਅਧਿਕਾਈ।
ਗੌਰਮਿੰਟ ਸੌਦਾਗਰੀ, ਕਿਉਂ ਤਕ ਸਕਾਈ
ਏਸੇ ਕਰਕੇ ਓਸ ਨੇ, ਸਭ ਰੋਕ ਲਗਾਈ।
ਹੋਰ ਨ ਦੂਜੀ ਗਲ ਹੈ, ਇਸਦੇ ਵਿਚ ਕਾਈ।
ਦੂਜਾ ਝੱਲੀ ਝਾਤ ਜੋ, ਖੁਦ ਸਾਹਵੇ ਭਾਈ।
ਕੌਮ ਘਾਤੀਆ ਵੇਖ ਲੌ, ਕੀ ਕਿਰਤ ਕਮਾਈ।
ਜਿਨ੍ਹਾਂ ਸਿਖਾਂ ਆਪਣੀ, ਕੁਰਬਾਨੀ ਲਾਈ।
ਬੁਰਾ ਓਨ੍ਹਾਂ ਨੂੰ ਰਹੇ ਬਤਾਈ॥ ੨੯ ।

ਪਉੜੀ

ਕਈਆਂ ਨੇ ਪਕੜਾਨ ਦਾ, ਸੀ ਕੰਮ ਉਠਾਯਾ
ਲੱਕ ਲੱਭ ਕੇ ਜਿਨ੍ਹਾਂ ਨੇ, ਵਿਚ ਜੇਹਲ ਪੁਜਾਯਾ
ਕਈਆਂਨੇ ਵਿਚ ਸਭਾ ਦੇ, ਏਹ ਪਾਸ ਕਰਾਯਾ।
ਸਿਖ ਨ ਓਨਾਂ ਦਸਦੇ, ਏਹ ਫਤਵਾ ਲਾਯਾ।
ਦੂਰ ਆਪ ਨੇ ਸਿਖੀਓਂ,ਗੁਰਵਾਕ ਭੁਲਾਯਾ।
ਆਪ ਦਾੜ੍ਹੀਆਂ ਰੰਗਦੇ, ਮੂੰਹ ਕਾਲਾ ਭਾਯਾ।
ਕੌਮ ਘਾਤੀਆਂ ਐਸਿਆਂ, ਹੈ ਦੇਸ ਭੁਬਾਯਾ।
ਕਰਨ ਗੁਲਾਮੀ ਦੂਜਿਆਂ, ਲਲਚ ਭਰਮਾਯਾ।
ਸਿਦਕੀ ਸਿਖਾਂ ਵਾਸਤੇ, ਕੀ ਜ਼ੁਲਮ ਕਮਾਯਾ।
ਮਤ ਦਏ ਕਰਤਾਰ ਜੇ, ਏਨ੍ਹਾਂ ਸਮਝਾਯਾ।

ਭਲਾ ਦੇਸ ਦਾ ਲੈਣ ਤਕਾਜਾ ॥ ੩੦ ॥ ੬ ॥

੧ ਓ ਸਤਿਗੁਰੂ ਪ੍ਰਸਾਦਿ ॥

## ਜਲ੍ਹਿਆਂ ਵਾਲਾ ਬਾਗ਼

ਦੋਹਰਾ

ਵੇਖੋ ਅਕੇ ਮੁਕਿਆ, ਜਦ ਦੀ ਯੂਰਪ ਜੰਗ।
ਗੌਰਮਿੰਟ ਨੇ ਬਦਲਿਆ, ਗਿਰਗਟ ਵਾਂਗੂੰ ਰੰਗ॥ ੧ ॥

ਪਉੜੀ

ਜੰਗ ਯੂਰਪ ਦਾ ਮੁਕਿਆ, ਕੀ ਰੰਗ ਬਨਾਯਾ।
ਸਭ ਨੇ ਸ਼ੁਕਰ ਅਕਾਲ ਦਾ, ਸੀ ਬਹੁਤ ਮਨਾਯਾ।
ਖੁਸ਼ੀਆਂ ਕੀਤੀ ਹਿੰਦੀਆਂ, ਏਥੇ ਚਿਤ ਲਾਯਾ।
ਹੋਨ ਮੁਰਾਦਾਂ ਪੂਰੀਆਂ, ਨੇੜੇ ਦਿਨ ਆਯਾ।
ਜੋ ਸੀ ਵੇਲੇ ਜੰਗ ਦੇ, ਸਾਨੂੰ ਫਰਮਾਯਾ।
ਵੱਡੇ ਵੱਡੇ ਹਾਕਮਾਂ, ਕਹਿ ਕਹਿ ਭਰਮਾਯਾ।
ਮਿਲੈ ਰਿਆਤ ਹਿੰਦ ਨੂੰ, ਹਥਾਂ ਤੇ ਚਾਯਾ।
ਏਸੇ ਧੋਖੇ ਹਿੰਦੀਆਂ, ਸੀ ਜ਼ੋਰ ਲਗਾਯਾ।
ਤਨ ਮਨ ਧਨ ਸਭ ਵਾਰਿਆ ਨਹੀਂ ਕੁਝ ਲੁਕਾਯਾ।
ਜੋਧੇ ਲਖਾਂ ਹਿੰਦੀਆਂ, ਸਿਰ ਜਾ ਕਰਵਾਯਾ।
ਨੌਕਰਸ਼ਾਹੀ ਸਭ ਭੁਲਾਯਾ ॥ ੨ ॥

ਪਉੜੀ

ਪਰ ਵਖਾਏ ਖਾਲਸੇ ਰਣ ਦੇ ਵਿਚਕਾਰੀ।
ਵੈਰੀ ਕੀਰਤ ਗਾਵੰਦੇ ਅਖਬਾਰਾਂ ਭਾਰੀ।
ਧਰਤ ਕੰਬਦੀ ਪੈਨ ਜੇ ਗੁਰਸਿਖ ਬਲਕਾਰੀ।
ਜਦੋਂ ਜੈਕਾਰਾ ਗਜਦਾ ਪੈਂਦੀ ਧਮਕਾਰੀ।
ਸਾਹੁ ਸੁਕਦੇ ਕਾਇਰਾਂ ਕਰ ਹਾ ਹਾ ਕਾਰੀ।
ਰਖਦੇ ਜਾਇ ਫਰਾਂਸ ਨੂੰ ਸਿਖ ਜਾਨਾਂ ਵਾਰੀ।
ਤਰਲੇ ਹਾਕਮ ਕਢਦੇ ਕਰ ਮਿਨਤ ਦਾਰੀ।
ਏਸੇ ਕਰਕੇ ਖਾਲਸੇ ਏਹ ਹਿੰਮਤ ਧਾਰੀ।
ਨੌਕਰਸ਼ਾਹੀ ਵਾਸਤੇ ਬਨ ਗਏ ਹਿਤਕਾਰੀ।
ਪਤਾ ਨਹੀ ਸੀ ਭੋਲਿਆਂ ਏਹ ਕਰਨ ਖੁਵਾਰੀ।
ਭੁਲ ਗਏ ਸਾਡੀ ਕਾਰ ਗੁਜ਼ਾਰੀ ॥ ੩ ॥

ਪਉੜੀ

ਚੜਿਆ ਜਟ ਖੜੂਰ ਤੇ, ਮਨ ਖਵਨ ਰੱਚਾ।
ਰਜ ਗਿਆ ਜਦ ਖਾਇਕੈ, ਕੀ ਰੋਲਾ ਮੱਚਾ।
ਚਲੀ ਹਨੇਰੀ ਕਹਿਰ ਦੀ, ਕੰਬੇ ਤਰ ਅੱਚਾ।
ਖਰਤਾ ਹੋਇਆ ਗਿਰਨ ਦਾ, ਕਰ ਬੇਨਤੀ ਜੱਚਾ
ਦਿਆਂ ਸਰੀਨੀ ਪੀਰ ਦੀ, ਜੇ ਏਥੋਂ ਬੱਚਾ।
ਉਤਰ ਮਥਾ ਟੇਕਦਾ, ਇਹ ਬਿਨੈ ਕਰੱਚਾ।
ਨਾ ਚੜਦਾ ਨਾ ਦੇਵੰਦਾ, ਇਉ ਬੋਲੇ ਸੱਚਾ।

ਨੌਕਰ ਸ਼ਾਹੀ ਦਸਿਆ, ਸੋ ਕਰਤਬ ਪੱਚਾ।
ਬਦਨ ਕਰੈ ਤੇ ਖਿਸਕ ਜਾਇ, ਸੋ ਕਹੀਏ ਕੱਚਾ
ਅੰਦਰੋਂ ਧੋਬਾ ਕੂੜਿਆਰ, ਕੂੜੀ ਹੀ ਰੱਚਾ।
ਨੌਕਰਸ਼ਾਹੀ ਨਾ ਸਤ ਖੱਚਾ ॥ ੪ ॥

ਪਉੜੀ

ਹਾਕਮ ਰਹੇ ਫੁਲਾਵੰਦੇ, ਦੇ ਝੂਠੇ ਲਾਰੇ।
ਵਿਚ ਜੰਗ ਦੇ ਝੋਕਦੇ ਰਹਿੰਦੇ ਇਤਬਾਰੇ।
ਹੁਨ ਸਭ ਟੱਬੇ ਹੋ ਗਏ ਕੀ ਕਰਨ ਵਿਚਾਰੇ।
ਦੇਣ ਰਿਆਇਤ ਹਿੰਦ ਨੂੰ ਇਕਰਾਰ ਵਿਸਾਰੇ।
ਲਗੇ ਦਿਸਣ ਸਾਹਿਆਂ ਉਲਟੇ ਵਰਤਾਰੇ।
ਨਥ ਪਾਵੰਦੇ ਵਟਕੇ ਵਡ ਪੰਜਾਲ ਦੇ
ਸ—— ਮਿਲ ਕਮਾਏਕ ਕੀ ਕਰਦੇ ਕਾਰੇ।
ਲੋਕਾਂ ਰਖੋ ਜੁੜਕੇ ਇਹ ਮਤੇ ਵਿਚਾਰੇ।
ਬਹੇ ਨ ਕਠੇ ਰਹਿਕੈ ਹਿੰਦੀ ਦੋ ਚਾਰੇ।
ਸ਼ਾਦੀ ਗਮੀ ਲਗਾਵੰਦੇ ਬਹੁ ਬੰਧਨ ਸਾਰੇ।
ਨੌਕਰ ਸ਼ਾਹੀ ਬੁਰੇ ਨਜ਼ਾਰੇ ॥ ੫ ॥

ਪਉੜੀ

ਦਏ ਰਿਆਇਤ ਹਿੰਦ ਨੂੰ ਇਹ ਨੌਕਰ ਸ਼ਾਹੀ।
ਖੁਦ ਗਰਜ਼ੀ ਦੇ ਨਸ਼ੇ ਨਾਲ ਜੋ ਬੇ ਗੁਮਰਾਹੀ।
ਕੌਂਸਲ ਵਾਲੇ ਹਿੰਦੀਆਂ ਗਲ ਕਰੀ ਮਨਾਹੀ।

ਰੋਲਟ ਏਕਟ ਫੇਰ ਬੀ ਦੇ ਪਾਸ ਕਰੇਾਹੀ।
ਪਰੇ ਬੰਧਨ ਹਿੰਦੀਆਂ ਪੈ ਜਾਨ ਸਬਾਹੀ।
ਫੜੇ ਪੁਲਿਸ ਜਿਸ ਚਾਹੁੰਦੀ ਮੁਖਤਾਰੀ ਤਾਹੀ।
ਉਜ਼ਰ ਨ ਕੋਈ ਚਲਨਾ ਫਿਰ ਉਸਦੇ ਮਾਹੀ।
ਨਹੀਂ ਸਫਾਈ ਪੁਛਣੀ ਅਦਾਲਤ ਕਾਹੇ।
ਪੁਜੇ ਅੰਦਰ ਜੇਹਲ ਦੇ, ਬੈਠੇ ਦੁਖ ਪਾਹੀ।
ਜਿਸ ਤੋਂ ਹਿੰਦਸਤਾਨ ਦੀ, ਹੋਇ ਪੁਜ ਤਬਾਹੀ।
ਨੌਕਰ ਸ਼ਾਹੀ ਨੀਚ ਦਿਸਾਈ ॥ ੬ ॥

ਪਉੜੀ

ਨੌਕਰ ਸ਼ਾਹੀ ਦਿਸਦੀ, ਵਡੀ ਹੁਸ਼ਿਆਰੀ।
ਵੇਲੇ ਉਤੇ ਹੋਵੰਦੀ, ਮਿਠੀ ਮੁਹ ਭਾਰੀ।
[illegible] ਅਰ ਮਿਨਤ ਦਾਰੀ।
ਪਿਛੋਂ ਠੁਠ ਚੁਮਾਵੰਦੀ, ਕਰ ਬਹੁਤ ਖੁਆਰਾ।
ਵੇਖੋ ਵੇਲੇ ਜੰਗ ਦੇ, ਕੀ ਇਸਨੇ ਧਾਰੀ।
ਹਿੰਦੂ ਮੁਸਲਮਾਨ ਲੋਂ, ਸਭ ਸਿਖ ਵੰਗਾਰੀ।
ਲਾਲਚ ਝੂਠੇ ਦੱਸ ਕੇ, ਸੰਗ ਦੱਤੇ ਮੱਕਾਰੀ।
ਨਾਸ ਕਹਾਯਾ ਦੇਸ ਦਾ, ਯੂਰਪ ਵਿਚਕਾਰੀ।
ਜਾ ਜਾ ਮੋਏ ਸੂਰਮੇ, ਕਈ ਬੇ ਸ਼ੁਮਾਰੀ।
ਧਨ ਦਾਣਾਂ ਵੀ ਖਿਚਿਆ, ਕੀ ਕਹਾਂ ਪੁਕਾਰੀ।
ਤੋਤੇ ਚਸ਼ਮੀ ਚੁਕ ਵਿਖਾਰੀ ॥ ੭ ॥

ਪਉੜੀ

ਨੌਕਰ ਸ਼ਾਹੀ ਬਖਸ਼ਿਆ, ਰੌਲਟ ਇਲ ਭਾਰਾ ।
ਨਾਲੇ ਹੁਕਮ ਸੁਨਾਇਆ, ਕਰ ਕੇ ਹੰਕਾਰਾ ।
ਬੋਲੇ ਗਾ ਸੋ ਬੱਚੇ ਨ, ਹੋ ਮਰੈ ਖੁਆਰਾ ।
ਪਏ ਮੰਨਵਾਂ ਸਾਰਿਆਂ, ਏਹ ਰੈਬ ਤਾਰਾ ।
ਜਿਉ ਜਿਉ ਖਬਰਾਂ ਪੁਜੀਆਂ, ਮਚ ਹਾਹਾ ਕਾਰਾ ।
ਸਾਰੇ ਹਿੰਦ ਸਤਾਨ ਵਿਚ, ਪੈ ਧੁੰਧ ਗੁਬਾਰਾ ।
ਨਿਕੇ ਵੱਡੇ ਤੜਫਦੇ, ਸਭ ਨਰ ਤੇ ਨਾਰਾ ।
ਕਹਿਰ ਖੁਦਾਈ ਟੁਟਿਆ, ਸਿਰ ਹਿੰਦ ਅਪਾਰਾ ॥
ਥਾਂ ਥਾਂ ਜਲਸੇ ਹੋਂਵਦੇ, ਕਰ ਸੋਚ ਵਚਾਰਾ ॥
ਅਗਲਾ ਸਮਾਂ ਵਿਚਾਰਦੇ, ਹਿੰਦੀ ਇਕ ਵਾਰਾ ।
ਸਾਈਂ ਸੱਚਾ ਹੀ ਦਖਵਾਰ ॥ ੮ ॥

ਪਉੜੀ

ਐਸੀ ਸਖਤੀ ਵੇਖ ਕੇ, ਸਭ ਲੋਕ ਰਵਾਏ ।
ਕੱਠੇ ਹੋ ਹੋ ਵੈਲਦੇ, ਸਭ ਦੁਖ ਸਥਾਏ ।
ਨੌਕਰ ਸ਼ਾਹੀ ਬਿਲ ਦੇ, ਕ੍ਰਿਮੈਂ ਵਰਤਾਰੇ ।
ਰੌਲਟ ਐਕਟ ਬਿਲ ਦੀ, ਸਭ ਦਫਾ ਜਿਤਾਏ ।
ਬਹੁਂ ਜੋ ਕੱਠੇ ਹੋਇ ਕੇ, ਬਾਗੀਂ ਸਦਵਾਏ ।
ਪਲਸ ਨ ਛੱਡੇ ਕਦੇ ਵੀ, ਜਿਸਨੂੰ ਦੱਬ ਪਾਏ ।
ਨੌਕਰ ਸ਼ਾਹੀ ਲੜਦੀ, ਏਹ ਰੀਤ ਚਲਾਏ ।

ਮਾਰੇ ਰੋਣ ਨ ਦੇਵੰਦੀ, ਮੂੰਹ ਬੰਦ ਕਰਾਏ।
ਏਹ ਨਜ਼ਾਰੇ ਦਿਸ਼ਦੇ, ਕੀ ਕਿਹਾ ਜਾਏ।
ਨੌਕਰ ਸ਼ਾਹੀ ਕਹਿਰ ਕਮਾਏ ॥ ੯ ॥

ਪਉੜੀ

ਕਿਆ ਕ੍ਰੋਪੀ ਮਾਲਕਾ, ਹੈ ਤੂੰ ਵਰਤਾਈ।
ਏਹ ਮੁਸੀਬਤ ਹਿੰਦ ਦੇ, ਜੋ ਸਿਰ ਤੇ ਪਾਈ।
ਸ਼ੇਰ ਗਊਆਂ ਨੂੰ ਚਾਰਦੇ, ਖਾ ਰਿਹਾ ਕਸਾਈ।
ਖੇਤ ਉਮੜੇ ਵਾੜ ਜੇ, ਕੌ ਰੱਖੇ ਭਾਈ।
ਮਾਂ ਜੇ ਪੁਤਾਂ ਮਾਰਦੀ, ਕੌ ਲਾਡ ਕਰਾਈ।
ਮਿਤ੍ਰ ਦਰੋਹੀ ਮਿਤ ਜੇ, ਵੈਰੀ ਨਹਿ ਕਾਈ।
ਸੋਈ ਹਾਲਤ ਹਿੰਦ ਦੀ, ਡਿੱਠੀ ਅਜ਼ਮਾਈ।
ਨੌਕਰ ਸ਼ਾਹੀ ਲੋੜਦੇ, ਤਿਸ ਧੂੜ ਉਡਾਈ।
ਛਾਉ ਜੋ ਬੈਠੇ ਬਿਰਛ ਦੀ, ਤਿਸ ਰਹੀ ਕਟਾਈ।
ਫਲ ਏਸ ਦਾ ਪੈ ਭੋਗਣਾ, ਸੰਸਾ ਨਹਿ ਰਾਈ।
ਹੇਰ ਫੇਰ ਨ ਕੋਈ ਰਹਾਈ ॥ ੧੦ ॥

ਪਉੜੀ

ਹੈ ਸ਼ੀ ਲਾਟ ਲਾਹੌਰ ਦਾ, ਉਡਵਾਇਰ ਬੰਦਾ।
ਬਾਹਰੋਂ ਮਿਠਾ ਬੋਲਦਾ, ਸੀ ਅੰਦਰ ਗੰਦਾ।
ਦੂਜਾ ਡਾਇਰ ਰਲ ਗਿਆ, ਹਥ ਫੌਜ ਰਖੰਦਾ।
ਓਹਦਾ ਜੰਗੀ ਲਾਟ ਦਾ, ਸੀ ਰਖਦਾ ਮੰਦਾ।

ਦੋਵੇ ਚੋੜ ਚਪਟ ਨੇ, ਗੁਰ ਭੱਲੀ ਕਰੰਦਾ।
ਨੀਯਤ ਏਨ੍ਹਾਂ ਦੋਹਾਂ ਦੀ, ਵਿਚ ਖੋਟ ਵਸੰਦਾ।
ਏਨ੍ਹਾਂ ਹਥ ਪੰਜਾਬ ਦਾ, ਪਰਬੰਧ ਰਹੰਦਾ।
ਤਰਸ ਨ ਮਾਸ਼ਾ ਰਖਦੇ, ਇਨਸ ਨਾਂ ਸੰਦਾ।
ਡੁਬੇ ਵਿਚ ਹੰਕਾਰ ਦੇ, ਲਾ ਅਕਲੇ ਜੰਦਾ।
ਦੋਵੈਂ ਵਾਂਗ ਬਰੂਦ ਸੀ, ਚੰਗਆੜਾ ਪੰਦਾ।
ਡਰੈ ਨ ਪਾਪੀ ਪਾਪ ਕਮੰਦਾ ॥ ੧੧ ॥

ਪਉੜੀ

ਅੰਮ੍ਰਿਤਸਰ ਗੁਰ ਧਾਮ ਦੀ, ਮਹਿਮਾਂ ਅਧਿਕਾਈ।
ਸਿਖ ਆਂਵਦੇ ਹਿੰਦ ਦੇ, ਰਖ ਸਟਧਾ ਭਾਈ।
ਪੂਜਾ ਭੇਟਾ ਚਾਹੜਦੇ, ਬਹੁ ਪ੍ਰੇਮ ਰਖਾਈ।
ਸਚਾ ਏਹ ਬੈਕੁੰਠ ਹੈ, ਪਾ ਦਰਸਨ ਗਾਈ।
ਆਵੈ ਮਾਝਾ ਮਾਲਵਾ, ਉਮੰਗ ਉਠਾਈ।
ਧਨੀ ਪੋਠੋ ਹਾਰ ਨੂੰ, ਕਾਬਲ ਲੌ ਧਾਈ।
ਸਿੰਧ ਬਿਲੋਚਿਸਤਾਨ ਵੀ, ਕਸ਼ਮੀਰ ਗਿਨਾਈ।
ਬਲਖ ਬੁਖਾਰਾ ਆਂਵਦਾ, ਕੰਧਾਰ ਸਬਾਈ।
ਢਾਕਾ ਅਤੇ ਆਸਾਮ ਵੀ, ਬੰਗਾਲ ਸੁਹਾਈ।
ਚਾਰੇ ਕੋਨੇ ਧਰਤ ਦੇ, ਆਵਨ ਉਮਡਾਈ।
ਮਨ ਬ'ਛਤ ਫਲ ਪਾਵਨ ਸਾਈ ॥ ੧੨ ॥

ਪਉੜੀ

ਰੋਜ਼ ਵਸਾਖੀ ਆਵੰਦੇ, ਸਭ ਹੁਮ ਹੁਮਾਈ।
ਨਾਲੇ ਗਰਜ਼ ਵਪਾਰ ਦੀ, ਚਿੱਤ ਵਿਚ ਟਕਾਈ।
ਉਲਟੇ ਮਝਾ ਮਾਲਵਾ, ਨਰ ਨਾਰ ਸਬਾਈ।
ਪੰਜਦਿਨ ਪਹਿਲਾਂ ਮੇਲਿਓਂ, ਕੀ ਰੰਗ ਬਨਾਈ।
ਲੈਕਚਰ ਹੁੰਦੇ ਜ਼ੋਰ ਦੇ, ਬਹੁ ਸਭਾ ਲਗਾਈ।
ਨੌਕਰ ਸ਼ਾਹੀ ਪਕੜਦੀ, ਦੋ ਲੀਡਰ ਭਾਈ।
ਖਿਚਲੂ ਸੈਫਲ ਦੀਨ ਨੂੰ, ਸਤਪਾਲ ਮਲਾਈ।
ਇਸ ਤੋਂ ਭੜਕੇ ਲੋਕ ਸੀ, ਬਹੁ ਜੋਸ਼ ਵਧਾਈ।
ਬੈਂਕ ਨੈਸ਼ਨਲ ਲੁਟਿਆ, ਫਿਰ ਅੱਗ ਲਾਈ।
ਟੌਨਹਾਲ ਵੀ ਸਾੜਿਆ, ਤੜਥੱਲ ਮਚਾਈ।
ਵਿਚ ਪੰਜਾਬੇ ਲਹਿਰ ਚਲਾਈ ॥ ੧੩ ॥

ਪਉੜੀ

ਰੁਜਰਾਂ ਵਾਲੈ ਸਾੜਿਆ ਅਸਟੇਸ਼ਨ ਮਾਰਾ।
ਨਾਲ ਕਚਹਿਰੀ ਫੂਕਦੇ ਗਿਰਜਾ ਇਕ ਭਾਰਾ।
ਪਟੜੀ ਪੁਟਨ ਰੇਲ ਦੀ ਕਈ ਥਾਇ ਗੁਵਾਰਾ।
ਬੱਚੇ ਵਜ਼ੀਰਾਂ ਬਾਦ ਨ ਜੋ ਖਾਸ ਦਿਵਾਰਾ।
ਅਸਟੇਸ਼ਨ ਦੇ ਗਿਰਦਿਓਂ ਢਹਿ ਗਈ ਅਪਾਰਾ।
ਰੌਲਾ ਵਿਚ ਪੰਜ ਥ ਦੇ, ਪੈ ਗਿਆ ਕਰਾਰਾ।
ਝੋਲੀ ਚੁਕਾਂ ਹੋ ਗਿਆ ਹੁਨ ਕਰਨ ਰੁਜ਼ ਗਾਰਾ।

ਮਿਲੈ ਨਾਲ ਸਰਕਾਰ ਦੇ ਕੀ ਕਰਦੇ ਕਾਰਾ।
ਨਾਸ ਕਰਾਵਨ ਦੇਸ ਦਾ ਏਹ ਮਤਾ ਚਿਤਾਰਾ।
ਮਾਰਸ਼ਲਲਾ ਹੁਨ ਕਰਵਿਓ ਨਹੀ ਦੂਜਾ ਚਾਰਾ।
ਉਡ ਇਰ ਨੂੰ ਏਹ ਪੁਕਾਰਾ ॥ ੧੪ ॥

ਪਉੜੀ

ਖਾਸ ਵਿਸਾਖੀ ਰੋਜ਼ ਨੂੰ ਵਡ ਸਭਾ ਲਗਾਨੀ।
ਜਲ੍ਹਿਆਂ ਵਾਲੇ ਬਾਗ ਦੇ ਵਿਚ ਕਾਰ ਮਿਦਾਨੀ।
ਵਿਦਿਆਰੱਥੀ ਕਾਲਜਾਂ ਬਹੁ ਲੋਕ ਸੈਲਾਨੀ।
ਬਹੁਤੇ ਪੇਂਡੂਆਂ ਜਟ ਸੀ, ਕੇਵਲ ਅਗਿਆਨੀ।
ਕੱਠਾ ਬੜਾ ਹਜੂਮ ਸੀ ਪਰ ਅਮਨ ਅਮਾਨੀ।
ਲੈਕਚਰ ਹੁੰਦੇ ਜੋਸ਼ ਦੇ ਹਿਤ ਦੇਸ ਪਛਾਨੀ।
ਸਿਰ ਤੇ ਇਕ ਜਹਾਜ਼ ਵੀ ਉਡੇ ਅਸਮਾਨੀ।
ਝੰਡੀ ਦਿਤੀ ਓਸ ਨੇ ਤਾਂ ਲਾਲ ਨਿਸ਼ਾਨੀ।
ਓਧਰ ਡਾਇਰ ਆਖਿਆ ਲੈ ਫੌਜ ਮਹਾਨੀ।
ਹੈ ਸਨ ਫੌਜੀ ਗੋਰਖੇ, ਜੋ ਤੁਖਮ ਸ਼ਤਾਨੀ।
ਮਿਲਜਾ ਹੁਕਮ ਨ ਦੇਰ ਲਗਾਨੀ ॥ ੧੫ ॥

ਪਉੜੀ

ਸ਼ੋਰ ਸ਼ਰਾਬਾ ਹੋ ਗਿਆ, ਜੋ ਪਹਿਲਾਂ ਗਾਯਾ।
ਇਕ ਦੋ ਗੋਰੇ ਜਿਨ੍ਹਾਂ ਨੇ, ਪਸਤੌਲ ਚਲਾਯਾ।
ਮੋਏ ਸਜਮੇਂ ਵਿਚ ਸੀ, ਫਲ ਕਰਨੀ ਪਾਯਾ।

ਇਕ ਮੇਮ ਨੂੰ ਘੇਰ ਕੇ, ਸੀ ਬਹੁਤ ਸਤਾਯਾ।
ਕੰਮ ਕਰਿਆ ਏਹ ਮੂਰਖਾਂ, ਫਲ ਉਲਟਾ ਲਾਯਾ।
ਨੌਕਰ ਸ਼ਾਹੀ ਏਸ ਨੂੰ, ਚੁਕ ਬਹੁਤ ਵਧਾਯਾ।
ਗਦਰ ਏਸ ਨੂੰ ਦੱਸ ਕੇ, ਹੈ ਜ਼ੁਲਮ ਕਮਾਯਾ।
ਬੈਠੇ ਲੋਕੀ ਅਮਨ ਵਿਚ, ਚੁਪ ਚਾਪ ਦਬ ਯਾ।
ਗਿਜ਼ਦੇ ਫੌਜੀ ਹੋਗਏ, ਜਦ ਹੁਕਮ ਚੜ੍ਹਾਯਾ।
ਕਾਰਤੂਸ ਸਭ ਘਤਦੇ, ਨਹਿ ਚਿਤ ਸ਼ੁਮਾਯਾ।
ਬੇਦਰਦਾਂ ਨੂੰ ਤਰਸ ਨ ਆਯਾ॥ ੧੬ ॥

ਪਉੜੀ

ਤੜ ਤੜ ਛੁਟਨ ਗੋਲਿਆ, ਜਿਉ ਜੋਂ ਭਠ ਮਾਰੇ।
ਦੜ ਦੜ ਭਿਗਨ ਯਾਤਰੂ, ਜੋ ਵੇਖਣ ਹਾਰੇ।
ਹਥ ਸੀ ਖਾਲੀ ਸਾਰਿਆਂ, ਜੋ ਬੰ ਹਥਯਾਰੇ।
ਨੌਕਰ ਸ਼ਾਹੀ ਘੱਤਿਆ, ਕੀ ਕਹਿਰ ਕਹਾਰੇ।
ਵਿਦਿਆਰਥੀ ਮਰ ਗਏ, ਮਾਂ ਪੁਤ ਦੁਲਾਰੇ।
ਕਈ ਜੁਵਾਨ ਰੰਗੀਲੜੇ, ਨਾਰਾਂ ਭਹਤਾਰੇ।
ਵੀਰ ਭੈਣਾਂ ਦੇ ਮਰ ਗਏ, ਜੋ ਬਹੁਤ ਪਿਯਾਰੇ।
ਰੋਂਦੇ ਬੱਚੇ ਛਡਦੇ, ਕਈ ਬੁਢੇ ਵਾਰੇ।
ਰਾਹ ਨ ਕਿਧਰੇ ਲਭਦਾ, ਕੀ ਕਰਨ ਵਿਚਾਰੇ।
ਗਿਜ਼ਦੇ ਗਿਦੇ ਮਕਾਨ ਸੀ, ਢਾਥੇ ਵਿਚਕਾਰੇ।
ਛਿਜ਼ਦੇ ਹਾਹਾ ਕਾਰ ਪੁਕਾਰੇ ॥ ੧੭ ॥

ਪਉੜੀ

ਨਾਕਮ ਭੈੜੇ ਦੇਸ ਦਾ, ਭੈੜਾ ਉਡਵਾਇਰ।
ਭੈੜੀ ਓਸ ਜ਼ਬਾਨ ਤੋਂ, ਕੀਤਾ ਕੀ ਜ਼ਾਹਿਰ।
ਮੰਨਜ਼ ਵਾਲਾ ਓਸ ਦਾ, ਦੂਜਾ ਸੀ ਡਾਇਰ।
ਨੱਸ ਪਏ ਸਭ ਲੋਕ ਸੀ, ਰੋਕੇ ਨਹੀਂ ਫਾਇਰ।
ਮੋਇਆਂ ਉਤੇ ਮਾਰਦਾ, ਇਹ ਵੱਡਾ ਕਾਇਰ।
ਨੱਸ ਨ ਸੱਕੇ ਕੋਈ ਥੀ, ਏਥੋਂ ਹੁਨ ਥਾਹਿਰ।
ਡਾਇਰ ਫੰਦਕ ਭੁਨਦਾ, ਪੰਜਾਬੀ ਤਾਇਰ।
ਛੁਟੇ ਨਾਲੇ ਲਹੂ ਦੇ, ਜਿਉ ਟੁਟਾ ਸਾਇਰ।
ਮ੍ਰਿਗ ਪੰਜਾਬੀ ਬਚੜੇ, ਏਹ ਖ਼ਨੀ ਨਾਹਿਰ।
ਜਦ ਤੋਕਰ ਸੀ ਗੋਲੀਆਂ ਰਹਿ ਦੇ ਭੜਕਾਇਰ।
ਪਈ ਹੱਲ਼ ਜੁਲੀ ਦੱਸੇ ਸ਼ਾਇਰ ॥ ੧੮ ॥

ਪਉੜਾ

ਕਈਆਂ ਜਾਨਾਂ ਦਿਤਿਆ, ਕਈ ਅੰਗ ਕਟਾਏ।
ਸੱਟਾ ਖਾ ਕਈ ਭਿਗਦੇ, ਬਹੁ ਜ਼ਖਮ ਲਗਾਏ।
ਕਈ ਪਜਾਸੇ ਨੀਰ ਦੇ, ਭ ਢੇ ਤੜਫਾਏ।
ਜਾਨ ਨ ਦੇਂਦੇ ਕਿਸੇ ਨੂੰ, ਜੋ ਤਰਸ ਕਮਾਏ।
ਜਾਕੇ ਦੁਖੀ ਨਿਮਾਨਿਆਂ, ਜੋ ਨੀਰ ਪਲਾਏ।
ਮਾਰ ਸੁਲਾਏ ਮੁਫਤ ਹੀ, ਫਿਰ ਪਹਿਰੇ ਲਾਏ।
ਘਰ ਘਤ ਦੋਨੇ ਪਿਟਨੇ, ਪੰਜਾਬ ਸਬਾਏ।

ਕਹਿਰ ਵਰਤਿਆ ਦੇਸ਼ਤੇ, ਕੋ ਰਹੀ ਨ ਜਾਏ ।
ਛਡੇ ਪੰਜ ਸੱਤ ਜ਼ਿਲੇ ਸੀ, ਹੋਰ ਸਬੇ ਦਬਾਏ ।
ਥਾਂ ਥਾਂ ਫੌਜਾਂ ਘਲਿਆਂ, ਕੀ ਕਹਾਂ ਸੁਨਾਏ ।
ਏਨ੍ਹਾਂ ਲੋਕੀ ਬਹੁਤ ਦੁਖਾਏ ॥ ੧੯ ॥

ਪਉੜੀ

ਸੁਧਾ ਸਰੋਵਰ ਸ਼ਹਿਰ ਦੇ, ਵਿਚ ਕੀ ਵਰਤਾਈ ॥
ਹਲਕਾਂ ਹੋਈ ਪੁਲਸ ਨੇ, ਬਹੁ ਧੁੰਮ ਮਚਾਈ ॥
ਕਈ ਘਰਾਂ ਵਿਚ ਜਾਇਕੈ, ਭਾਂਡਾ ਢਮਕਾਈ ॥
ਏਹੋ ਹਾਲਤ ਫੌਜੀਆਂ, ਕਿਨ ਘੱਟ ਰਖਾਈ ॥
ਬਹੁਤੇ ਪਕੜ ਬੋਦੋਂਸਿਆ, ਆ ਸ਼ਜ਼ਾ ਦਵਾਈ ।
ਕਈ ਜਗਾਂ ਤੋਂ ਲੁਟ ਵੀ, ਹਥ ਏਨ੍ਹਾਂ ਆਈ ॥
ਹਾ ਕਿਸਮਤ ਇਸ ਦੇਸ਼ਦੀ, ਕੀ ਰਬ ਲਿਖਾਈ ॥
ਵੀਰ ਵੀਰ ਨ ਰਖਦੇ, ਹਮ ਦਰਦੀ ਕਾਈ ॥
ਨੌਕਰ ਸ਼ਾਹੀ ਦੱਬ ਤੇ, ਸਭ ਰਹੇ ਚੜ੍ਹਾਈ ॥
ਮਾਂਉ ਜਵਾਨੀ ਮੁਫਤ ਗੁਵਾਈ ॥ ੨੦ ॥

ਪਉੜੀ

ਛੋਟੇ ਬੱਚੇ ਬਹੁਤ ਹਾ, ਨ ਹੱਕ ਸਤਾਏ ॥
ਪੜਨੇ ਵਾਲੇ ਲਾਡਲੇ, ਪੈਦਲ ਚਲਵਾਏ ॥
ਧੁਪ ਵਸਾਖੇ ਕੜਕਵੀਂ, ਕੈਸੇ ਦੌੜਾਏ ॥
ਪੈਂਡਾ ਸੋਲ੍ਹਾਂ ਮੀਲ ਦਾ, ਨ ਕਿਤੇ ਠਹਿਰਾਏ ॥

ਪਾਨੀ ਪੀਨ ਨ ਦੇਂਵਦੇ, ਅਸਵਾਰ ਲਗਾਏ।
ਕਈ ਵਿਚਾਰੇ ਵਿਲਕਦੇ, ਜਦ ਬੈਂਤਾਂ ਖਾਏ।
ਮਾਰ ਖਾਂਦਿਆਂ ਮਰ ਗਏ, ਸ਼ਹੀਦੀ ਪਾਏ।
ਗੋਰੇ ਤੇ ਕਈ ਦੇਸੀਆਂ, ਬਹੁ ਜ਼ੁਲਮ ਕਮਾਏ।
ਗੋਰੇ ਤਾਂ ਪ੍ਰਦੇਸ ਦੇ, ਕੀ ਦਰਦ ਰਖਾਏ।
ਲਾਨਤ ਓਨ੍ਹਾਂ ਦੇਸੀਆਂ, ਮੂੰਹ ਕਾਲਖ ਲਾਏ।
ਕਰਦ ਜ਼ੁਲਮ ਨਹੀ ਸ਼ਰਮਾਏ ॥ ੨੧ ॥

ਪਉੜੀ

ਭੁਖੇ ਕਈ ਸਲਾਮ ਦੇ, ਕੀ ਕਿਰਤ ਕਮਾਂਦੇ।
ਲੋਕਾਂ ਤੋਂ ਕਰ ਸਖਤੀਆਂ, ਸਨ ਈਨ ਮਨਾਂਦੇ।
ਹਥ ਸਲਾਮਾਂ ਜੋੜ ਕੇ, ਫੜ ਜਬਰ ਕਰਾਂਏ।
ਘੁੰਡ ਨਾਰੀਆਂ ਚੁਕਦੇ, ਮੂੰਹ ਉਨ੍ਹਾਂ ਬੁਕਾਂਦੇ।
ਕਰ ਨਾਰਾਂ ਬੇ ਹੁਰਮਤੀ, ਆਪੋਂ ਹਰ ਖਾਂਦੇ।
ਹਥ ਨਾਰਾ ਦੇ ਚੁਮਦੇ, ਨਾ ਹੀ ਮਰ ਜਾਂਦੇ।
ਛੋਕੀ ਪਭੁਤਾ ਭੁਲਦੇ, ਘਰ ਨਰਕ ਬਨਾਂਦੇ।
ਤਾਂ ਜਾਨਣ ਜਦ ਆਇਕੈ, ਜਮ ਡੰਡੇ ਲਾਂਦੇ।
ਸਾਰੇ ਵਿਚ ਪੰਜਾਬ ਦੇ, ਤੜਥਲ ਮਚਾਂਦੇ।
ਦੇਸ ਦੋਹੀ ਪਾਪੀਓ, ਮੂੰਹ ਦਾਗ ਲਵਾਂਦੇ।
ਮਨ ਮੰਦੇ ਕਰ ਮੰਦ ਵਖਾਂਦੇ ॥ ੨੨ ॥

ਪਉੜੀ

ਕਈ ਵਿਚਾਰੇ ਤੋਰਦੇ, ਵਡ ਕਾਲੇ ਪਾਨੀ।
ਕਈਆਂ ਕੈਦਾਂ ਮਿਲਿਆਂ, ਮਿਲਿਆਂ ਦੁਖਦਾਨੀ।
ਝੱਲੀ ਚੁਕਾਂ ਭੈੜੇਆਂ, ਕਰ ਰਖੀ ਸ਼ਿਤਾਨੀ।
ਦੇਸ਼ ਦੋਹੀਂ ਬਨ ਗਏ, ਬਹੁਤੇ ਅਭਮਾਨੀ।
ਲਾਜ ਨ ਅਪਣੇ ਦੇਸ ਦੀ, ਮੂਰਖ ਅਗਿਆਨੀ।
ਖੁਸ਼ੀ ਕਰਨ ਲਈ ਗੋਰਿਆਂ, ਕੀ ਕ੍ਰਿਤ ਕਮਾਨੀ।
ਧੀਆਂ ਭੈਣਾਂ ਦੀਆਂ ਇਜ਼ਤਾਂ ਕਰਰਹੇ ਵਿਰਾਨੀ।
ਭੈੜੇ ਨਹੀ ਵਿਚਾਰਦੇ ਏਹ ਦੇਸ ਕਹਾਨੀ।
ਧੀ ਭੈਣ ਜੋ ਕਿਸੇ ਦੀ ਹੁਇ ਆਪ ਸਮਾਨੀ।
ਮੰਦਾ ਵਾਕ ਨ ਬੋਲਦੇ ਏਹ ਮਰਦ ਨਸ਼ਾਨੀ।
ਵਿਚ ਪੰਜਾਬੇ ਹੈ ਪਰਗਟਾਨੀ ॥ ੨੩ ॥

ਪਉੜੀ

ਕਹਿਰ ਲ ਹੋਰੇ ਵਰਤਿਆ ਵਿਚ ਗੁਜਰਾਂਵਾਲੈ।
ਸ਼ੇਖੂ ਪੁਰੇ ਕਸੂਰ ਵੀ ਵਰਤੇ ਏਹ ਚਾਲੇ।
ਅੰਮ੍ਰਤ ਸਰੇ ਕਠਾਣੀਆਂ ਪੱਟੀ ਅਜਨਾਲੇ।
ਬਾਰ ਸਮਿਥ ਸ਼ਿਤਾਨ ਦੇ ਸਨ ਕੰਮ ਦਿਖਾਲੇ।
ਸ੍ਰੀ ਰਾਮ ਇਕ ਸੂਦ ਸੀ ਦੋਵੇਂ ਮੂੰਹ ਕਾਲੇ।
ਹਦ ਟਪਾਲੀ ਜ਼ੁਲਮ ਦੀ ਓਹ ਕਹਿਰ ਕਮਾਲੇ।
ਚੇਤੇ ਕਰ ਮੰਨ ਧੱਕਦਾ ਓਹ ਮੰਦ ਖਿਆਲੇ।

ਏਹੋ ਜੈਸੇ ਹੋਰ ਭੀ ਜੋ ਕਰਨ ਕੁਚਾਲੇ।
ਵੈਰ ਲਏ ਕਈ ਦੇਸਾਂਅਾਂ, ਲਖ ਸਮੇਂ ਸੁਖਾਲੇ।
ਇਕ ਦੂਜੇ ਪਕੜਾਂਵਦੇ ਮਨ ਖੋਟ ਸੰਭਾਲੇ।
ਕੀ ਸਤਿ ਗੁਰ ਨੇ ਸਮੇਂ ਵਖਾਲੇ ॥ ੨੪ ॥

ਪਉੜੀ

ਕੰਮ ਆਪਣਾਂ ਭਾਂਇਰ ਨੇ ਜਦ ਬੰਦ ਕਰਾਜਾ।
ਕਈ ਸੈਂਕੜੇ ਮਾਰ ਕੈ ਫਿਰ ਪਹਿਰਾ ਲਾਜਾ।
ਲੋਥਾਂ ਗਾਇਬ ਕੀਤੀਆਂ ਏਹ ਢੰਗ ਚਲਾਜਾ।
ਕੀਤੇ ਅਪਨੇ ਜ਼ੁਲਮ ਤੇ ਹੈ ਪੜਦਾ ਪਾਜਾ।
ਰੂੜ ਸਿੰਘ ਤਾਂ ਮੂੜ ਨੇ ਉਸ ਨੂੰ ਬਖ਼ਸ਼ਾਜਾ।
ਸਦੇ ਵਿਚੇ ਦਰਬਾਰ ਦੇ ਆਦਰ ਦਿਖਲਾਜਾ।
ਕਢੇ ਗੁਰੂ ਖਜ਼ਾਨਿਓ ਗਹਾ ਅਧਿਕਾਜਾ।
ਸਿਰੋਪਾਓ ਦੇ ਉਸ ਨੂੰ ਐਸੇ ਬਤਲਾਜਾ।
ਦਮੜਾ ਇਕ ਹਜ਼ਾਰ ਸੀ ਤਿਸ ਹਥ ਫੜਾਜਾ।
ਦੇਣਾ ਓਨ੍ਹਾਂ ਫੌਜੀਆਂ ਪ੍ਰਸਾਦਿ ਜਤਾਜਾ।
ਜਿਨ੍ਹਾਂ ਲੋਕਾਂ ਮਾਰ ਮੁਕਾਜਾ ॥ ੨੫ ॥

ਪਉੜੀ

ਰੂੜ ਸਿੰਘ ਬੀ ਜਾਨਿਓ, ਭਾਂਇਰ ਦਾ ਭਾਈ।
ਸਿਰੋ ਪਾਉ ਗੁਰ ਧਾਮ ਤੋਂ, ਦੇ ਖੁਸ਼ੀ ਮਨਾਈ।
ਨਾਮ ਸਿਖਾਂ ਦੇ ਉਜਲੇ, ਤਿਸ ਕਾਲਖ ਲਾਈ।

ਪੁਤ ਭਾਈ ਜੇ ਏਸਦਾ, ਮਰਦਾ ਤਿਸ ਜਾਈ
ਦੇਂਦਾ ਫੇਰ ਇਨਾਮ ਜੇ, ਹੁੰਦੀ ਵਡਿਆਈ
ਹੁਨ ਭਾਂ ਇਸਨੇ ਆਪਨੇ, ਸਿਰ ਛਾਈ ਪਾਈ
ਜਾਮਾਂ ਲਾਂਨਤ ਪੈ ਗਿਆ, ਗਲ ਇਸਦੇ ਸਾਈ
ਰਹਿੰਦੀ ਦੁਨੀਆਂ ਤੀਕ ਨ, ਸੋ ਉਤਰੇ ਕਾਈ
ਮੂੰਹ ਨ ਲੌਣਾਂ ਗੁਰੂ ਨੇ, ਏਸਨ ਦੁਤਕਾਈ
ਪਾਵੈ ਵਾਸਾ ਨਰਕ ਦਾ, ਹੈ ਸਚ ਸੁਨਾਈ
ਦੇਸ ਦੋਹੀ ਵਡਾ ਕਹਾਇ। ।। ੨੬ ॥ ੭ ॥

ੴ ਸਤਿ ਗੁਰ ਪ੍ਰਸਾਦਿ ॥

# ਅਕਾਲੀ ਲਹਿਰ ਤੁਰੀ

ਦੋਹਿਰਾ

ਜਿਵੇਂ ਅਕਾਲੀ ਲਹਿਰ ਹੁਨ, ਪ੍ਰਗਟੇ ਵਿਚ ਸੰਸਾਰ ॥
ਕਾਨਰ ਕੋਈ ਏਸਦੇ, ਸੋ ਸਭ ਕਹਾਂ ਪੁਕਾਰ ॥ ੧ ॥

ਪਉੜੀ

ਸਮਾਂ ਜੰਗ ਦਾ ਖਾਲਸੇ, ਸੀ ਚੁਪ ਬਤਾਇਆ ।
ਕੰਮ ਕਾਜ ਜੋ ਧਰਮ ਦਾ, ਸਮ ਰੋਕ ਰਖਾਇਆ
ਦੇਣ ਸਹੈਤਾਂ ਜੰਗ ਦੀ, ਕੁਝ ਨਹੀਂ ਲੁਕਾਇਆ ।
ਪੁਤ ਭਤੀਜੇ ਨਾਤਿਆਂ, ਭਰਤੀ ਕਰਵਾਇਆ

ਬਚਨ ਉਤੇ ਸਰਕਾਰ ਦੇ, ਸੀ ਚਿਤ ਲਗਾਇਆ
ਜੰਗ ਜਦੋਂ ਹੀ ਮੁਕਿਆ, ਰੰਗ ਹੋਰ ਬਣਾਇਆ
ਜਲ੍ਹਿਆਂ ਵਾਲੇ ਬਾਗ਼ ਦਾ, ਸਾਕਾ ਵਰਤਾਇਆ
ਜਿਸਨੇ ਸਿਖਾਂ ਸਿਦਕੀਆਂ, ਹੈਸੀ ਭੜਕਾਇਆ
ਹੁਨਰਲ ਮਿਲਕੇ ਮਾਰਿਆਂ, ਏ ਮਤਾ ਪਕਾਇਆ
ਕੌਮ ਨ ਐਸੇ ਬਚੇ ਗੀ, ਏਹੋ ਲਖ ਪਾਇਆ।
ਸੋਚ ਸਮਝਕੇ ਚਿਤ ਲਗਾਇਆ ॥ ੨ ॥

ਪਉੜੀ

ਕਾਂਗ੍ਰਸ ਜੋ ਹਿੰਦ ਦੀ, ਅੰਮ੍ਰਤ ਸਰ ਆਈ।
ਸਿਖ ਸੀ ਉਸਤੋਂ ਵਖਰੇ, ਨਾ ਰਲਦੇ ਕਾਈ।
ਹਿੰਦੂ ਮੁਸਲਮਾਨ ਨੂੰ, ਰਹਿੰਦੀ ਦੁਚਿਤਾਈ।
ਸਿਖ ਨ ਅਵਨ ਵਿਚਜੇ, ਗਲ ਸਰੇ ਨ ਕਾਈ।
ਲੋੜਨ ਸਿਖਾਂ ਮੇਲਣਾਂ, ਲਖ ਜਤਨ ਕਰਾਈ।
ਕਾਂਗ੍ਰਸ ਤੇ ਆਏ ਜੋ, ਲੀਡਰ ਸਮਝਾਈ।
ਇਕ ਦਿਨ ਸਿਖਾਂ ਉਨ੍ਹਾਂ ਨੂੰ, ਸੀ ਚਾਹ ਛਕਾਈ
ਕਾਂਗਸ ਦੇ ਵਿਚ ਤਾਂ, ਲਏ ਸਿਰ ਬੁਲਾਈ।
ਰਲਦੇ ਕਿਉਂ ਨਹੀਂ ਆਨਕੇ, ਰਹਿ ਬੈਠ ਜੁਦਾਈ
ਸਾਰੇ ਵਡੇ ਲੀਡਰਾਂ, ਏਹ ਬਿਨਤੀ ਗਾਈ।
ਜੁਦਾ ਰਹੇ ਨ ਦੇਸ ਭਲਾਈ ॥ ੩ ॥

ਪਉੜੀ

ਗਲਾਂ ਐਸੀ ਸੁਣਦਿਆਂ, ਸਿਖ ਲੀਡਰ ਸਾਰੇ।
ਕਾਂਗ੍ਰਸ ਦੇ ਨਾਲ ਸੀ, ਮਿਲਦੇ ਹਿਤ ਧਾਰੇ।
ਅਗਲੇ ਦਿਨ ਗੁਰਪੁਰਬ ਸੀ, ਗ੍ਰੰਥ ਦਸਮ ਪਜਾਰੇ
ਨਗਰ ਕੀਰਤਨ ਹੋਣਾ ਕਲ ਮੰਗਲ ਚਾਰੇ।
ਹਿੰਦੂ ਮੁਸਲਮਾਨ ਵੀ ਆ ਚਲੇ ਹਜ਼ਾਰੇ।
ਗੁਰੂ ਗ੍ਰੰਥ ਦੀ ਪਲਕੀ ਸਭ ਲੈਨ ਉਠਾਰੇ।
ਬਹੁਤ ਪ੍ਰੇਮ ਜਨਾਵੰਦੇ ਹੁੰਦੇ ਬਲਿਹਾਰੇ।
ਲੋਕੀ ਹੋਏ ਦੇਖ ਨੇ ਤਕ ਏਹ ਨਜ਼ਾਰੇ।
ਕੌਮਾਂ ਤਿੰਨੇ ਮਿਲਦੀਆਂ ਦੇ ਪ੍ਰੇਮ ਹੁਲਾਰੇ।
ਫੁਟ ਕੁਟ ਕੇ ਕਢਦੇ ਡੰਡੇ ਸਿਰ ਮਾਰੇ॥
ਘਿਉ ਖਿਚੜੀ ਹੁੰਦੇ ਇਕਵਾਰੇ॥ ੪॥

ਪਉੜੀ

ਸਿਖ ਲੀਗ ਬੁਨਿਆਦਵੀ ਸਿਖਾਂ ਤਾਂ ਭਾਰੀ।
ਹਕ ਕੌਮ ਦੇ ਦਖਣੇ ਸਨ ਹੋਏ ਭਾਰੀ।
ਨਹੀ ਦੀਵਾਨ ਸੀ ਤਕਦਾ ਏਹ ਔਕੜ ਸਾਰੀ
ਚਹਿੰਦੇ ਜਾਂਦੇ ਹਕ ਸੀ ਹੋ ਰਹੀ ਖੁਵਾਰੀ।
ਕੌਮੀ ਮੈਂਬਰ ਤੜਫਦੇ ਸਨ ਚਾਲ ਨਿਹਾਰੀ।
ਏਹੋ ਮੌਕਾ ਜਾਨਿਆਂ ਚੰਗਾ ਗੁਨਕਾਰੀ।
ਪ੍ਰਗਟ ਕੀਤਾ ਲੀਗ ਦਾ ਹੋਣਾ ਹਿਤ ਧਾਰੀ।

ਹਿੰਦੂ ਮੁਸਲਮਾਨ ਜੋ ਲੰਙਰ ਦੁਸ਼ਿਆਰੀ।
ਸਦੇ ਸਾ ਵਿਚ ਲੀਗ ਦੇ ਕਰ ਮਿੰਨਤ ਦਾਰੀ।
ਖੁਸ਼ੀ ਹੋਇ ਸੋ ਮੰਨਦੇ ਨਹੀਂ ਨਾਹਿ ਉਚਾਰੀ।
ਹੋਈ ਲਹਿਰ ਵਿਚ ਸਿਖਾਂ ਜਾਰੀ॥ ੫॥

ਪਉੜੀ

ਮਦਨ ਮੋਹਨਾ ਮਾਲਵੀ ਜਗ ਵਿਚ ਸਤਕਾਰੇ।
ਸੈਫ ਦੀਨ ਚਲ ਆਵੰਦਾ ਹੋਰ ਕਈ ਅਪਾਰੇ।
ਲੈਕਚਰ ਦਿਤੇ ਸਾਰਿਆਂ ਹਿਤ ਮੇਲ ਸੁਧਾਰੇ।
ਸਿਖਾਂ ਨੇ ਸੁਨ ਮੰਨਿਆ ਜੋ ਕਿਹਾ ਪੁਕਾਰੇ।
ਧੰਨ ਦਿਹਾੜਾ ਅਜਦਾ ਰਹਿ ਲੋਕ ਉਚਾਰੇ।
ਵੇਖੋ ਸਦੀਆਂ ਵਿਛੜੇ ਮਿਲਦੇ ਹਿਤ ਧਾਰੇ।
ਥੋੜੇ ਹੁਨ ਇਸ ਹਿੰਦ ਦੇ ਲਗ ਜਾਸਨ ਪਾਰੇ।
ਕਈ ਮਲਾਹ ਲਗਾਨ ਗੇ ਰਲ ਚਪੇਤਾਰੇ।
ਏਸੇ ਬਿਨ ਇਤਫਾਕ ਤੋਂ ਰਹਿ ਕਸ਼ਟ ਸਹਾਰੇ
ਜਦੇ ਸ੍ਰੀ ਅਕਾਲ ਜੈਕਾਰ॥ ੬॥

ਪਉੜੀ

ਸਿਖ ਲੀਗ ਹੈ ਸਾਂਭ ਦੀ ਕਰਕੇ ਤਕੜਾਈ।
ਹਕ ਕੌਮ ਦੇ ਰਖਣੇ ਇਹ ਨੀਂਹ ਟਿਕਾਈ।
ਗੁਰ ਧਾਮਾਂ ਦੀ ਰਖਿਆ ਗਲ ਮੁਖੀ ਰਖਾਈ।
ਸਿੰਘ ਹਰ ਚੰਦ ਸ੍ਰਦਾਰ ਨੇ ਸੀ ਗਲ ਉਠਾਈ।

ਤਦੋਂ ਏਸਦੇ ਪਖ ਤੇ ਨਹੀ ਬੋਲੇ ਕਾਈ।
ਹੁਨ ਤਿਸਦੀ ਸਤਿਗੁਰੂ ਨੇ ਹੋ ਗਲ੍ਹ ਵਧਾਈ।
ਸਾਂਭ ਕਰੋ ਗੁਰਦ੍ਵਾਰਿਆਂ ਫਿਰ ਕਾਲ ਚਿਲਾਈ॥
ਬਹੁਤੀ ਸੋਚਾਂ ਸੋਚ ਕੇ ਪੱਕੀ ਠਹਿਰਾਈ।
ਬਨੇ ਅਕਾਲੀ ਫੌਜ ਜੋ ਨਾਮ ਸਾਂਭ ਸਾਈ।
ਏਸੇ ਉਤੇ ਫੈਸ ਨਾ ਸਭ ਰਹੇ ਜਨਾਈ।
ਹੋਨ ਅਕਾਲੀ ਕੇਸੇ ਭ ਈ॥ ੭॥

ਪਉੜੀ

ਕਲਗੀਧਰ ਸਤਿਗੁਰੂ ਨੇ ਜਦ ਸਿੰਘ ਸਜਾਏ।
ਸਚੇ ਪੁਰਖ ਅਕਾਲ ਦੇ ਇਕੋ ਲੜ ਲਾਏ।
ਜਨਮ ਮਰਨ ਦੇ ਗੇੜ ਤੋਂ, ਦੇ ਸੁਧਾ ਛੁਡਾਏ।
ਸਭ ਮਹਜ਼ਬ ਤੋਂ ਵਖਰੇ, ਖਾਲਸਾ ਸਦਵਾਏ।
ਮੜੀ ਮਸਾਣੀ ਗੋਰ ਤੋਂ, ਨਹੀ ਆਸ ਰਖਾਏ।
ਗੁਰੀ ਕੈਰੋਂ ਦੇਵੀਆਂ, ਸਭ ਪਰੈ ਹਟਾਏ।
ਹਰ ਇਕ ਨਾਲ ਪਿਆਰ ਦੀ ਪਟੀ ਸਿਖਲਾਏ।
ਬੁਰਾ ਨ ਕਿਸੈ ਜਾਨਦੇ, ਏਹ ਗੁਨ ਪ੍ਰਗਟਾਏ।
ਕੌੜਾ ਵਾਕ ਨ ਮੁੰਹ ਤੋਂ, ਕਢ ਕਿਸੈ ਸੁਨਾਏ।
ਸਦਾ ਸਹਾਰਾ ਰਖਦੇ, ਮਨ ਸ਼ੁਕਰ ਮਨਾਏ।
ਕਾਦਰ ਕੁਦਰਤ ਵਿਚ ਲਖਾਏ॥ ੮॥

ਪਉੜੀ

ਸਦਾ ਗਰੀਬਾਂ ਰਖਿਆ, ਸਤਿਗੁਰ ਸਿਖਾਈ।
ਪਰ ਨਾਰੀ ਧੀ ਭੈਣ ਦੇ, ਹੈ ਤੁਲੈ ਬਤਾਈ।
ਚੋਰੀ ਚੁਗਲੀ ਈਰਖਾ, ਨਿੰਦਾ ਹਟ ਰਾਈ।
ਕਾਮ ਕ੍ਰੋਧ ਤ ਲੋਭ ਦੀ, ਜੜ ਪੁਟ ਰਵਾਈ।
ਕਰੋ ਤਰਸ ਕਮਜ਼ੋਰ ਤੇ, ਲਾ ਹਿਮਤ ਭਈ।
ਜਰ ਜ਼ਿਮੀਨ ਜ਼ਰ ਜ਼ੋਰ ਨੂੰ ਰਹਿਣਾ ਮੁਖ ਪਾਈ।
ਧਰਮ ਹੇਤ ਸਿਰ ਦੇਣ ਤੋਂ ਨਹਿ ਡਰਨ ਕਦਾਈ।
ਸਭ ਦਾ ਭਲਾ ਮਨਾਵਨਾ ਲੱਖ ਅੰਸ ਖੁਦਾਈ।
ਪ੍ਰਮੇਸਰ ਪ੍ਰਸੰਨ ਹੋਇ ਏਹ ਰੀਤ ਕਮਈ।
ਗਾਠੀ ਰਾਹ ਚਲਾਵਨਾ ਗਰੀਮਤ ਸਿਖਾਈ।
ਇਹ ਅਕਾਲੀਆਂ ਰੀਤ ਸਦਾਈ ।. ੯ ॥

ਪਉੜੀ

ਆਨ ਧਰਮ ਦੀ ਰਖਣੀ ਬਨ ਕੇ ਮਰਦਾਨੇ।
ਧਰਮ ਨੂੰ ਧੱਕਾ ਲਗੇ ਨ ਇਹ ਸਬਕ ਸਿਖ ਨੇ।
ਕੰਘਾ ਕੱਛਾ ਕੜਾ ਲੈ ਲੰਬੀ ਕਿਰਪਾਨੇ।
ਰਖੋ ਅੰਗ ਸਜਾਇ ਕੈ ਗੁਰ ਹੁਕਮ ਪਛਾਨੇ।
ਸਚ ਬੋਲਣਾ ਝੂਠ ਤੋਂ ਡਰ ਰਖੋ ਮਹ ਨੇ।
ਲੜਨਾ ਹੈ ਤ ਅਸੂਲ ਦੇ ਨਹੀ ਪੈਰ ਹਟਾਨੇ।
ਜ਼ਾਤ ਪਾਤ ਤੇ ਬੰਧਨਾ ਕਰ ਦੇਣੇ ਹਾਨੇ।

ਜਾਤ ਇਕ ਹੈ ਰਬ ਦੀ ਕਰ ਚਿਤ ਵਸਾਨੇ।
ਅੰਗ ਅਪਨੇ ਜਾਨ ਕੇ ਸਭ ਦਸ ਨਮਾਨੇ।
ਪਰਧਨ ਵੇਖ ਨ ਡੋਲਨਾ ਸੰਤੋਖ ਰਖਨੇ।
ਗੁਨ ਅਕਾਲੀਆਂ ਏਹੋ ਜਾਨੇ ॥ ੧੦ ॥

ਪਉੜੀ

ਫਸਨਾ ਵਿਚ ਨ ਮੋਹ ਦੇ ਲਖ ਝੂਠ ਪਸਾਰਾ।
ਰਹਿਣਾਂ ਵਾਂਗ ਮੁਸਾਫਰਾਂ ਅੰਦਰ ਸੰਸਾਰਾ।
ਧੀਆਂ ਪੁਤ ਇਕ ਖੇਲ ਹੈ ਜਗ ਦਾ ਵਰਤਾਰਾ।
ਜੈਸੇ ਵਿਚ ਸਰਾਂਇ ਦੇ ਦੋ ਘੜੀ ਗੁਜ਼ਾਰਾ।
ਪੈਣਾਂ ਵਿਚ ਨ ਬੰਦਨਾ ਰੱਖ ਢੰਗ ਨਿਆਰਾ।
ਖੁਲੈ ਹੋ ਕੇ ਵਿਚਰਨਾ ਕਰ ਕਾਰ ਵਿਹਾਰਾ।
ਹਕ ਨ ਮਾਰਨ ਦੂਸਰੇ ਰਖ ਆਪ ਸੰਭਾਰਾ।
ਤਨ ਮਨ ਧਨ ਸਤਿਗੁਰੂ ਦਾ ਛੱਡਿਆ ਹੰਕਾਰਾ।
ਚਿਤ ਵਿਚਾਰਨ ਨਿਤਹੀ ਕਰਨਾ ਉਪਕਾਰਾ।
ਸਤਿਗੁਰ ਸਚੇ ਪਾਤਸ਼ਾਹ ਇਹ ਹੁਕਮ ਉਚਾਰਾ।
ਸੋਈ ਅਕਾਲੀ ਕਰਨ ਪਿਆਰਾ ॥ ੧੧ ॥

ਪਉੜੀ

ਇਕੋ ਓਟ ਅਕਾਲ ਦੀ ਅਨ ਆਸ ਨ ਕਾਈ।
ਰਹਿਣਾ ਵਿਚ ਆਜ਼ਾਦੀਆਂ ਸਦ ਸੁਖ ਮਨਾਈ।
ਨਸਨਾ ਦੂਰ ਗੁਲਾਮੀਓ ਲਖ ਕੇ ਦੁਖਦਾਈ।

ਜੀਵਨ ਬੁਰਾ ਗੁਲਾਮ ਦਾ ਏਹ ਸੱਚੀ ਗਾਈ।
ਸੁਖ ਨ ਕਦੇ ਗਲਾਮ ਨੰ ਰਹਿੰਦੀ ਦਚਤਾਈ।
ਸਾਹੁ ਸੁਕਦਾ ਡਰਿਦਿਆਂ ਨਹਿ ਬੋਲ ਸਕਾਈ।
ਨੀਵੀਂ ਅੱਖ ਗੁਲਾਮ ਦੀ ਨਹੀਸੋ ਹੈ ਤਕਾਈ।
ਭੋਰਾ ਡਿਗੇ ਓਸ ਤੋਂ ਲੈ ਕੇ ਮੂੰਹ ਪਾਈ।
ਤਾਂ ਭੀ ਥਰ ਥਰ ਕੰਬਦਾ ਇਹ ਬੜੀ ਬੁਰਾਈ।
ਅਗੇ ਮਾਲਕ ਰਖਦਾ ਜੋ ਕਰੈ ਕਮਾਈ।
ਨਹੀ ਗੁਲਾਮ ਅਕਾਲੀ ਭਾਈ॥ ੧੨ ॥

ਪਉੜੀ

ਏਸ ਗਲਾਮੀ ਵਾਸਤੇ ਤਿਨ ਅਖਰ ਆਏ।
ਗਗਾ ਲੱਲਾ ਮੰਮਿਓ ਰੁਨ ਦਿਆ ਬਤਾਏ।
ਗਗਾ ਗੌਲਾ ਗਧਾ ਹੋ ਮਾਲਕ ਲਦਵਾਏ।
ਗਗਾ ਗੁੰਗਾ ਹੋਂਵਦਾ ਨਹਿ ਬੋਲ ਸਕਾਏ।
ਲੱਲਾ ਲਾਦੂ ਊਠ ਜਿਉ ਨਾਕੇਲ ਪੁਵਾਏ।
ਮਮਾ ਮੁਰਦਾ ਹੋਇ ਕੇ ਨਹਿ ਅੰਗ ਹਲਾਏ।
ਮੰਨੇ ਦੁਖ ਨ ਫੇਰ ਭੀ ਹੈ ਮਸਤ ਰਹਾਏ।
ਮਾਰੀ ਮਤ ਨ ਸੋਚਦਾ ਹੈ ਭਲਾ ਕਦਾਏ।
ਲੇਸ ਨ ਹੁੰਦੀ ਸੁਖਾਂ ਦੀ ਦੁਖ ਉਮਰ ਵਿਹਾਏ।
ਤਾਂਤੇ ਏਸ ਗੁਲਾਮੀਓ ਸਤਿ ਗੁਰੂ ਬਚਾਏ।
ਨਹੀ ਅਕਾਲੀ ਨੇੜ ਲਗਾਏ॥ ੧੩ ॥

ਪਉੜੀ

ਰਹੰਦੇ ਵਿਚ ਅਜ਼ਾਦੀਆਂ ਤਿੰਨ ਅੱਖਰ ਸਾਲੀ।
ਤਿਨੇ ਗੁਣ ਦੀ ਖਾਨ ਨੇ ਤਿਨੀ ਹੀ ਕਾਲੀ।
ਐੜਾ ਰੂਪ ਅਨੰਦ ਦਾ ਆਹਰ ਦਾ ਵਾਲੀ।
ਐੜਾ ਅਕਲ ਵਧਾਵੰਦਾ ਕਰ ਸੁਧ ਖਿਆਲੀ।
ਐੜਾ ਆਦਤ ਭੈੜੀਆਂ ਦੇ ਸਾੜ ਕੁਠ ਲੀ।
ਐੜਾ ਆਪ ਜਨੰਵਦਾ ਕਰਨੀ ਰਖਵਾਲੀ।
ਜ਼ਜ਼ਾ ਜ਼ਰ ਦੀ ਕਮੀ ਨ ਦੇ ਜ਼ੋਰ ਬਿਸਾਲੀ।
ਜ਼ਜ਼ਾ ਜ਼ੁਲਮ ਮਿਟਾਵਨਾ ਉਪਕਾਰ ਸੰਭਾਲੀ।
ਦਦਾ ਦਾਨੁ ਸੁ ਦਯਾ ਦੀ ਦਸ ਦੇਵੈ ਚਾਲੀ।
ਬਖਸ਼ੀ ਦਾਤੁ ਸੁ ਗੁਰੂ ਨੇ ਕਰ ਨਦਰ ਨਿਹਾਲੀ।
ਵਿਚ ਅਜ਼ਾਦੀ ਰਹਿਨ ਅਕਾਲੀ ॥ ੧੪ ॥

ਪਉੜੀ

ਸਿਖ ਲੀਗ ਵਿਚ ਸੋਚਦੇ ਕਰ ਬਹੁਤ ਵਿਚਾਰਾ।
ਚਾਹੀਦਾ ਹੈ ਹੋਵਨਾ ਅਪਣਾ ਅਖਿਬਾਰਾ।
ਝਟ ਅਕਾਲੀ ਕਢਿਆ ਸੇਵਕ ਹੁਸ਼ਆਰਾ।
ਕਰਨੀ ਸੇਵਾ ਕੌਮ ਦੀ ਏਹ ਮੰਤਵ ਭਾਰਾ।
ਕਟੇਦਾ ਨਿਡਰ ਹੋਇਕੇ ਸਚਾ ਇਜ਼ਹਾਰਾ।
ਵੱਸੇ ਨੌਕਰ ਸ਼ਾਹੀ ਦੀ ਛਾਤੀ ਵਿਚਕਾਰਾ।
ਨੌਕਰ ਸ਼ਾਹੀ ਏਸ ਤੋਂ ਡਰ ਖਾਏ ਕਰਾਰਾ।

ਕਰੇ ਸ਼ਖਤੀਆਂ ਬਹੁਤ ਹੀ ਜੋ ਕੰਮ ਨਿਕਾਰਾ।
ਛਟਿਆ ਵਿਚ ਮੈਦਾਂਨ ਦੇ ਰਖ ਗੁਰੂ ਸਹਾਰਾ।
ਮਾਨ ਤਾਨ ਬਹੁ ਪੰਥ ਦਾ ਹੈ ਇਸ ਤੇ ਭਾਰਾ।
ਰਹੇ ਰਜਦਾ ਗੁਰੂ ਪਿਆਰਾ ॥ ੧੫।

ਪਉੜੀ

ਨੌਕਰ ਸ਼ਾਹੀ ਅਪਣੇ ਇਕਰਾਰ ਭੁਲਾਏ।
ਕੰਧ ਗਿਰੀ ਗੁਰਧਾਮ ਦੀ ਹੁਣ ਨਹੀ ਬਨਾਏ।
ਮਤਲਬ ਅਪਣਾ ਕੱਢਕੇ ਹੁਨ ਠੁਠ ਚੁਮਾਏ।
ਓਧਰ ਚੀਫ ਦੀਵਾਨ ਬੀ ਤਿਸ ਹਥ ਨ ਚਾਏ।
ਟਾਲ ਮਟੋਲੇ ਰਖਦਾ ਨਹੀ ਸੱਚ ਸੁਨਾਏ।
ਪਿੱਠ ਪੂਰੇ ਸਰਕਾਰ ਦੇ ਸਿਖਾਂ ਸ਼ਰਮਾਏ।
ਸਿਖਾਂ ਵੇਖ ਕੁਚਾਲ ਨੂੰ ਹੁਣ ਮਤੇ ਪਕਾਏ।
ਕੰਧ ਬਨੇ ਗੁਰਧਾਮ ਦੀ ਕੋ ਜਤਨ ਕਰਾਏ।
ਸਿੰਘ ਸ਼ਾਰਦੂਲ ਕਵੀਸ਼ਰ ਵਿਦਵਾਨ ਸਦਾਏ।
ਸਿਖ ਲੀਗ ਦਾ ਸੇਵਕੋ ਗੁਰ ਸੇਵਾ ਭੁਲਾਏ।
ਇਸ਼ਤਿਹਾਰ ਭਿਸਕੇ ਕਢਵਾਏ ॥ ੧੬ ॥

ਪਉੜੀ

ਤਿਸਨੇ ਅਗੋ ਪੰਥ ਦੇ ਏਹ ਅਰਜ਼ ਗੁਜਾਰੀ ॥
ਕੰਧ ਗਿਰੀ ਗੁਰ ਧਾਮ ਦੀ ਸਭ ਰਹੇ ਨਿਹਾਰੀ।
ਨੌਕਰ ਸ਼ਾਹੀ ਦਿਸਦੀ ਕਰ ਰਹੀ ਖੁਵ ਰੀ।

ਉਸ ਨੂੰ ਨਹੀਂ ਬਨਾਵੰਦੀ ਵੰਡੀ ਹੰਕਾਰੀ।
ਏਸ ਗੱਲ ਨੂੰ ਮੁਖ ਨਾ ਲੋ ਸਕੇ ਸਹਾਰੀ।
ਉਦਮ ਕਰੀਏ ਆਪ ਹੀ ਕਰ ਹਿੱਮਤ ਭਾਰੀ।
ਸੋ ਸਿਖ-ਐਸਾ ਲੋੜੀਏ ਜੋਧਾ ਉਪਕਾਰੀ।
ਆਵੈ ਵਿਚ ਮੈਦਾਨ ਦੇ ਫਿਰ ਮੋੜ ਵਸਾਰੀ।
ਦਿੱਲੀ ਜਾਕੇ ਕੰਧ ਦੀ ਜੋ ਕਰਣ ਉਸਾਰੀ।
ਮਾਰ ਖਾਣ ਨਹੀ ਮਾਰਨਾ ਇਸ ਪੁੱਨ ਦੀ ਧਾਰੀ।
ਹੋਨ ਅਕਾਲੀ ਜੋ ਬਲਿਕਾਰੀ॥ ੧੭ ॥

ਪਉੜੀ

ਦਰ ਦਰ ਜਦ ਪਜੀਆਂ ਏਹ ਖਬਰਾਂ ਸਾਰੇ।
ਸੁਨ ਸਿੰਘ ਖੁਸ਼ੀ ਮਨਾਵੰਦੇ ਹਰਖਾਵਨ ਭਾਰੇ।
ਘੱਲਨ ਲਗੇ ਅਰਜ਼ੀਆਂ ਸਨ ਗੁਰੂ ਦੁਲਾਰੇ।
ਕਰਨੇ ਨੂੰ ਕੁਰਬਾਨੀਆਂ ਹੋ ਗਏ ਤਿਆਰੇ।
ਸਤ ਸੋ ਅਰਜ਼ੀ ਆ ਗਈ ਦਫਤਰ ਵਿਚਕਾਰੇ।
ਬੰਦ ਨ ਹੋਈਆਂ ਅਜੇ ਸੀ ਤਾ ਲਿਆ ਵਿਚਾਰੇ।
ਧੰਨ ਗੁਰੂ ਦਾ ਪੰਥ ਹੈ ਨਹੀਂ ਸੰਸਾ ਧਾਰੇ।
ਲੈਣਾ ਚਹੇ ਸ਼ਹੀਦੀਆਂ ਕਰਕੇ ਉਪਕਾਰੇ।
ਭਾਂਵੇਂ ਢਿਲੇ ਹੋਇ ਸੀ ਕੁਝ ਸਮੇਂ ਨਿਹਾਰੇ।
ਪਰ ਨਹੀ ਜ਼ਹਰ ਛਡਿਆ ਜੋ ਠੱਠਾਂ ਮਾਰੇ।
ਧੰਨ ਅਕਾਲੀ ਮੈਂ ਬਲਿਹਾਰੇ॥ ੧੮ ॥

ਪਉੜੀ

ਹੀਰਾ ਹੇਠਾਂ ਕੋਡ੍ਹਆਂ ਨਹੀ ਛਪੇ ਛਪਾਯਾ।
ਭਾਂਵੇਂ ਮਿਟੀ ਦਈਏ ਨਹੀ ਕਦਰ ਘਟਾਯਾ।
ਭਾਂਵੇਂ ਜੱਟ ਚਲਾਵੰਦਾ ਘੋ ਬਾਣੀ ਪਾਯਾ।
ਸਾਰ ਨ ਜਾਣੇ ਓਸਦੀ ਵਿਚ ਨਦੀ ਵਗਾਯਾ।
ਖੋਟਾ ਖਤ੍ਰਾ ਪਛਾਨੀਏ ਜੌਹਰੀ ਦਸਾਯਾ।
ਪੈਂਦਾ ਮੁਲ ਆਪਾਰ ਹੀ ਪਰਖੇ ਪਰਖਾਯਾ।
ਰਲਦਾ ਵਿਚ ਨ ਪੱਥਨਾਂ ਲਖ ਜਤਨ ਕਰਾਯਾ।
ਹੇਠ ਰਤੀਆਂ ਦੱਬਿਆ ਉਪਰ ਉਠ ਆਯਾ।
ਵਣਜਨ ਹਰੇ ਬ ਹਤ੍ਰਾ, ਸੀ ਰੁਲੇ ਰੁਲਾਯਾ।
ਮਨਮਤ ਸੰਗਤ ਗੋਦੜੀ, ਸੀ ਪੰਥ ਦਬਾਯਾ।
ਪੰਥ ਅਕਾਲੀ ਗੁਰ ਪ੍ਰਗਟਾਯਾ ॥ ੧੯ ॥

ਪਉੜੀ

ਭੇਡਾਂ ਦੇ ਵਿਚ ਸ਼ੇਰ ਦਾ, ਬੱਚਾ ਰਲ ਜਾਯਾ।
ਓਹੋ ਜੈਸਾ ਹੋ ਗਿਆ, ਨਿਜ ਗੁਨ ਬਿਸਰਾਯਾ।
ਮਿਲੇ ਸੇਰ ਤਿਸ ਫੁੰਕਿਆ, ਮੰਤ੍ਰ ਸੁਖ ਦਾਯਾ।
ਓੜਕ ਨੂੰ ਸੋ ਸ਼ੇਰ ਹੈ, ਜਦ ਰੂਪ ਲਖਾਯਾ।
ਭਰਮ ਭੁਲਾਵਾਂ ਸਟ ਕੇ ਗੱਜੇ ਭਬਕਾਯਾ।
ਮਾਰਨ ਨੂੰ ਮਿਰਗਾਵਲੀ, ਬਲਿਵਾਨ ਦਸਾਯਾ।
ਲੱਭਾ ਭੇਤ ਸਿਆਨਿਆ, ਮੂਰਖ ਭੁਲਾਯਾ।

ਅੰਤ ਸ਼ੇਰ ਦਾ ਸ਼ੇਰ ਹੀ, ਮੈਦਾਨ ਗਜਾਯਾ ।
ਖੰਥ ਗੁਰੂ ਦਾ ਸ਼ੇਰ ਸੀ, ਸਨਮਤ ਰਲਾਯਾ ।
ਆਪਣਾ ਰੂਪ ਪਛਾਨਿਆ, ਗੁਰ ਆਖ ਜਗਾਯਾ ।
ਨਾਮ ਅਕ ਲੀ ਸਿੰਘ ਸਦਾਯਾ ॥ ੨੦ ॥

ਪਉੜੀ

ਨੌਕਰ ਸ਼ਾਹੀ ਨੂੰ ਕਿਹਾ, ਫਿਰ ਵੱਜ ਵਜਾ ਕੇ ।
ਲੇਖ ਅਕਾਲੀ ਕੱਢਿਆ; ਤਾਂ ਸ਼ੇਰ ਗਜਾ ਕੇ ।
ਨੀਯਤ ਸਮਾਂ ਕਰਾਂਵਦੇ, ਸੋ ਕਿਹਾ ਸੁਨਾ ਕੈ ।
ਕੰਧ ਬਣੀ ਗੁਰ ਧਾਮ ਦੀ, ਹੁਜਤ ਹਟਵਾ ਕੇ ।
ਨਹੀ ਤੋ ਜਾਸੀ ਖਾਲਸਾ, ਨਹੀ ਦਖੀ ਲੁਕਾ ਕੇ ।
ਸਾਰੀ ਤਾਕਤ ਆਖਣੀ, ਤਾਂ ਓਥੇ ਲਾ ਕੇ ।
ਦੇਕੋ ਆ ਕੇ ਖਾਲਸਾ, ਬਹੁ ਜ਼ੋਰ ਜਨਾ ਕੇ ।
ਜਾਂ ਤੇ ਬਨਸੀ ਕੰਧ ਏਹ, ਜੋ ਰਹੀ ਰੁਕਾ ਕੈ ।
ਜਾਂ ਸਿੱਖ ਲੈਣ ਸ਼ਹੀਦੀਆਂ, ਸਤਿ ਗੁਰ ਦਰ ਜਾਕੈ ।
ਇਕ ਦੂ ਇਕ ਕਰਾਵਣੀ, ਰੜ ਖੇੜ ਮੁਕਾ ਕੈ ।
ਰੱਜ ਮਿਦਾਨ ਨ ਛੋਕੇ ਝਾਕੇ ॥ ੨੧ ॥

ਪਉੜੀ

ਅੱਖ ਖੁਲੀ ਸਰਕਾਰ ਦੀ; ਦੁਣ ਚੌਂਕ ਕਰਾਰੀ ।
ਹੋਰ ਫੇਰੀਆਂ ਕਹ ਰਹੀ, ਜੋ ਘੋਸਲ ਮਾਰੀ ।
ਹੁਣ ਤਾਂ ਪਿਸੂ ਪੈ ਗਏ, ਆ ਬਣੀ ਲਚਾਰੀ ।

ਪਾਸਾ ਕੋਈ ਨ ਸੁਝਦਾ, ਕੀ ਕਰੀਏ ਨਾਰੀ।
ਲਗੀ ਸੋਚਾਂ ਸੋਚਨੇ, ਕਰ ਕੌਂਸਲ ਚਾਰੀ।
ਉੜਕ ਹੁੰਦਾ ਫੈਸਲਾ, ਅੰਗਾ ਨਿਰ ਧਾਰੀ।
ਵੈਸੀ ਕੰਧ ਬਨਾਵਨੀ, ਜੋ ਢੱਠੀ ਸਾਰੀ।
ਏਹ ਸੀ ਮਜ਼ਬੂਬੀ ਮਾਮਲਾ, ਕੁਝ ਕੀਤੀ ਭਾਰੀ।
ਝੋਲੀ ਚੁਕਾਂ ਡੋਬਿਆ, ਜਿਨਹਾਂ ਇਉ ਕਾਰੀ।
ਗੱਲ ਨ ਦੱਸੀ ਖੋਲ੍ਹ ਕੇ, ਜੇ ਵੱਡੇ ਮੱਕਾਰੀ।
ਕੀਤੀ ਉਲਟੀ ਕਾਰ ਗੁਜ਼ਾਰੀ ॥ ੨੨ ॥

ਪਉੜੀ

ਝੋਲੀ ਚੁਕਾਂ ਬਨ ਗਈ, ਡਾਢੀ ਕਠਨਾਈ।
ਜਾਂਦੇ ਏਧਰ ਓਧਰੋਂ, ਪਰ ਸ਼ਰਮ ਨ ਆਈ।
ਨੌਕਰਸ਼ਾਹੀ ਝਿੜਕ ਦੀ, ਦੁਰਵਾਕ ਅਲਾਈ।
ਵੇਲੇ ਉਤੇ ਤੁਸਾਂ ਨਹੀਂ, ਕਿਉ ਗਲ ਜਨਾਈ।
ਤੁਸਾਂ ਨਾਮ ਸਰਕਾਰ ਦੇ, ਹੈ ਲਾਜ ਲੁਵਾਈ।
ਮੂੰਹੋਂ ਛੁਤਾਰੇ ਕੌਮ ਨੇ, ਡੁਬੀ ਵਿਚ ਆਈ।
ਜਿਨ੍ਹਾਂ ਕੰਧ ਗਿਰਾਈ ਸੀ, ਓਨ੍ਹਾਂ ਬਨਵਾਈ।
ਝੋਲਾਂ ਚੁਕਾਂ ਵੇਖਿਆ, ਗਲ ਰਹੀ ਨ ਕਾਈ।
ਬੁਹਾ ਫੜਨ ਸਰਕਾਰ ਦਾ, ਕਰ ਚੀਠ ਚਿਠਾਈ।
ਭੁਲਣਹਾਰੇ ਟਹਿਲੀਏ, ਦੇਨਾ ਬਖਸ਼ਾਈ।
ਫੇਰ ਨ ਕਰੀਏ ਭੁਲ ਕਦਾਈ ॥ ੨੩ ॥

ਪਉੜੀ

ਨੌਮੇਂ ਅਸੀ ਉਠਾਵੰਦੇ, ਅਗੇ ਨੂੰ ਸਾਰੇ।
ਨੌਕਰਸ਼ਾਹੀ ਅਸਾਂ ਦਾ, ਦਖੇ ਸਤਕਾਰੇ।
ਏਸ ਵੇਲੇ ਹਾਂ ਕੌਮ ਨੇ, ਡਾਢੇ ਫਿਟਕਾਰੇ।
ਹਿਕਮਤ ਐਸੀ ਕਰਾਂਗੇ, ਲਾ ਦਾਉ ਕਤਾਰੇ।
ਕੌਮ ਨ ਉਠਨ ਦਿਆਂਗੇ, ਕਿਸ ਹੀ ਪਰਕਾਰੇ।
ਬੋਲੇ ਦਾਨਸ਼ਨ ਆਪਦੇ, ਸਚ ਵਾਕ ਹਮਾਰੇ।
ਦਿਤਾ ਖਾਇ ਏ ਤੁਸਾਂ ਦਾ, ਹੋ ਸ਼ੁਕਰ ਗੁਜ਼ਾਰੇ।
ਦਿਓ ਮੁਰੱਬੇ ਅਸਾਂ ਨੂੰ, ਕੁਝ ਮਨਸਬ ਭਾਰੇ।
ਕਰੋ ਖਾਂ ਜਜ ਕਚੈਹਿਰਆਂ, ਕੁਝ ਠਾਨੇਦਾਰੇ।
ਏਹ ਨੇਕੀ ਸ੍ਰਕਾਰ ਦੀ, ਨਹੀਂ ਭੁਲਣ ਹਾਰੇ।
ਕੌਮ ਦੁਖ ਨੂੰ ਤਿਖੇ ਆਰੇ ॥ ੨੪ ॥

ਪਉੜੀ

ਸਤਿਗੁਰ ਸਚੇ ਪਾਤਸ਼ਾਹ, ਹੁਨ ਕਲਾ ਵਧਾਈਆਂ
ਨੌਕਰਸ਼ਾਹੀ ਆਪ ਹੀ, ਕੈਂਧਾਂ ਬਨਵਾਈਆਂ।
ਜਗ੍ਹਾ ਜਮਾ ਤੇ ਖਾਲਸੇ, ਗਲਾਂ ਸਨ ਪਾਈਆਂ ॥
ਕਰਦੇ ਸ਼ੁਕਰ ਅਕਾਲਦਾ, ਲਖਖੁਸ਼ੀ ਮਨਾਈਆਂ
ਹੋ ਗਈ ਜਿਤ ਅਕਾਲੀਆਂ, ਮਿਲ ਗਈ ਦੁਹਾਈਆਂ
ਪਾਈਆਂ ਹਥਾਂ ਨਾਲ ਜੋ, ਦੰਦੀ ਖੁਲਵਾਈਆਂ।
ਨੌਕਰ ਸ਼ਾਹੀ ਅਖੀਆਂ, ਨੀਚੇ ਕਰਵਾਈਆਂ।

ਵਧ ਗਏ ਚਿਤ ਅਕਾਲੀਆਂ ਗੁਰ ਪਤਾਂ ਰਖਾਈਆਂ
ਸ਼ੇਰ ਹੋਇਕੈ ਗਜਣਾਂ, ਜਦ ਭਬਕਾਂ ਲਾਈਆਂ ।
ਗੁਰ ਧਾਮਾਂ ਦੀ ਰਾਖੀਆਂ, ਹਿਤ ਕਰਨ ਚੜ੍ਹਾਈਆਂ।
ਦੰਗ ਹੋਨ ਰੀ ਨ੍ਹਾਂ ਤਕਾਈਆਂ ॥ ੨੫ ॥

ਪਉੜੀ

ਸਾਰੇ ਵਿਚ ਪੰਜਾਬ ਦੇ, ਪਰਚਾਰ ਕਰਾਏ ।
ਪਿੰਡ ਪਿੰਡ ਜਥੇ ਅਕਾਲੀਆਂ ਸਨ ਤੁਰਤ ਬਨਾਏ
ਗੁਰ ਬਾਣੀ ਦੇ ਗਾਵੰਦੇ, ਜੋ ਰੀਤ ਸੁਹਾਏ।
ਮੰਦੇ ਕੰਮੋਂ ਰੋਕਦੇ, ਨੇਕਾਂ ਸਮਝਾਏ ।
ਦਬੜੂ ਘੁਸੜੂ ਪਕੜਕੇ, ਸਭ ਸਿੰਘ ਸਜਾਏ।
ਗੁਰਧਾਮਾਂ ਦੀ ਸੇਵ ਨੂੰ, ਸਾਰੇ ਉਛਲਾਏ ।
ਰਹਿੰਦੇ ਵਿਚ ਉਡੀਕ ਦੇ, ਕਦ ਪੰਥ ਬੁਲਾਏ।
ਸੇਵਾ ਕਰੀਏ ਪੰਥ ਦੀ, ਜੋ ਗੁਰ ਨੂੰ ਭਾਏ।
ਕੀਤਾ ਬਹੁਤ ਸੁਧਾਰ ਸੀ, ਇਹ ਲਹਿਰ ਚਲਾਏ।
ਧੰਨ ਰ ਹੋਇ ਅਕਾਲੀਆਂ, ਵਿਚ ਦੇਸ ਵਜਾਏ।
ਸਿੰਘ ਅਕਾਲੀ ਗੁਰੂ ਗਜਾਏ ॥ ੨੩ ॥ ੮ ॥

੧ ੴ ਸਤਿ ਗੁਰ ਪ੍ਰਸਾਦਿ ॥

# ਗੁਰਦ੍ਵਾਰਾ ਸੁਧਾਰ ਲਹਿਰ

## ਦੋਹਰਾ

ਚਲੈ ਲਹਿਰ ਸੁਧਾਰ ਦੀ, ਸਤਿਗੁਰੂ ਕਿ ਰਖਾਂ ਨਾਲ।
ਥੋੜਾ ਥੋੜਾ ਕਹਾਂਗਾ, ਸੋ ਸਾਰਾ ਹੀ ਹਾਲ॥ ੧ ॥

## ਪਉੜੀ

ਜਥੇ ਸੈਂਕੜੇ ਸਜ ਗਏ, ਸਭ ਦੇਸ ਮਝਾਰੀ।
ਸਿੰਘ ਅਕਾਲੀ ਮੂਰਮੇਂ, ਜੋਧੇ ਬਲਿਹਾਰੀ।
ਗੁਰੂ ਦੁਵਾਰਾ ਸੁਧਾਣ ਦੇ, ਹਿਤ ਕਰਨ ਵਿਚਾਰੀ
ਬੈਠੇ ਜਿਨਾਂ ਮਲਕੇ, ਸਨ ਮੂੜ ਪੁਜਾਰੀ:
ਕਈ ਉਦਾਸੀ ਸਾਧ ਸੀ, ਜੋ ਮੰਦ ਅਚਾਰੀ।
ਸਭਨਾ ਸੋਧਨ ਵਾਸਤੇ, ਹੁਨ ਕਰਨ ਤਿਆਰੀ।
ਪਹਿਲਾਂ ਮਤੇ ਪਕਾਂਵਦੇ, ਰਲਕੇ ਇਕ ਵਾਰੀ।
ਗੁਰੂ ਧਾਮ ਹਥ ਆਪਣੇ, ਕਰ ਲਵੋ ਸੁਵਾਰੀ।
ਜਿਤਨੇ ਮਜ਼ੂਬੀ ਮਾਮਲੇ, ਗੁਰਮਤ ਅਨੁਸਾਰੀ।
ਜਦ ਲੌ ਹਥ ਨ ਆਪਨੇ, ਨਹਿ ਮਿਟੈ ਖੁਵਾਰੀ।
ਸਭਨੇ ਮਨਸਾ ਏਹੋ ਧਾਰੀ, ॥ ੨ ॥

ਪਉੜੀ

ਨੌਕਰਸ਼ਾਹੀ ਵਰਤਦੀ ਹੈ, ਉਲਟੇ ਚਾਲੇ ।
ਸਾਰੇ ਧਾਰਮਕ ਮੋਮਲੇ, ਜਿਨ ਸਭ ਦਬਾਲੇ ।
ਦਖਲ ਨ ਦੇਣ ਅਸਾਂ ਨੇ, ਕਿਸ ਮਜ਼ਬੂ ਸਵਾਲੇ
ਕਈ ਵੇਰ ਹੀ ਏਸਨੇ, ਐਲਾਨ ਨਿਕਾਲੇ ।
ਏਵੇਂ ਛੇਕਾ ਲੋਰੀਆਂ, ਏਨ ਨਿਤ ਸੁਣਾਲੇ ।
ਮਜ਼ਬੀ ਹੱਕ ਅਸਾਡੜੇ, ਨਹੀ ਕਰੇ ਹਵਾਲੇ ।
ਨੌਕਰਸ਼ਾਹੀ ਦਿਸਦੇ, ਹੁਣ ਉਲਟ ਖਿਆਲੇ ।
ਕਰਨਾਂ ਉਦਮ ਆਪ ਹੀ, ਚੰਗਾ ਇਸ ਕਾਲੇ ।
ਦਸੋ ਇਸਨੂੰ ਖਾਲਸਾ, ਹੁਣ ਹਥ ਸੁਖਾਲੇ ।
ਛਡੋ ਗੁਰੂ ਦੁਵਾਰਿਆਂ, ਜੋ ਰਹੋ ਸੰਭਾਲੇ ।
ਰੁਕਣ ਨਹੀਂ ਸਿੰਘ ਸਾਡਿਗੁਰੂ ਬੋਲੇ ॥ ੨੮॥

ਪਉੜੀ

ਸਰਬਰਹ ਦਰਬਾਰ ਦਾ, ਸਿੰਘ ਟੁਰ ਨਿਮਾਰਾ ।
ਵਸੇ ਨੁਸ਼ਹਿਰੇ ਨੰਗਲੀ, ਬਨਿਆਂ ਸੁਖਦਾਰਾ ।
ਕੰਮ ਜੋਇ ਦਰਬਾਰ ਦਾ, ਹਥ ਇਸਦੇ ਸਾਰਾ ।
ਖਉ ਯਾਰ ਸਦੀਵ ਹੀ, ਭਰ ਗੁਰੂ ਵਿਸਾਰਾ ।
ਰਖੋ ਹਥ ਪੁਜਾਰੀਆਂ, ਭਾਂਡਾ ਹੁਸਿਆਰਾ ।
ਦਮੜਾ ਬਹੁਤ ਜਗੀਰ ਦਾ, ਧਨ ਚੜ੍ਹਤ ਅਪਾਰਾ
ਰਲ ਮਿਲ ਸਭੈ ਖਾਵੰਦੇ, ਕਰ ਮੌਜ ਬਹਾਰਾ ।

ਭੁਲ ਭੁਲੇਖੇ ਕਰੈ ਨਾ, ਹਰਿ ਮੰਦਰ ਸਾਰਾ।
ਹਹੀ ਕੁਰੀਤਾਂ ਰੋਕਦਾ, ਮੰਦਰ ਵਿਚਕਾਰਾ।
ਚੋਰ ਉਚਕੇ ਚੌਧਰੀ, ਗੁੰਡੇ ਨਰ ਨਾਰਾ।
ਖੁਲੇ ਫਿਰਨ ਪਏ ਬਦਕਾਰਾ ॥ ੪ ॥

ਪਉੜੀ

ਕਈ ਸਾਲ ਤੋਂ ਮਚਦੀ, ਵਿਚ ਦੇਸ਼ ਦੁਹਾਈ।
ਗਿਰਦੇ ਸੁਧਾ ਸਰੋਵਰੇ, ਇਨ ਅੰਨ੍ਹੀ ਪਾਈ।
ਇਸਦੇ ਕੱਢਨ ਵਾਸਤੇ, ਬਹੁ ਧੁੰਮ ਮਚਾਈ।
ਕਈ ਵਿਨਾਂ ਤੋਂ ਆਖਦੇ, ਸਿਖ ਥਿਨੈ ਸੁਨਾਈ।
ਹਥ ਨ ਇਸਦੇ ਛਾਹੀਦਾ, ਗੁਰਧਾਮ ਕਦਾਈ।
ਨੌਕਰ ਸ਼ਾਹੀ ਸੁਨੈ ਨਾ, ਰਹਿ ਚੁਪ ਕਰਾਈ।
ਕਰਕੇ ਭੈੜਾ ਚੁਗਲੀਆਂ, ਨਿਤ ਦਾਉ ਚਲਾਈ
ਨੌਕਰ ਸ਼ਾਹੀ ਚਾਟੜਾ, ਝੋਲੀ ਚੁਕ ਭਾਈ।
ਸੋ ਨ ਲੋੜੇ ਕਢੱਣਾਂ, ਨਿਜ ਦਾਸ ਲਖਾਈ।
ਕੱਟਾ ਕਿੱਲੈ ਜ਼ੋਰ ਦੇ, ਬੈਠਾ ਅਕੜਾਈ।
ਹੁਨ ਨਹੀਂ ਪੰਥ ਸਹਾਰੇ ਕਾਈ ॥ ੫ ॥

ਪਉੜੀ

ਜ਼ੋਰ ਪਿਆ ਹੁਨ ਖਾਲਸੇ, ਇਕ ਵਾਕ ਪੁਕਾਰੇ।
ਰੂੜ ਸਿੰਘ ਨੂੰ ਕੱਢਣਾਂ, ਨਹੀਂ ਬਣੇ ਅਵਾਰੇ।
ਸਾਰਾ ਪੰਥ ਵਿਰੋਧ ਤੇ, ਹੋ ਗਿਆ ਨਿਹਾਰੇ।

ਨੌਕਰ ਸ਼ਾਹੀ ਸੋਚਿਆ ਹੁਣ ਚਲਣ ਨ ਚਾਰੇ।
ਹੁਨ ਤੇ ਭਾਂਡਾ ਭਜਣਾਂ, ਜੋ ਧੜਾ ਪੁਚਾਰੇ।
ਹੁਨ ਕਢਨਾ ਹੀ ਬਣੇਗਾ, ਸਿੰਘ ਉਨੇ ਸਾਰੇ।
ਐਸਾ ਢੰਗ ਵਿਚਾਰੀਏ, ਕਿਸਹੀ ਪਰਕਾਰੇ।
ਠੰਡਾ ਹੋਵੇ ਪੰਥ ਜਿਉਂ, ਮੰਤਰ ਸੰਗਾਰੇ।
ਨੌਕਰ ਸ਼ਾਹੀ ਦੋਸ਼ ਤੋਂ, ਬਚ ਰਹੇ ਕਨਾਰੇ।
ਝੂਠਾ ਦੋਸ਼ਾ ਪਏ ਨ, ਸਾਰੇ ਸੰਸਾਰੇ।
ਨੌਕਰਸ਼ਾਹੀ ਢੰਗ ਨਿਕਾਰੇ ॥ ੬ ॥

ਪਉੜੀ

ਨੌਕਰ ਸ਼ਾਹੀ ਸਦਿਆ, ਸਿੰਘ ਰੂੜ ਬੁਲਾਈ।
ਔਖਾ ਦੋਜਾ ਰਖਣਾਂ, ਹੁਨ ਤੈਨੂੰ ਭਾਈ।
ਸਿੰਘ ਉਠੇ ਰਰਜਾਇਕੈ, ਕੋ ਰਖ ਸਕਾਈ।
ਫੈਲੀ ਸਾਰੇ ਪੰਥ ਹੈ, ਤੇਰੀ ਬੁਰਿਆਈ।
ਹਥ ਜੋੜ ਸੋ ਆਖਦਾ, ਬਹੁ ਮਿਨਤ ਕਰਾਈ।
ਏਸਤਰਾਂ ਜੇ ਕਢਿਆ, ਨਹੀਂ ਮੋਹਿ ਭੁਲਾਈ।
ਮਿਲੈ ਨ ਕਿਤੈ ਥਲੋਵਣਾਂ, ਦੇਸਨ ਦੁਰਕਾਈ।
ਮਰੈ ਸੱਪ ਵੀ ਜਿਸਤਰਾਂ, ਲਾਠੀ ਬਚ ਜਾਈ।
ਐਸਾ ਕਰਨ ਹਜੂਰ ਵੀ, ਮੈਂ ਦਾਂ ਸਰਨਾਈ।
ਜੀਕੂਰ ਪਿਛੈ ਰਖਿਆ, ਹੁਣ ਲਵੋ ਬਚਾਈ।
ਨਹੀਂ ਤੇ ਇਜ਼ਤ ਧੂੜ ਮਿਲਾਈ ॥ ੭ ॥

ਪਉੜੀ

ਨੌਕਰ ਸ਼ਾਹੀ ਜਿਸਤੇ, ਦੁਨ ਤਰਸ ਕਮਾਏ।
ਗੋਲਾ ਸਾਂਤੀ ਉਮਰ ਦਾ, ਕਿਉਂ ਪਰੈ ਹਟਾਏ।
ਇਜ਼ਤ ਰਖਣ ਵਾਸਤੇ, ਇਕ ਕਰੈ ਉਪਾਏ।
ਛੁਟੀ ਛੈਆਂ ਮਹੀਨਿਆਂ, ਤਿਸ ਨੂੰ ਭਿਜਵਾਏ।
ਸਿੰਘ ਸੁੰਦਰ ਸਰਦਾਰ ਜੋ, ਤਿਸ ਜਗਾ ਟਿਕਾਏ।
ਰਾਮ ਗੜੀਆ ਤਿਸ ਆਖਦੇ, ਗੁਰਮੁਖ ਦਰਸਾਏ।
ਬੇਘਰ ਸਾਰੇ ਪੰਥ ਨੂੰ, ਏਹ ਕਿਹਾ ਸੁਨਾਏ।
ਛੁਟੀ ਤੇ ਸਰਦਾਰ ਹੈ, ਗਲ ਬਣੇ ਨ ਕਾਏ।
ਤਦ ਹੀ ਤਿਸੈ ਹਟਾਵਣਾਂ, ਜਦ ਮੁੜਕੇ ਆਏ।
ਇਸ ਵਿਚ ਫਰਕ ਨ ਹੋਇਗਾ, ਸੁਨਜੋ ਸਤ ਭਾਏ।
ਹੇਰ ਫੇਰ ਕੈਸੇ ਵਿਖਲਾਬੇ॥ ੮ ॥

ਪਉੜੀ

ਸਿੰਘਾਂ ਸਭ ਵਿਚਾਰਿਆ, ਜੋ ਏਹ ਵਰਤਾਰਾ।
ਲਲੂ ਪੰਜੂ ਨਾਲ ਹੀ, ਦਿਤਾ ਹੈ ਲਾਰਾ॥
ਮੁਢੋਂ ਨੌਕਰ ਸ਼ਾਹੀ ਦਾ, ਹੈ ਏਹੋ ਕਾਰਾ।
ਹਥੋਂ ਛਡਣ ਨ ਲੋੜਦੀ, ਹੈ ਗੁਰੂ ਦੁਵਾਰਾ।
ਮਨ ਮੁਖ ਹਥ ਫਸਾਯਾ, ਇਹ ਕਹਿਰ ਅਪਾਰਾ।
ਪੰਥ ਜਾਨੈ ਸਰਦਾਰ ਨੂੰ, ਭਨਖਾਂਹੀ ਭਾਰਾ।
ਹਿਕਮਤ ਕਰੀਏ ਆਪਨੀ, ਲੈ ਗੁਰੂ ਸਹਾਰਾ।

ਉਠਿਆ ਨੌਕਰਸ਼ਾਹੀ ਤੋਂ, ਸਾਡਾ ਇਤਬਾਰਾ ।
ਪਰਚਾ ਲਿਖਕੇ ਵੰਡਿਆ, ਕੀਤਾ ਇਜ਼ਹਾਰਾ ।
ਚੌਥੇ ਦਿਨ ਨੂੰ ਅਜ ਤੋਂ, ਕੀ ਹੋਇ ਨਜ਼ਾਰਾ ।
ਪਿਆ ਵੇਖਸੀ ਤਾਂ ਜਗ ਸਾਰਾ । ੯ ॥

ਪਉੜੀ

ਦਸਣ ਵਿਹਾੜਾ ਖੋਲਕੇ, ਨੌਕਾਂ ਸਮਝਈ ।
ਮੁਦਦਾ ਮਿਘ ਅੜ ਦਾ, ਬਨ ਨਿਕਲੇ ਭਾਈ ।
ਪਿਟਣ ਨਾਲ ਕਨਾਂਨੀਆਂ, ਕਰ ਵੈਣ ਸੁਨਾਈ ।
ਹੈ ਹੈ ਮਨਮੁਖ ਗੁਰੂ ਤੋਂ, ਲਦ ਤੁਰਿਆ ਜਾਈ ।
ਵਰਸਣ ਫੁਲ ਅਵਾਂਹਦੇ, ਲਖ ਲਾਨਤ ਪਾਈ ।
ਜਲ੍ਹਿਆਂ ਵਾਲੇ ਬਾਗ ਵਿਚ, ਦੀਵਾਨ ਬਨਾਈ ।
ਓਥੇ ਬੈਠ ਅਕਾਲੀਆਂ, ਏਹ ਗਲ ਜਨਾਈ ।
ਤੁਰ ਮਿਘ ਵੀ ਸੁਣਦਿਆਂ, ਛਾਹ ਤੜਫਾਈ ।
ਮਰਕੇ ਮਿੱਟੀ ਹੋ ਗਿਆ, ਸਭ ਹੋਸ਼ ਭੁਲਾਈ ।
ਪੂਜਾ ਵਿਚ ਦੀਵਾਨ ਦੇ, ਛੇਤੀ ਹੀ ਧਾਈ ।
ਆਕੜ ਸਾਰੀ ਦੂਰ ਹੋ ਸਾਈ ॥ ੧੦ ॥

ਪਉੜੀ ।

ਯਾਰੋ ਬੁਰੀ ਬਲ ਦਿ ਜੋ ਕਰਨਾ ਹੰਕਾਰਾ ।
ਹਥ ਵਿਚ ਲੈਕੇ ਹਾਕਮੀ ਇਨਸਾਫ ਨਿਵਾਰਾ ।
ਸੇਵ ਨ ਕੀਤੀ ਗੁਰੂ ਦੀ ਭਾਰਾ ਹਤਿਆਰਾ ।

ਦਮੜੇ ਚੰਮ ਚਲਾ ਲਏ ਦਿਨ ਇਸ ਨੋ ਚਾਰਾ ।
ਦੇਮੂ ਵਾਂਗਰ ਬਣੀਏ ਹੁਨ ਹੋਇਆ ਲਚਾਰ ।
ਜਾਮਾਂ ਜਿਉ ਇਬਲੀਸ ਨੂੰ ਸੋ ਪਹਿਨਣ ਹਾਰਾ ।
ਸਿਰ ਨੀਵਾਂ ਤਿਸ ਹੋ ਗਿਆ ਭਿੱਗਾ ਮੂੰਹ ਭਾਰਾ ।
ਪਾਪ ਖਲੋਤੇ ਸਾਮਣੇ ਧਰ ਰੂਪ ਕਰਾਰਾ ।
ਵੇਖੋ ਜਗ ਵਿਚ ਮਲ ਰਿਹਾ ਬਦਲਾ ਸਾਰਾ ।
ਅਗਲੀ ਸਤਿ ਗੁਰ ਜਾਣਦਾ ਜੋ ਜਾਨਣ ਹਾਰਾ ।
ਏਹ ਦਿਸਦਾ ਪ੍ਰਤਖ ਨਜਾਰਾ ॥ ੧੧ ॥

ਪਉੜੀ ।

ਗਲ ਵਿਚ ਪੱਲਾ ਘੱਤਿਆ ਮਖ ਬਿਨਤੀ ਗਾਵੈ ।
ਛਪ ਛਪ ਹੰਝੂ ਕੇਰਦਾ ਨਹੀ ਨਜਰ ਉਠਾਵੈ ।
ਕੰਬੇ ਵਾਂਗੁਰ ਬੰਤ ਦੇ ਪੈਰੀ ਥਿੜਕਾਵੈ ।
ਹਾਲਤ ਜੋ ਮਨਮੁਖਾਂ ਦੀ ਸੋਈ ਦਰਸਾਵੈ ।
ਬਖਸ਼ਨ ਹਾਰੇ ਖਾਲਸਾ ਗੁਰ ਤੋਹਿ ਵਧਾਵੈ ।
ਤੇਰੇ ਦਰ ਤੇ ਆਇ ਜੋ ਨਹੀ ਖਾਲੀ ਜਾਵੈ ।
ਭੁਲਣ ਹਾਰੇ ਦਾਸ ਨੂੰ ਤੇਰਾ ਦਰ ਭਾਵੈ ।
ਹੁਨ ਮੈ ਕਿਥੇ ਜਾਵਣਾ ਨਹੀ ਹੋਰ ਦਿਸਾਵੈ ।
ਮੁਰਦਾ ਮੇਰਾ ਕਢਣਾ ਨਹੀ ਤੋਹਿ ਸੁਹਾਵੈ ।
ਜੋ ਕੁਝ ਆਖੇ ਦਾਸ ਏਹ ਤਤਕਾਲ ਕਰਾਵੈ ।
ਹੇਰ ਫੇਰ ਸਭ ਦੂਰ ਨਸਾਵੈ ॥ ੧੨ ॥

ਪਉੜੀ।

ਪੰਥ ਗੁਰੂ ਦਾ ਲਾਡਲਾ ਸਭ ਦਾ ਸੁਖਦਾਈ।
ਵੈਰੀ ਆਵੈ ਸਰਨ ਜੇ ਲੈ ਕਠ ਲਗਾਈ।
ਰੂੜ ਸਿੰਘ ਦੀ ਦੀਨਤਾ ਜਦ ਨਦਰੀ ਆਈ।
ਤਾਤ ਕਾਲ ਹੀ ਖਾਲਸੇ ਇਹ ਕਿਹਾ ਸੁਣਾਈ।
ਦੇ ਅਸਤੀਫਾ ਅਜ ਹੀ ਤੁਰ ਜਾਵੋ ਭਾਈ।
ਤਾਂਤੇ ਤੈਨੂੰ ਬਖਸ਼ਿਆ ਕੁੱਲਾਂ ਬਿਸਰਾਈ।
ਰੂੜ ਸਿੰਘ ਸੁਣ ਮੰਨਿਆਂ ਬਹੁ ਸ਼ੁਕਰ ਮਨਾਈ।
ਦੇ ਅਸਤੀਫਾ ਤੁਰਤ ਹੀ ਕੰਨੀ ਕਤਰਾਈ।
ਝੱਲ ਨਮੋਸ਼ੀ ਘੜੀ ਦੀ ਇਜ਼ਤ ਰਖਵਾਈ।
ਖਾਧਾ ਪੀੜਾ ਲਾਹੇ ਦਾ ਤੁਰਤ ਗਿਆ ਲਖਾਈ।
ਏਹ ਬੀ ਫਤੇ ਖਾਲਸੇ ਪਾਈ ॥ ੧੩ ॥

ਪਉੜੀ।

ਜੋ ਹੈ ਕਾਲਜ ਖਾਲਸਾ ਅੰਮ੍ਰਿਤਸਰ ਮਾਹੀ।
ਨੌਕਰ ਸ਼ਾਹੀ ਸਾਂਭਿਆ ਕਰ ਧੱਕੇ ਸ਼ਾਹੀ।
ਸਿਖਾਂ ਸੀ ਏਹ ਥਾਪਿਆ ਵਡੇ ਉਤਸ਼ਾਹੀ।
ਕੌਮੀ ਵਿਦਆ ਲੈਣਗੇ ਬੱਚੇ ਵਿਚ ਜਾਹੀ।
ਨੌਕਰ ਸ਼ਾਹੀ ਏਸ ਨੂੰ ਕਿਉ ਤੁਕ ਸਕਾਹੀ।
ਸੋ ਸੀ ਏਥੋਂ ਲੋੜਦੀ ਫਲ ਐਸਾ ਨਾਹੀਂ।
ਝੋਲੀ ਚੁਕ ਬਨਾਵਣੇ ਸੋ ਸਦਾ ਤਕਾਹੀ।

ਜਹਾ ਇਸ ਕਰ ਮਾਰਿਆ ਹੋਰ ਚਾਲ ਨਕਾਹੀ ।
ਸਿਖਾਂ ਸੋ ਨਹੀ ਭਾਵੰਦੀ ਹੈ ਚਾਲ ਕਦਾਈ ।
ਇਸ ਕਰ ਜ਼ੋਰ ਲਗਾਂਵੇਦੇ ਨਹੀ ਕਦੇ ਤੁਕਾਹੀ ।
ਸੁਣੇ ਕੌਨ ਜੋ ਨੌਕਰ ਸ਼ਾਹੀ ॥ ੧੪ ॥

ਪਉੜੀ ।

ਸਾਰੇ ਹਿੰਦਸਤਾਨ ਦੇ, ਵਿਚ ਲਹਿਰ ਚਲਾਈ ।
ਗੌਰਮਿੰਟ ਦੇ ਕਾਲਜਾਂ, ਸਭ ਦਿਓ ਛੁਡਾਈ ।
ਦੇਣ ਗੁਲਾਮੀ ਵਿਦਿਆ, ਗਾਂਧੀ ਸਮਝਾਈ ।
ਜਗਾ ਜਗਾ ਤੇ ਗਲ ਏਹ, ਦਿਸਦੀ ਵਰਤਾਈ ।
ਕਾਲਜ ਤੇ ਅਸਕੂਲ ਜੇ, ਕੌਮੀ ਏਨ ਜਾਈ ।
ਵੱਖ ਹੋਨ ਸਰਕਾਰ ਤੋਂ, ਕੌਮੀ ਸਦਵਾਈ ।
ਵੰਗਾ ਪੜ੍ਹਨਾ ਉਨਾਂ ਦਾ, ਹੋਸੀ ਸੁਖਦਾਈ ।
ਮਿਲੈ ਅਜ਼ਾਦੀ ਵਿਦਿਆ, ਬੰਧਨ ਛੁਟਕਾਈ ।
ਹਿੰਦੂ ਮੁਸਲਮਾਨ ਨੇ, ਇਹ ਚਿਤ ਵਸਾਈ ।
ਖਾਲਸੀ ਕਾਲਜ ਹੋ ਰਹੇ, ਬਹੁ ਜੋਸ਼ ਉਠਾਈ ।
ਕੌਮੀ ਲਹਿਰ ਉਠੀ ਚਮਕਾਈ ॥ ੧੫ ॥

ਪਉੜੀ ।

ਚੱਲੀ ਵਿਚ ਪੰਜਾਬ ਵੀ, ਇਹ ਲਹਿਰ ਨਿਰਾਲੀ ।
ਵਿਚ ਲਾਹੌਰੇ ਹੋ ਰਹੇ, ਬਹੁ ਕਾਲਜ ਖਾਲੀ ।
ਏਹੋ ਕਾਲਜ ਖਾਲਸਾ, ਜਦ ਖਬਰ ਸੁਣਾਲੀ ।

ਲੜਕੇ ਦਬੇ ਹੋ ਗਏ, ਕਰ ਰਹੇ ਸੁਵਾਲੀ।
ਕੌਮੀ ਕਾਲਜ ਬਨੇ ਜੋ, ਪੜ੍ਹੀਏ ਦੁਖ ਠਾਲੀ।
ਨਹੀ ਤੇ ਏਥੇ ਅਸਾਂ ਨੂੰ, ਦੁਨ ਪੜ੍ਹਨ ਮਹਾਲੀ।
ਹਟੇ ਹਥ ਸਰਕਾਰ ਦਾ, ਏਹ ਗਲ ਉਠਾਲੀ।
ਕੌਂਸਲ ਹੈਸੀ ਬਣੀ ਜੋ, ਇਸ ਕਾਲਜ ਵਾਲੀ।
ਵਿਚ ਓਸਦੇ ਛਿੜ ਪਿਆ, ਮਸਲਾ ਦਰ ਹਾਲੀ।
ਥਾਂ ਥਾਂ ਜਲਸੇ ਹੋ ਰਹੇ, ਜੋ ਕਰਨ ਅਕਾਲੀ।
ਆਨ ਬਨੀ ਹੁਨ ਔਖੀ ਚਾਲੀ ॥ ੫੬ ॥

ਪਉੜੀ।

ਜੀ ਹਜ਼ੂਰੀਏ ਭਨੇ ਸੀ, ਵਿਚ ਕੌਂਸਲ ਸਾਰੇ।
ਸੋਚਾਂ ਪਈਆਂ ਲੰਮੀਆਂ, ਹੋ ਗਏ ਲਚਾਰੇ।
ਗਲ ਨ ਕੋਈ ਔੜਦੀ, ਕੀ ਕਰਨ ਵਿਚਾਰੇ।
ਨੌਕਰ ਸ਼ਾਹੀ ਨਾਥ ਤੇ, ਸਨ ਨਚਨ ਹਾਰੇ।
ਕਰਦੇ ਸਾਰੇ ਕੰਮ ਸੀ, ਤਿਸ ਨਾਲ ਅਸ਼ਾਰੇ।
ਏਹ ਕੀਕੁਰ ਸਨ ਲੋੜਦੇ, ਦੁਨ ਕਰਨ ਵੇਰਾਰੇ।
ਨੌਕਰ ਸ਼ਾਹੀ ਲੋਚਦੀ, ਐਸੇ ਵਰਤਾਰੇ।
ਮੰਨ ਜਾਨ ਜਿਉ ਤਿਖ ਵੀ ਕਿਸ ਹੀ ਪਰਕਾਰੇ।
ਬਨੀ ਰਹੇ ਗਲ ਅਸਾਂ ਦੀ, ਸੋ ਕਰੀਏ ਕਾਰੇ।
ਨੌਕਰ ਸ਼ਾਹੀ ਦਬ ਦਬਾ, ਰਹਿ ਓਸੇ ਤਾਰੇ।
ਅਗਾ ਪਿਛਾ ਰਹੇ ਪੁਕਾਰੇ ॥ ੧੭ ॥

ਪਉੜੀ।

ਸਿੰਘ ਸਰਦੂਲ ਵਿਚਾਰਦਾ, ਹਰਿ ਨਿਤ ਅਪਰਾਲੇ।
ਅਮਰ ਸਿੰਘ ਜਸਵੰਤ ਸਿੰਘ, ਜੋ ਰਹੇ ਝਬਾਲੇ।
ਸਿੰਘ ਕਰਤਾਰ ਸੁ ਝਬਰੀ, ਸਭਿ ਗੁਰ ਦੇ ਬਾਲੇ।
ਆਏ ਵਿਚ ਲਾਹੌਰ ਦੇ, ਸਭ ਏਸ ਖਿਆਲੇ।
ਹੋਰ ਬੀ ਬਹੁਤੇ ਸਜਣਾਂ, ਕੌਮੀ ਹਿਤ ਵਾਲੇ।
ਹਿੰਦੂ ਮੁਸਲਮਾਨ ਵੀ, ਸਨ ਰਲੇ ਬਿਸਾਲੇ।
ਜਲਸਾ ਭਾਰਾ ਜੁੜ ਗਿਆ, ਵਿਚ ਟਾਵਨ ਹਾਲੇ।
ਸਦਰ ਬਨਾਯਾ ਦਾਸ ਨੂੰ, ਕਰ ਦਯਾ ਕਮਾਲੇ।
ਲੈਕਚਰ ਹੋਇ ਜੋਰ ਦੇ, ਦੈ ਖੂਬ ਹਵਾਲੇ।
ਦੇਲੇ ਕੰਨ ਸਰਕਾਰ ਦੇ, ਲਾ ਠੀਕ ਮਸਾਲੇ।
ਨੌਕਰ ਸ਼ਾਹੀ ਸਭੈ ਸੁਵਾਲੇ ॥ ੧੮ ॥

ਪਉੜੀ

ਨੌਕਰ ਸ਼ਾਹੀ ਸੋਚਿਆ, ਹੁਨ ਕੰਮ ਕੁਦਾਯਾ।
ਤਿਜੈ ਦਿਨ ਨੂੰ ਓਸ ਨੇ, ਅੰਲਾਨ ਕਧਾਯਾ।
ਕਾਲਜ ਤੋਂ ਸ਼ਰਕਾਰ ਨੇ, ਹੁਨ ਹਥ ਹਟਾਯਾ।
ਆਪ ਲਹੌਰੋਂ ਚਲਕੇ, ਕੈਮਿਸ਼ਨਰ ਆਯਾ।
ਚਾਰਜ ਸਿਖਾਂ ਦੇਕੇ, ਹੈ ਸਾਫ ਸੁਨਾਯਾ।
ਕਾਲਜ ਵਿਚ ਸਰਕਾਰ ਦਾ, ਸੀ ਹਥ ਟਿਕਾਯਾ।
ਸੋ ਹੁਣ ਸਿਖਾਂ ਸੌਂਪਦੀ, ਨਹੀ ਦਖ਼ਲ ਰਖਾਯਾ।

ਕੌਸਲ ਸਿਖਾਂ ਆਪਣੀ, ਕਰ ਕੰਮ ਸਬਾਜਾ।
ਜਿਤਨੇ ਚਾਹੇ ਆਦਮੀ, ਸੋ ਲਏ ਰਲਾਜਾ।
ਸੁਨ ਕੇ ਸਿਖਾਂ ਸਾਰਿਆਂ, ਗੁਰ ਧੰਨ ਅਲਾਜਾ।
ਏਹ ਮਨੋਰਥ ਸਿਧ ਕਰਾਜਾ ॥ ੧੯ ॥

ਪਉੜੀ।

ਭਾਵੇਂ ਚੰਗਾ ਕੰਮ ਨਾ, ਏਹ ਹੋਜਾ ਸਾਰਾ।
ਇਕ ਦੋ ਕੌਮੀ ਸੇਵਕਾਂ, ਕੌਂਸਲ ਵਿਚ ਕਾਰਾ।
ਜੀ ਹਜੂਰੀਏ ਬਹੁਤ ਹੀ, ਕੋ ਫਰਕ ਨ ਭਾਰਾ।
ਪਰਤਦ ਵੀ ਸਰਕਾਰ ਨੇ, ਫੜ ਲਿਆ ਕਨਾਰਾ।
ਲੜਕੇ ਸਾਰੇ ਮਾਸਟਰ, ਸੁਖ ਪਾਇ ਅਪਾਰਾ।
ਲੱਗੇ ਪੜਨ ਪੜਾਵਣੇ, ਕੈਂਦੇ ਅਨੁਸਾਰਾ।
ਏਹ ਭੀ ਜਿਤਜਾ ਮੋਰਚਾ, ਸਿੰਘਾਂ ਬਲਿ ਧਾਰਾ।
ਭਾਵੇਂ ਅਜੇ ਸਹਾਇਤਾ, ਮਿਲਦੀ ਸਰਕਾਰਾ।
ਪਰ ਏਹ ਛੇਤੀ ਹਟੇਗੀ, ਕਰ ਸੋਚ ਵਿਚਾਰਾ।
ਹੁਨ ਨਹੀ ਰੁਕਦਾ ਖਾਲਸਾ, ਕਰ ਲਿਆ ਤਿਆਰਾ।
ਸਤਿ ਗੁਰ ਕਾਜ ਸੁਵਾਰਨ ਹਾਰਾ ॥ ੨੦ ॥

ਪਉੜੀ।

ਮਜ਼ੁਬੀ ਤੇ ਰਮਦਾਸੀਏ, ਸਿਖ ਰਹਿਤੀ ਜੇਤੇ।
ਆਪਨ ਨਾਲੋਂ ਵਖਰੇ, ਕਰ ਰੱਖੇ ਤੇਤੇ।
ਹਿੰਦੂ ਪਰੇ ਹਟਾਵੰਦੇ, ਸਿਖ ਨੀਚ ਬੁਲੇਤੇ।

ਸਤਿ ਗੁਰ ਦੀ ਜੋ ਆਗਜਾ, ਨਹੀ ਚਿਤ ਧਰੇਤੇ ।
ਨੀਚੋਂ ਊਚ ਕਰਾਵਣੇ, ਗੁਰ ਸਿਖਿਆ ਦੇਤੇ ।
ਸਿੰਘ ਅਕਾਲੀ ਗੁਰੂ ਦਾ, ਸਿਰ ਹੁਕਮ ਮਨੇਤੇ ।
ਵਰਤਨ ਨਾਲ ਅਭੇਦ ਹੀ, ਨਹੀ ਭੇਦ ਰਖੇਤੇ ।
ਇਸ ਕਰ ਵਾਧਾ ਪੰਥ ਦਾ, ਹਨ ਨਿੱਤ ਲਖੇਤੇ ।
ਕਾਨ ਨ ਰਖਣ ਕਿਸੈਦੀ, ਉਪਕਾਰ ਕਰੇਤੇ ।
ਸਕੇ ਭਾਈ ਜੋ ਸੁਧਾ ਛਕੇਤੇ ॥ ੨੧ ॥

ਪਾਉੜੀ ।

ਇਕ ਦਿਨ ਆਨ ਅਕਾਲੀਆਂ, ਬਹੁ ਸਿੰਘ ਸਜਾਏ ।
ਜਥੇ ਦਾਰ ਇਕ ਕੁਚਰੋਂ, ਤੇਜਾ ਸਿੰਘ ਆਏ ।
ਝਬਰ ਤੋਂ ਕਰਤਾਰ ਸਿੰਘ, ਸਭ ਸਿੰਘ ਲਿਆਏ ।
ਅੰਮ੍ਰਿਤਸਰ ਲੈ ਆਂਵਦੇ, ਪ੍ਰਸਾਦਿ ਚੁਕਾਏ ।
ਹਰਿ ਮੰਦਰਿ ਦੀ ਯਾਤਰਾ, ਜਾਂਦੇ ਸੁਖ ਪਾਏ ।
ਲੰਘ ਦਰਸਨੀ ਡੇਉਢੀਓਂ, ਹਜੂਰ ਪੁਜਾਏ ।
ਅਗੋਂ ਪੁਜਾਰੀ ਵਟਰੇ, ਸਨ ਉਲਟ ਦਿਸਾਏ ।
ਨਹੀ ਅਰਦਾਸਾ ਮੰਧ ਦੇ, ਹੋ ਚੁਪ ਬਿਠਾਏ ।
ਜਥੇਦਾਰ ਤਦ ਆਪ ਹੀ, ਅਰਦਾਸ ਕਰਾਏ ।
ਹਥੀਂ ਅਪਨੀ ਉਠਕੇ;, ਗੱਫ ਵਰਤਾਏ ।
ਹੁਨ ਪੁਜਾਰੀਆਂ ਹਥ ਮਲਾਏ ॥ ੨੨ ॥

ਪਉੜੀ।

ਆਈ ਸੋਚ ਪੁਜਾਰੀਆਂ; ਇਹ ਕੰਮ ਕੁਦਾਈ।
ਸਾਂਭੇ ਬੈਠੇ ਇਨ੍ਹਾਂ ਨੇ, ਅਰਦਾਸ ਕਰਾਈ।
ਸਾਡੀ ਹੋਈ ਰਾਦਰੀ; ਵਿਚ ਜਗਤ ਸਬਾਈ।
ਹਕ ਨ ਰਹਸੀ ਅਸਾਂ ਦਾ, ਏਹ ਚਾਲ ਚਲਾਈ।
ਨੀਚਾਂ ਹਥੋਂ ਖਾਵਨਾ, ਸਾਨੂੰ ਨਹਿ ਭਾਇ।
ਵਾਕ ਲਈਏ ਹੁਨ ਗੁਰੂ ਦਾ, ਜੋ ਹੁਕਮ ਮਲਾਇ।
ਅਮਲ ਕਰਾਂਗੇ ਓਸ ਤੇ, ਸਭ ਸ਼ੰਕ ਮਟਾਈ।
ਲਿਆ ਵਾਕ ਸਤਿਗੁਰੂ ਦਾ, ਐਸੇ ਫਰਮਾਈ।
ਨੀਚੋ ਉਚ ਕਰਾਵਨੇ, ਸਭ ਕੰਠ ਲਗਾਈ।
ਚੁਪ ਹੋ ਗਏ ਸੁਣਦਿਆਂ, ਨਹਿ ਧੌਨ ਉਠਾਈ।
ਮਨ ਅਪਨੇ ਬਹੁਤੇ ਸਰਮਾਈ ॥ ੨੩ ॥

ਪਉੜੀ

ਕਿਹਾ ਫੇਰ ਪੁਜਾਰੀਆਂ, ਤਤ ਕਾਲ ਸੁਨਾਏ।
ਲੈ ਆਵੋ ਪ੍ਰਸਾਦਿ ਹੁਨ, ਦੋਵੈਂ ਵਰਤਾਏ।
ਜਥੇ ਦਾਰ ਦੀ ਆਗਿਜਾ, ਲੈ ਜਿੰਘ ਸਿਧਾਏ।
ਗਏ ਪਾਸ ਹਲਵਾਈ ਦੇ, ਪ੍ਰਸਾਦਿ ਬਨਾਏ।
ਲੈ ਆਵੇ ਦ੍ਰਬਾਰ ਵਿਚ, ਦੋ ਥਾਲ ਭਰਾਏ।
ਕਰ ਅਰਦਾਸ ਪੁਜਾਰੀਆਂ, ਗੁਰ ਭੇਟ ਚੜ੍ਹਾਏ।
ਵਿਚ ਸੰਗਤ ਵਰਤਾਵੰਦੇ, ਸਭ ਹੂੰ ਨੇ ਖਾਏ।

ਮਾਰਾ ਭਰਮ ਨਿਵਾਰ ਕੇ, ਗੁਰ ਸਿਖ ਸਦਾਏ ।
ਨੀਚ ਊਚ ਦੇ ਭੇਤ ਨੂੰ, ਗੁਰ ਦੂਹ ਕਰਾਏ ।
ਇਕੋ ਪੰਗਤ ਮੰਗਦੇ, ਗੁਰ ਸਿਖ ਬਠਾਏ ।
ਜੈਕਾਰੇ ਖੁਸ਼ ਹੋਇ ਗਜਾਏ ॥ ੨੪ ॥

ਪਉੜੀ

ਏਥੋਂ ਦਰਸਨ ਪਾਇ ਕੈ, ਸਿੰਘ ਬਾਹਰ ਆਏ ।
ਬੁੰਗੇ ਵਲ ਅਕਾਲ ਦੇ, ਸਨ ਧਿਆਨ ਲਗਾਏ।
ਬਾਲ ਨਾਲ ਪ੍ਰਸਾਦਿ ਦੇ, ਰੈਸਨ ਚੁਕਵਾਏ ।
ਕਰਕੇ ਚਿੱਤੋਂ ਭਾਵਨਾਂ, ਦਰਸਨੁ ਦੇ ਚਾਏ ।
ਸਬਦ ਕੀਰਤਨ ਗਾਵੈਦੇ, ਬਹੁਤੇ ਹਰਖਾਏ ।
ਸਿਖਾਂ ਹਿਰਦੇ ਸਾਫ ਸੀ, ਨਹਿ ਮੈਲ ਰਖਾਏ ।
ਸਤਿਗੁਰ ਦੇ ਅਸਥਾਨ ਦਾ, ਬਹੁ ਅਦਬ ਕਮਾਏ ।
ਹਥ ਜੋੜ ਗਲ ਪਲਿਆਂ, ਸਨ ਸ਼ੀਸ ਝੁਕਾਏ ।
ਨੇੜੇ ਪੂਜੇ ਆਨ ਕੇ, ਜਾਂ ਦਰਸਨ ਪਾਏ ।
ਖਾਲੀ ਮੰਤਰ ਵੇਖਿਆ, ਬਹੁਤੇ ਬਿਸਮਾਏ ।
ਗਤੀ ਗੁਰੂ ਦੀ ਲਖੀ ਨ ਜਾਏ ॥ ੨੫ ॥

ਪਉੜੀ

ਦੂਰੋਂ ਸਿੰਘਾਂ ਵੇਖ ਕੈ, ਜੋ ਸਨ ਪੁਜਾਰੀ ।
ਡਾਢੇ ਆ ਕੇ ਘਾਬਰੇ, ਮਤ ਜਾਂਦੀ ਮਾਰੀ ।
ਭਾਂਣਾ ਗੁਰ ਵਰਤਾਵੈਦੇ, ਕੀ ਖੇਲ ਵਿਖਾਰੀ ।

ਨੱਸੇ ਸਿੰਘ ਵੇਖ ਕੇ, ਭੈੜੇ ਟੰਕਾਰੀ।
ਖਾਲੀ ਰੁਤੂ ਗਰੰਥ ਵੀ, ਛਡ ਗਏ ਗੁਵਾਰੀ।
ਰਿਹਾ ਨ ਕੋਈ ਤਾਬਿਆ, ਚੌਰੀ ਬਰਦਾਰੀ।
ਸਿੰਘਾਂ ਦਾ ਕੀ ਸਕਦੇ, ਸਨ ਤੇਜ ਸਹਾਰੀ।
ਏਸੇ ਕਰ ਕੇ ਨਸਦੇ, ਛਡ ਗੁਰੂ ਦਵਾਰੀ।
ਆਪਣ ਹਥੀਂ ਆਪਣੇ, ਸਿਰ ਪੱਥਰ ਮਾਰੀ।
ਪਿਛੋਂ ਬੈਠੇ ਟੌਨ ਰੋ, ਜਦ ਬਣੀ ਲਚਾਰੀ।
ਗਲ ਨ ਮੂਰਖ ਕਿਸੇ ਵਿਚਾਰੀ ॥ ੨੬ ॥

ਪਉੜੀ

ਲੋਕੀ ਹੋਨ ਹਿਰਾਨ ਸਭ, ਇਹ ਹਾਲ ਪੜ੍ਹਾ ਕੇ।
ਛਡ ਗਏ ਗੁਰ ਤਖਤ ਨੂੰ, ਸਿੰਘਾਂ ਦਰਸਾ ਕੇ।
ਇਕ ਪੁਜਾਰੀ ਵਸਿਆ, ਹੋ ਕਹਾਂ ਸੁਨਾ ਕੇ।
ਆ ਗਏ ਸਿੰਘ ਸ਼ਹੀਦ ਸੀ, ਡੰਡੇ ਦਿਖਲਾ ਕੇ।
ਨਿਕਲ ਜਾਉ ਪੁਜ ਰੀਓ, ਕਿਉ ਰਹੇ ਬਠਾ ਕੇ।
ਨਹੀ ਤੇ ਸਿੰਘਾਂ ਕੱਢਣਾਂ, ਹੈ ਧੌਣ ਭੁਨਾ ਕੇ।
ਪਾਪ ਕੰਬਦੇ ਪਾਪੀਆਂ; ਨ ਸਕੇ ਠਹਿਰਾ ਕੇ।
ਪੀਰੀ ਮੀਰੀ ਤਖਤ ਸੀ; ਨਸ ਗਏ ਛੁਡ ਕੇ।
ਹਾਜਰ ਸਿੰਘ ਖਲੋ ਗਏ; ਸ਼ਲ ਪੱਲੇ ਪਾ ਕੇ।
ਲਾਜ ਰਖ ਲਈ ਖਾਲਸਾ, ਗੁਰ ਆਪੋ ਆ ਕੇ।
ਜਥੇਦਾਰ ਅਰਦਾਸ ਸੁਧਾ ਕੇ ॥ ੨੭ ॥

ਪਉੜੀ।

ਜਥੇਦਾਰ ਗੁਰੂ ਗ੍ਰੰਥ ਦੀ, ਤਾਬੇ ਬਹਿ ਜਾਵੈ।
ਤੁਰਤ ਰੁਮਾਲ ਉਠਾਇਕੈ, ਗੁਰ ਵਾਕ ਸੁਨਾਵੈ।
'ਅਪਨੇ ਸੇਵਕ ਕੀ ਆਪੇ ਰਾਖੇ, ਅਪੇਨਾਮ ਜਪਾਵੈ
'ਜਹਾਂ ੨ ਕਾਜ ਕ੍ਰਿਤ ਸੇਵਕੰ ਕੀ, ਤਹਾਂ ੨ ਉਠਧਾਵੈ
ਸੁਣਦੇ ਸਾਰ ਅਨੰਦ ਹੋਇ, ਸਭਿ ਗੁਰ ਗੁਣ ਗਾਵੈ
ਮਿਹਰ ਕਰੀ ਸਭਿ ਗੁਰੂ ਨੇ, ਇਹ ਤਖਤ ਦ੍ਰਿੜਾਵੈ
ਸਗਨ ਨੇਕ ਇਹ ਜਾਨਿਆਂ, ਜੋ ਗੁਰ ਨੂੰ ਭਾਵੈ
ਹਥ ਨ ਰੁਕਸੀ ਘਾਲ ਸੇ, ਹਰਿ ਕੀਰਤੀ ਲਖਾਵੈ
ਕਲਾ ਚੜ੍ਹੈ ਗੁਰ ਪੰਥ ਦੀ, ਸਭ ਲੋਕ ਤਕਾਵੈ
ਪੰਥ ਗੁਰੂ ਦਾ ਸੂਰਮਾਂ, ਨੂਰ ਆਪ ਰਖਾਵੈ
ਦਿਨ ਦਿਨ ਇਸਦੀ ਕਲਾ ਵਧਾਵੈ ॥ ੨੯ ॥

ਪਉੜੀ।

ਤਦ ਸਿੰਘਾਂ ਨੇ ਆਪ ਹੀ, ਅਰਦਾਸ ਸੁਧਾਈ।
ਸੇਵਾ ਤਖਤ ਅਕਾਲ ਦੀ, ਸਿਰ ਅਪਨੇ ਚਾਈ।
ਨੀਯਤ ਕੀਤੇ ਸੇਵਕਾਂ, ਸਭ ਟ੍ਰਿਉਤ ਬਨਾਈ।
ਜਥੇ ਕਾਇਮੀ ਹੋ ਗਏ, ਗੁਰ ਤਖਤ ਸਦਾਈ।
ਗਏ ਪੁਜਾਰੀ ਨੱਸ ਕੇ, ਨਾ ਲਭੇ ਮੁੜਾਈ।
ਕਰਦੇ ਕਈ ਸ਼ਰਾਰਤਾਂ, ਰਹਿ ਬਾਹਰ ਭਾਈ।
ਉਜਰ ਜਾਂਦੀ ਪੇਸ਼ ਨਾ, ਬੈਠੇ ਸ਼ਰਮਾਈ।

ਸਿੰਘਾਂ ਪਾਟਕ ਪਾਨ ਨੂੰ, ਬਹੁ ਜਤਨ ਕਰਾਈ।
ਚੁਕੇ ਜਾਇ ਨਿਹੰਗ ਸਾਂ, ਭੇਗੜ ਭਖ ਲਾਈ।
ਭੂਹੇ ਹੋਇਕੈ ਅੱਵੈਦੇ, ਜੋ ਧੋਖਾ ਖਾਈ।
ਸੋ ਬੀ ਨੱਠੇ ਮੂੰਹ ਛਪਾਈ ॥ ੨੯ ॥

ਪਉੜੀ।

ਹਲ ਕੇ ਫੇਰ ਪੁਜਾਰੀਏ, ਪੁੱਜੇ ਸਰਕਾਰੇ।
ਹਾਲ ਹਾਲ ਹੀ ਕੂਕਦੇ, ਸਨ ਜਾਇ ਪੁਕਾਰੇ।
ਸਾਨੂੰ ਸਿੰਘਾਂ ਕੱਡਿਆ, ਗੁਰ ਥਾਨ ਸੰਭਾਰੇ।
ਬਦੋ ਬਦੀ ਹੀ ਖੋਹ ਲਏ, ਹਕ ਸਾਡੇ ਸਾਰੇ।
ਗੌਰਮਿੰਟ ਦੇ ਹੁੰਦਿਆਂ, ਹਾਂ ਜਾਂਦੇ ਮਾਰੇ।
ਸਾਡੀ ਕਰੋ ਸਹਾਇਤਾ, ਕਿਰਪਾ ਨੂੰ ਧਾਰੇ।
ਬਿਨਾਂ ਆਪ ਤੋਂ ਅਸਾ ਨਹਿ, ਕੋ ਹੋਰ ਸਹਾਰੇ।
ਸਤਨ ਪਏ ਹਾਂ ਆਨਕੇ, ਬਹੁਤ ਦੁਖਿਆਰੇ।
ਸਿਖਾਂ ਸਨੂੰ ਲੁੱਟਿਆ, ਕਰ ਹਥ ਕਰਾਰੇ।
ਮੁਢੋਂ ਕਬਜ਼ੇ ਅਸਾਂ ਦੇ, ਸਨ ਗੁਰੂ ਦੁਵਾਰੇ।
ਕਬਜ਼ੇ ਮੁੜਕੇ ਹੋਨ ਸੁਵਾਰੇ ॥ ੩੦ ॥

ਪਉੜੀ।

ਅਰਜ਼ੀ ਲੈ ਸਰਕਾਰ ਨੇ, ਸਨ ਸਿੰਘ ਬੁਲਾਇ।
ਜਥੇ ਦਾਰ ਅਦਾਲਤੇ, ਜਾਕੇ ਗਰਜਾਇ।
ਗਲਾਂ ਸਭੋ ਸੱਚੀਆਂ, ਨਿਰਝੱਕ ਸੁਨਾਇ।

ਏਹ ਸਭ ਗੁਰਦੇ ਦਹਿਲੀਏ, ਹਿਤ ਸੇਵਾ ਲੁਾਏ ।
ਪਰ ਏਨ੍ਹਾਂ ਨੇ ਚਾਰੂ ਦੇ, ਸਭ ਹੁਕਮ ਭੁਲਾਏ ।
ਪੰਥ ਗੁਰੂ ਦਾ ਰੂਪ ਹੈ, ਤਿਸ ਬਾਹਰ ਕਢਾਏ ।
ਜੋ ਹਨ ਕਬਜ਼ੇ ਦਸੇ ਦੇ, ਸੋ ਝੂਠ ਬਕਾਏ ।
ਕਬਜ਼ਾ ਗੁਰ ਅਸਥਾਨ ਦਾ, ਕੌਣ ਸਕੈ ਕਰਾਏ ।
ਏਹ ਕਰਦੇ ਬੰਦਕਾਰੀਆਂ, ਨਹੀ ਪੰਥ ਸਹਾਏ ।
ਏਸੇ ਕਰ ਹੁਣ ਪੰਥ ਨੇ, ਗੁਰ ਧਾਮ ਛੁਡਾਏ ।
ਸਚੋ ਸਚ ਇਜ਼ਹਾਰ ਬਤਾਏ ॥ ੩੧ ॥

ਪਉੜੀ ।

ਮਿਲਜਾ ਠੌਕ ਜੁਵਾਬ ਜਾਂ, ਭਾਂਡੇ ਸ਼ਰਮਾਏ ।
ਬੈਠੇ ਘਰ ਵਿਚ ਆਨਕੇ, ਮੂਰਖ ਮੁਰਝਾਏ ।
ਕਰੀ ਬਿਅਦਬੀ ਗੁਰੂ ਦੀ, ਉਸਦੇ ਫਲ ਪਾਏ ।
ਖਾਲੀ ਛਡ ਗੁਰ ਧਾਮ ਨੂੰ, ਸਭ ਮੂੜ ਨਸਾਏ ।
ਪੈਂਦੇ ਸਰਨ ਜੋ ਪੰਥ ਦੀ, ਜਾਂਦੇ ਬਖਸ਼ਾਏ ।
ਸੋਚੀ ਫੇਰ ਨ ਮੂਰਖਾ, ਸਰਕਾਰੈਂਧਾਏ ।
ਅੜਕੇ ਅੱਗੇ ਪੰਥ ਨੇ, ਦਿਤੇ ਦੂਰ ਕਾਏ ।
ਬੈਠੇ ਮਾਰਨ ਮਖੀਆਂ, ਘਰ ਅੰਦਰ ਜਾਏ ।
ਮਨ ਮੁਖ ਹੋਏ ਗੁਰੂ ਤੋਂ, ਹੁਨ ਕੌਨ ਬਚਾਏ ।
ਲੈ ਜੁਵਾਬ ਨੇ ਸੁਕੇ ਆਏ ॥ ੩੨ ॥ ੯ ॥

੧ ੴ ਸਤਿਗੁਰ ਪ੍ਰਸਾਦਿ॥

# ਅਕਾਲੀਆਂ ਦਾ ਪਰਬੰਧ।

ਦੋਹਰਾ।

ਮੁਧਾ ਸਹੋਵਰ ਬੈਠਕੇ, ਕਰਨ ਅਕਾਲੀ ਕਾਰ।
ਵਿਚ ਪ੍ਰਬੰਧ ਸੁਆਪਨੇ, ਸੋ ਸਭ ਕਹਾਂ ਵਿਚਾਰ ੧

ਪਉੜੀ

ਉਠੀ ਤਖਤ ਅਕਾਲ ਜਾਂ, ਸੇਵਕ ਬਠਲਾਂਦੇ।
ਵਡੇ ਨਾਲ ਪ੍ਰੇਮ ਦੇ, ਸਨ ਸੇਵ ਕਮਾਂਦੇ।
ਦੋਨੋ ਵੇਲੇ ਨਿਤ ਹੀ, ਦੀਵਾਨ ਸਜਾਂਦੇ।
ਗੁਨੀ ਗਿਆਨੀ ਆਨਕੇ, ਉਪਦੇਸ਼ ਸੁਨਾਂਦੇ।
ਮਾਈ ਭਾਈ ਸਾਰਿਆਂ, ਮਿਲ ਸੁਨ ਹਰਖਾਂਦੇ।
ਸਾਰੇ ਪਾਸੇ ਸੋਚਕੇ, ਇਕ ਨਜ਼ਰ ਦੁੜਾਂਦੇ।
ਨਿਤ ਵਿਚਾਰਾਂ ਹੁੰਦੀਆਂ, ਸਭ ਭੇਤ ਲਖਾਂਦੇ।
ਪਹਿਲਾਂ ਲੰਗਰ ਗੁਰੂ ਦੇ, ਹਥ ਅਪਨੇ ਆਂਦੇ।
ਸੇਵਾ ਹੇਤ ਅਕਾਲੀਆਂ, ਤਿਸ ਥਾਂਇ ਲਗਾਂਦੇ।
ਜੋ ਮੁਨਾਦਾ ਗੁਰੂ ਦੀ, ਲੰਗਰ ਵਰਤਾਂਦੇ।
ਲੋੜ ਵੰਦ ਸਭ ਆਇ ਛਕਾਂਦੇ॥ ੨॥

ਪਉੜੀ

ਬੁੰਗੇ ਤਖਤ ਅਕਾਲ ਦੇ, ਫਿਰ ਬਨ ਕੇ ਟੋਲੇ।
ਨਾਰਾਂ ਬੈਠਨ ਗੰਡੀਆਂ, ਕਰ ਬੋਲ ਕੁਬੋਲੇ।
ਏਨ੍ਹਾਂ ਪਾਸ ਖਲੋਵੰਹੇ, ਆ ਗੰਡੇ ਗੋਲੇ।
ਮੰਡੀ ਰੰਦੀ ਰਹੇ ਨਾ, ਬੁੰਗੇ ਦੇ ਕੋਲੇ।
ਕਰਤਬ ਜੋਸੀ ਹੋ ਰਹੇ, ਧਰ ਤਕੜੀ ਤੋਲੇ।
ਪਹਿਲਾਂ ਨਾਰਾਂ ਰੋਕੀਆਂ, ਕਰ ਬਚਨ ਅਮੋਲੇ।
ਨੁਕਰ ਬਹਿਕੇ ਵੇਚਦਾ, ਜੇ ਹੈਸੀ ਛੋਲੇ।
ਕਈਆਂ ਪਾਸ ਅਕਾਲੀਆਂ, ਤਿਸ ਪੜਦੇ ਢੋਲੇ।
ਹਟ ਉਠਾਈ ਛੋਲਿਆਂ, ਖੋਲੇ ਤਿਸ ਪੋਲੇ।
ਕਈ ਵਿਰੋਧੀ ਹੋ ਗਏ, ਸੁ ਡਾਢੇ ਰੋਲੇ।
ਗੁਰ ਸਿਖਾਂ ਦੇ ਚਿਤ ਨ ਡੋਲੇ ॥ ੩ ॥

ਪਉੜੀ

ਗਿਰਦੇ ਸੁਧਾ ਸਰੋਵਰੇ, ਸਭ ਕੰਮ ਲਖਾਏ।
ਕਈ ਹਟੀਆਂ ਲਗੀਆਂ, ਬਾਜਾਰ ਦਿਸਾਏ।
ਕਈ ਕਿਤਾਬਾਂ ਵੇਚਦੇ, ਕੋ ਛਾਬੇ ਲਾਏ।
ਕੰਘੇ ਕੜੇ ਕ੍ਰਿਪਾਨ ਲੋ, ਪਉਏ ਰਖਵਾਏ।
ਸੰਖ ਮੂਰਤਾਂ ਬਹੁਤ ਹੀ, ਮਾਲਾ ਲਟਕਾਏ।
ਕਈ ਚੋਰੀਆਂ ਰਖਦੇ, ਸੁਰਮੇਂ ਰਗੜਾਏ।
ਕਈ ਖੰਡੋਨੇ ਬਾਜੀਆਂ, ਛੱਲੇ ਛਣਕਾਏ।

ਵਿਕਣ ਪਕੌੜੇ ਕੁਲ ਲੋਆਂ, ਸਿਘ ਵੇਖ ਦੁਖ ਏ।
ਕਥਾ ਕਈ ਮਨ ਮਤ ਦੀ, ਪੰਡਤ ਬਤਲਾਏ।
ਇਕ ਦਿਨ ਸਭੇ ਟੋਕਾਂਆਂ, ਰਲਾਂ ਬਲ ਲਾਏ।
ਹਟਾਂ ਵਾਲੇ ਸਭੈ ਠਾਏ ॥ ੪ ॥

ਪਉੜੀ

ਪਿਛੈ ਬੈਠੇ ਦਹਿ ਜਣੇ, ਇਕ ਸਾਨ ਫੁਲੇਰੇ।
ਏਨ੍ਹਾਂ ਨੂੰ ਬੀ ਆਖਿਆ, ਹੈਸੀ ਇਕ ਵੇਰੇ।
ਕਲ ਉਠਾ ਲੋ ਟੋਕਰੇ, ਨ ਬਹੋ ਸੁਵੇਰੇ।
ਸੋ ਬੀ ਸੁਨ ਕੇ ਉਠ ਗਏ, ਕਰਦੇ ਨਹਿ ਦੇਰੇ।
ਪੁਜੇ ਆਪੋ ਆਪਣੇ, ਜਦ ਹੈਸਨ ਛੇਰੇ।
ਸ਼ਹਿਰੀ ਅਈ ਸ਼ਤਾਬਤੋ, ਮਿਲ ਝਿਨ੍ਹਾਂ ਬਥੇਰੇ।
ਲਜੋ ਆ ਭੜਕਾਵਣੇ, ਦਸ ਦਾਉ ਘਨੇਰੇ।
ਕੌਣ ਉਠ ਲੇ ਤੁਸਾ ਨੂੰ, ਕਰ ਦੇਰੇ ਛੇਰੇ।
ਅਸੀ ਤਾਂ ਸਾਵੀ ਤੁਸਾਂ ਦੇ, ਬਚ ਸੱਚੇ ਟੇਰੇ।
ਬੈਠੇ ਜਾਕੇ ਕਲ ਨੂੰ, ਹੋ ਖੂਬ ਦਿਲੇਰੇ।
ਮੰਤਰ ਫੁਕੇ ਏਹ ਚੌਗਲੇ ॥ ੫ ॥

ਪਉੜੀ

ਇਨ ਅਗਲੇ ਨੂੰ ਆਨਕੇ, ਬਹਿ ਜਾਂਦੇ ਸੋਈ।
ਛਬੇ ਆਪੋ ਆਪਣੇ, ਚਰ ਅਗੇ ਓਈ।

ਜਥੇ ਦਾਰ ਨੇ ਜਾਇ ਕੈ, ਕੀਤੀ ਅਰਜੋਈ।
ਕਲ ਸੁਨਾਯਾ ਤੁਸਾਂ ਨੂੰ, ਕੀ ਦਸੋ ਸੋਈ।
ਬੈਠੇ ਫਿਰ ਕਿਉ ਆਇ ਕੇ, ਕੀ ਕਰਨ ਹੋਈ।
ਆਕੜ ਅਗੋਂ ਬੋਲਦੇ, ਸੰਕਾ ਨਹਿ ਕੋਈ।
ਕੌਨ ਉਠਾਲੇ ਅਸਾ ਨੂੰ, ਏਹ ਸੱਚੀ ਗੋਈ।
ਜਥੇ ਦਾਰ ਨੇ ਆਖਯਾ, ਹੋ ਗੁਸੇ ਹੋਈ।
ਹੁਕਮ ਨ ਮਨੋ ਤਖਤ ਦਾ, ਹੰਕਾਰ ਕਰੋਈ।
ਬਦਲਾ ਪੈਸੀ ਭਗਤਣਾ, ਕੋ ਨਹੀਂ ਰਖੋਈ।
ਖੇਲ ਸ਼ਤਿ ਗੁਰੂ ਕੀ ਵਰਤੋਈ ॥੬॥

ਪਉੜੀ

ਸੁਣ ਦੇ ਸਾਰ ਫੁਲੇਰਿਆਂ, ਕੀ ਕੰਮ ਕਰਾਏ।
ਜਥੇ ਦਾਰ ਤੇ ਉਛਲੇ, ਹਥ ਉਸ ਨੂੰ ਪਾਏ।
ਭਾਂਡਾ ਉਸਦੇ ਸ ਸ ਤੇ, ਇਕ ਚੁੱਕ ਵਗਾਏ।
ਨਾਲੇ ਦੂਜਾ ਟੌਕਰਾ, ਵਿਚ ਮਗਰ ਲਗਾਏ।
ਸਾਰੇ ਫੁਲ ਖਿਲਾਰ ਕੇ, ਉਠ ਬਾਹਰ ਪਾਏ।
ਵਿਚ ਇਦਾਲਤ ਜਾਇ ਕੇ, ਫਿਰ ਅਰਜ਼ੀ ਪਾਏ।
ਜਥੇਦਾਰ ਨੂੰ ਸਦਿਆ, ਤਾਰੀਖ ਰਖਾਏ।
ਲੈਕੇ ਕਈ ਸ਼ਹਾਦਤਾਂ, ਇਨਸਾਫ ਕਰਾਏ।
ਸਾਰਾ ਝੂਠ ਮੁਕਦਮਾਂ, ਹਾਕਮ ਦਰਸਾਏ।
ਝੂਠੇ ਹੋਕੇ ਨਿਕਲੇ, ਬਹੁਤੇ ਸ਼ਰਮਾਏ।

ਹੁੰਦੀ ਸੋਇ ਗੁਰੁ ਜੋ ਭਾਏ ॥ ੭ ॥

ਪਉੜੀ

ਕਟੜੇ ਸੀ ਵਿਚ ਸ਼ਹਿਰ ਦੇ, ਇਕ ਗੁਰੂ ਦੁਵਾਰਾ ।
ਸੀ ਪੁਜਾਰੀ ਓਸਦਾ, ਸਾਧੂ ਹਤਿਆਰਾ ।
ਚਰਸੀ ਭੰਗੀ ਪੋਸ਼ਤੀ, ਸ਼ਰਾਬੀ ਭਾਰਾ ।
ਮੁਸਲਮਾਨ ਇਕ ਓਸਦਾ, ਸੀ ਭਾੜੇ ਦਾਰਾ ।
ਗੁਰਦੁਵਾਰ ਦੇ ਓਸ ਨੂੰ, ਸੀ ਬਾਹਰ ਸਿਧਾਰਾ ।
ਡੰਗਰ ਅੰਦਰ ਬੰਨ੍ਹਦਾ, ਖੋਟਾ ਵਰਤਾਰਾ ।
ਸਿਖਾਂ ਪਾਸੋਂ ਵੇਖ ਕੇ, ਨਾ ਹੋਇ ਸਹਾਰਾ ।
ਇਕ ਦਿਨ ਕਟੜੇ ਵਾਲਿਆਂ, ਆ ਕਰੀ ਪੁਕਾਰਾ ।
ਧਰਮ ਸਾਲ ਗੁਰ ਥਾਨ ਜੋ, ਅਜ ਵਿਗੜੇ ਸਾਰਾ ।
ਬੀਤ ਬਹਾਦਰ ਖਾਲਸਾ, ਰਖੋ ਦਿਕ ਵਾਰਾ ।
ਪੰਥ ਗੁਰੁ ਦਾ ਹੈ ਬਲਿਹਾਰਾ ॥ ੮ ॥

ਪਉੜੀ

ਸੰਗਤ ਹੋਈ ਮਾਨ ਕੇ, ਜਦ ਹੀ ਫਿਰਿਆਦੀ ।
ਪਹਿਲਵਾਨ ਨ ਨਿਕਲੇ, ਸੋ ਬੜਾ ਛਮਾਦੀ ।
ਥੋੜੀ ਕਟੜੇ ਵਿਚ ਹੈ, ਗੁਰ ਸਿਖ ਆਬਾਦੀ ।
ਬਿਨਾਂ ਖਾਲਸਾ ਆਪਦੇ, ਕੋ ਦੇਵੈ ਦਾਦੀ ।
ਓਸੇ ਵੈਲੇ ਖਾਲਸੇ, ਏਹ ਕਰੀ ਮੁਨਾਦੀ ।
ਪਹਿਲਵਾਨ ਨੂੰ ਸਦਕੇ, ਸੀ ਗਲ ਸੁਠਾਦੀ ।

ਖਾਲੀ ਕਰ ਅਸਥਾਨ ਨੂੰ, ਸੁਨ ਮਸਲਾ ਆਈ।
ਵੇਰ ਨ ਸਕੇ ਖਾਲਸਾ, ਹੁੰਦੀ ਬਰਬਾਦੀ ।
ਕਲ ਨੂੰ ਸਿੰਘਾਂ ਆਵਣਾ, ਰਖ ਸੇਵਾ ਵਾਦੀ।
ਧਰਨਾਂ ਪਾਠ ਅਖੰਡ ਹੈ, ਕਰ ਮੰਗਲ ਸ਼ਾਦੀ।
ਵਾਕ ਸਿੰਘਾਂ ਦਾ ਲੀਕ ਫੁਲਾਂਦੀ ॥ ੯ ।

ਪਉੜੀ

ਓਸੇ ਦਿਨ ਭਲਵਾਨ ਨੇ, ਛਡਿਆ ਧਰਮ ਸਾਲੇ
ਲੇਪ ਨ ਪੋਚਾ ਦੇਇਕੈ, ਸਿੰਘਾਂ ਤਤਕਾਲੇ ।
ਪਾਠ ਅਖੰਡ ਰਖਾਵੰਦੇ, ਦਿਨ ਅਗਲੇ ਭਾਲੇ ।
ਕਰਨ ਪ੍ਰੇਮੀ ਆਨਕੇ, ਸੇਵਾ ਸੁਖ ਨਾਲੇ ।
ਭੋਗ ਪਿਆ ਸਦ ਮੰਗਤਾਂ, ਕਰ ਬਚਨ ਬਿਸਾਲੇ ।
ਵੇਖ ਹਾਲ ਗੁਰ ਥਾਨ ਦਾ, ਹੋ ਗਏ ਦੁਖਾਲੇ ।
ਸਤਿਗੁਰ ਸੋਈ ਦੁਖੜੇ, ਚੁਨ ਦੂਰ ਨਿਕਾਲੇ ।
ਬਨੇ ਕਮੇਟੀ ਕਟੜਿਓਂ, ਅਸਥਾਨ ਸੰਭਾਲੇ ।
ਕੀਤੀ ਚੋਨ ਸੀ ਮੈਂਬਰਾਂ, ਓਸੇ ਹੀ ਕਾਲੇ ।
ਸਾਰਾ ਕੰਮ ਸਥਾਨ ਦਾ, ਤਿਸ ਕੀਆ ਹੁਵਾਲੇ ।
ਬਨੇ ਢਾਹ ਦੇ ਸੋ ਰਖਵਾਲੇ ॥ ੧੦ ॥

ਪਉੜੀ

ਇਕ ਗ੍ਰੰਥੀ ਰਖਿਆ, ਜੋ ਸੇਵ ਕਰਾਵੈ ।
ਗੁਰਮਤ ਅਨੁਸਾਰ ਹੋ, ਸੋ ਦਹਿਲ ਕਮਾਵੈ ।

ਵੇਖਣ ਵਾਲੇ ਖੁਸ਼ੀ ਨੇ, ਗੁਰ ਧੰਨ ਅਲਾਵੈ।
ਥੋੜੇ ਦਿਨ ਹੀ ਬੀਤਦੇ, ਸੋ ਸਾਧੂ ਆਵੈ।
ਪੀਤੀ ਹੋਈ ਸ਼ਰਾਬ ਸੀ, ਦੁਰਵਾਕ ਸੁਨਾਵੈ।
ਅੰਦਰ ਜਾ ਅਸਥਾਨ ਦੇ, ਲੋਕਾਂ ਧਮਕਾਵੈ।
ਇੱਟਾਂ ਵਟੇ ਮਾਰਦਾ, ਕੁ ਨੇੜ ਨ ਜਾਵੈ।
ਪਕੜ ਗੰਥੀ ਕੱਢਿਆ, ਫੜ ਛੁਰਾ ਭਜਾਵੈ।
ਆਪੇ ਅਪਨੀ ਬਾਂਹ ਤੇ, ਇਕ ਜ਼ਖਮ ਲਗਾਵੈ।
ਵਿਥ ਕੁਤਵਾਲੀ ਜਾਇ ਕੈ, ਫਿਰ ਸ਼ੋਰ ਮਚਾਵੈ।
ਪਰ ਨ ਅਗੇ ਕੋਇ ਬੁਲਾਵੈ॥ ੧੧॥

ਪਉੜੀ

ਜਿਸ ਦਿਨ ਸਾਧੂ ਰਖਿਆ, ਸੀ ਸ਼ੋਰ ਮਚਾਈ।
ਕਟੜੇ ਵਲੇ ਭਰਦਿਆਂ, ਰੀਪੋਟ ਪੁਜਾਈ।
ਖਬਰ ਸੀ ਦੇਲੀਫੂਨ ਦੀ, ਕੁਤਵ ਲ ਸੁਨਾਈ।
ਅਗੋਂ ਉਸਨੇ ਆਖਜਾ, ਆ ਦਸੋ ਭਾਈ।
ਗਏ ਜਦੋਂ ਤਿੰਨ ਆਦਮੀ, ਫਿਰ ਏਹ ਕਹਾਈ।
ਬੁਰੇ ਤਖਤ ਅਕਾਲ ਦੈ, ਜਾ ਦਿਓ ਦੁਹਾਈ।
ਆਖੋ ਤੇਜਾ ਸਿੰਘ ਨੂੰ, ਜੋ ਕਰੈ ਸਹਾਈ।
ਮੈਂ ਨਹੀਂ ਸੁਣਦਾ ਤੁਸਾਂ ਦੀ, ਹਾਂ ਗਲ ਕਦਾਈ
ਸੋ ਮੁੜਕੇ ਆ ਜਾਵੰਦੇ, ਸਭ ਕਹਜੋ ਬਤਾਈ।
ਜਥੇਦਾਰ ਨ ਸੁਣਦਿਆਂ, ਇਕ ਸੋਚ ਦੁੜਾਈ।

ਸਾਰੀ ਓਨ੍ਹਾਂ ਨੂੰ ਸਮਝਾਈ ॥ ੧੨ ॥

ਪਉੜੀ

ਕਟੜੇ ਵਿਚ ਤੁਸਾਡੜੇ, ਅਸਥਾਨ ਰਹੰਦਾ ।
ਸਾਂਭਨ ਉਸਦਾ ਸਜਣੋਂ, ਹਥ ਤੁਸਾਂ ਸੁਹੰਦਾ ।
ਬਾਹਰੋਂ ਕੋਈ ਜਾਇਕੈ, ਰਹੀਂ ਰਖ ਸਕੰਦਾ ।
ਥਾਪ ਕਮੇਟੀ ਤੁਸਾਂ ਦੀ, ਕਟ ਦਿੱਤਾ ਧੰਧਾ ।
ਫਿਰ ਨ ਤੁਸਾਂ ਸੰਭਾਲਿਆ, ਏਹ ਕਾਰਨ ਮੰਦਾ ।
ਕਿਥੇ ਕਿਥੇ ਅਸਾਂ ਨੂੰ, ਰਖ ਮਾਰੋ ਨੰਦਾ ।
ਏਹ ਸੀ ਗਲਾਂ ਦੀਆਂ, ਇਕ ਆਵੈ ਬੰਦਾ ।
ਛਮ ਛਮ ਕੇਰੇ ਅਥਰੂੰ, ਪੁਕਾਰ ਕਰੰਦਾ ।
ਛੇਤੀ ਚਲੋ ਖਾਲਸਾ, ਹੈ ਵਕਤ ਵਿਹੰਦਾ ।
ਕੰਮ ਬੁਰਾ ਜੋ ਕਰ ਗਿਆ, ਓਹ ਸਾਧੂ ਰੰਦਾ ।
ਜਥੇਦਾਰ ਸੁਨ ਤੁਰਤ ਉਠੰਦਾ ॥ ੧੩ ॥

ਪਉੜੀ

ਕੀ ਓਹ ਸਾਧੂ ਕਰ ਗਿਆ, ਸੀ ਕੰਮ ਕੁਦਾਈ
ਗੁਰੂ ਗ੍ਰੰਥ ਸਾਹਿ ਤਿੰਨ ਜੋ, ਇਕ ਥਾਉਂ ਟਿਕਾਈ
ਹੇਠਾਂ ਉਪਰ ਰਖਕੇ, ਇਕ ਅੰਦਰ ਭਾਈ ।
ਨੀਚੇ ਬਹੁਤੇ ਸ਼ਕ ਸੀ, ਤਿਸ ਰਖੇ ਆਈ ।
ਵਿਚ ਓਨਾਂ ਦੇ ਓਸਨੇ, ਫਿਰ ਅਗ ਲਗਾਈ ।
ਬਾਹਰੋਂ ਮਾਰੇ ਜੰਦਰੇ, ਦਰ ਬੰਦ ਕਰਾਈ ।

ਬੁਝਾ ਇਕ ਨ ਛਡਆ, ਦੇ ਤਾਲੇ ਲਾਈ।
ਧੁੰਆਂ ਨਿਕਲੇ ਬਹੁਤ ਹੀ, ਦਰ ਖੁਲੇ ਨ ਕਾਈ।
ਉੜਕ ਮਦ ਲੁਹਾਰ ਨੂੰ, ਤਾਲੇ ਤੁੜਵਾਈ।
ਜਥਦਾਰ ਨੇ ਜਾਂਦਿਕੈ, ਸੋ ਅਗ ਬੁਝਾਈ।
ਕੀਤੀ ਕੈਸੀ ਹੈ ਚਤਰਾਈ ॥ ੧੭ ॥

ਪਉੜੀ

ਫੌਜ ਅਕਾਲੀ ਆਨ ਕੇ, ਸ਼ਾਂਤੀ ਵਰਤਾਈ।
ਪਲੋ ਪਲੀ ਵਿਚ ਸੰਗਤਾਂ, ਜੁੜੀਆਂ ਸੀਆਈ।
ਤਿਨੋ ਗੁਰੂ ਗ੍ਰੰਥ ਜੀ, ਸਿਖਾਂ ਸੁਖ ਦਾਈ।
ਅਮਨ ਅਮਾਨ ਸੁ ਨਿਕਲੇ, ਨਹੀਂ ਆਂਚ ਲਗਾਈ
ਕੇਵਲ ਗਤੇ ਇਕ ਦੇ, ਦੇ ਅਗ ਜਲਾਈ।
ਅਖਰ ਇਕ ਨ ਹਿਲਜਾ, ਗੁਰ ਦੀ ਵਡਆਈ।
ਨੱਸਾ ਜਾਨ ਬਚਾਇ ਕੈ, ਸਾਧੂ ਸ਼ਰਮਾਈ।
ਸਿੰਘਾਂ ਦੀ ਵਿਚ ਸ਼ਹਿਰ ਦੇ, ਕੀਰਤ ਅਧਿਕਾਈ
ਝਲਣ ਕਈ ਮੁਸੀਬਤਾਂ, ਉਪਕਾਰ ਕਮਾਈ।
ਗੁਰ ਦੇ ਭਾਣੇ ਵਿਚ ਨੇ, ਆਨੰਦ ਸਦਾਈ।
ਦੁਖ ਸੁਖ ਤੋਂ ਨਿਰਲੇਪ ਰਹਾਈ ॥ ੧੪ ॥

ਪਉੜੀ

ਕਿਹਾ ਫਿਰ ਸਰਕਾਰ ਨੂੰ, ਏਹ ਵਜ ਵਜਾਕੇ।
ਵਿਚ ਹਦ ਦਰਬਾਰ ਦੀ, ਏਹ ਖਾਸ ਜਨਾਕੇ।

ਵੜੇ ਨ ਕੋਈ ਪੁਲਸੀਆ, ਹੁਨ ਬਜਰੀ ਪਾਕੇ।
ਸਿੰਘ ਕਰਨ ਪ੍ਰਬੰਧ ਨੂੰ, ਸਭ ਪਹਿਰੇ ਲਾਕੇ
ਰੋਕਨ ਸਭ ਕੁਰੀਤੀਆਂ, ਲੋਕਾਂ ਸਮਝ ਕੇ।
ਰਹੇ ਨ ਡੰਡ ਕਾਨੂੰਨ ਦਾ, ਕਹਿੰਦੇ ਮੀ ਗਾਕੇ।
ਮੰਨਿ ਲਿਆ ਸਰਕਾਰ ਨੇ, ਤਾਂ ਪੁਲਸ ਹਟਾਕੇ।
ਕਦੇ ਨ ਅੰਦਰ ਜਾਵੰਦੀ, ਜੋ ਭੁਲ ਭੁਲਾਕੇ।
ਸਰੋਵਰ ਗਿਰਦ ਖਲੋਵੰਦੇ, ਅਕਾਲੀ ਆਕੇ।
ਕੀਤਾ ਸੋਹਣਾ ਇੰਤਜਾਮ, ਖੁਸ਼ ਲੋਕ ਤਕਾਕੇ।
ਧੰਨ ਗੁਰੁਮੁਖ ਕਹੈ ਸੁਨਾਕੇ॥ ੧੬॥

ਪਉੜੀ

ਦੀਪਮਾਲ ਦਾ ਆਗਿਆ, ਮੇਲਾ ਹੁਨ ਭਾਰੀ।
ਜਿਸ ਤੇ ਸੰਗਤ ਆਵੰਦੀ, ਹੈ ਬੇਅੰਤ ਮਾਰੀ।
ਮਨੀ ਸਿੰਘ ਜਿਸ ਵਾਸਤੇ, ਸਿਦਕੀ ਉਪਕਾਰੀ।
ਕਰ ਕੁਰਬਾਨੀ ਦਸਦੇ, ਏਹ ਨਾਲ ਵਿਚਾਰੀ।
ਦੂਰ ਦੂਰ ਤੋਂ ਸੰਗਤਾਂ, ਆਵਨ ਚਿਤ ਧਾਰੀ।
ਕੰਮ ਹੋਤ ਗੁਰਮਤੇ ਆਇ, ਕਰ ਸੋਧਨ ਭਾਰੀ।
ਮੇਲ ਮੁਹੱਬਤ ਵਧਨ ਨੂੰ, ਮੇਲਾ ਦਰਕਾਰੀ।
ਹਿੱਲੀ ਵਿਚ ਦੀਵਾਨ ਦੇ, ਏਹ ਗਲ ਸੁਵਾਰੀ।
ਹੁਕਮ ਹੋਯਾ ਇਸ ਦਾਸਨੂੰ, ਦਸਾਂ ਵਿਸਤਾਰੀ।
ਦਸਿਆ ਮੇਲੇ ਵਾਸਤੇ, ਕਰ ਲਵੋ ਤਿਆਰੀ।

ਸਾਦੀ ਜੰਞ ਸਮੈ ਅਨੁਸਾਰੀ ॥ ੧੭ ॥

ਪਉੜੀ

ਬਿਜਲੀ ਠੀਕ ਨ ਕਰੈ ਜੋ, ਹੈਸੀ ਰੁਸ਼ਨਾਈ।
ਦਾਤ ਹਨੇਰੀ ਹੋਣਤੇ, ਦਿੱਸੈ ਦੁਖ ਦਾਈ।
ਲੁਚੇ ਲੁਦਨ ਯਾੜਰੂ, ਤਾਂ ਲੁੱਟ ਮਚਾਈ।
ਇਸ ਕਰ ਚਹੀਏ ਹੋਵਣਾਂ, ਕੁਝ ਠੀਕ ਉਪਾਈ।
ਲੰਪ ਗੈਸ ਦੇ ਕਹੁੜ ਹੀ, ਲਈਏ ਮੰਗਵਾਈ।
ਜਗਾ ਜਗਾ ਤੇ ਰਖੀਏ, ਪਰਕਰਮ ਸੁਹਾਈ।
ਸਭ ਨੈ ਇਸਨੂੰ ਮੰਨਆਂ, ਜਦ ਰੁਲ ਜਨਾਈ।
ਕਮੀਨ ਕੋਈ ਰਹਿ ਗਈ, ਗੱਫੇ ਅਧਿਕਾਈ।
ਪੰਝੀ ਲੰਪ ਮੰਗਾ ਲਏ, ਦਿਤੇ ਰਖਵਾਈ।
ਪਹਿਰਾ ਦੇਣ ਨਕਾਲੀ ਭਾਈ ॥ ੧੭ ।

ਪਉੜੀ

ਨਾਲੇ ਲੰਗਰ ਵਾਸਤੇ, ਆ ਮੀਲ ਕਰਾਨੀ।
ਖੁਸ਼ੀ ਆਪਣੀ ਨਾਲ ਜੋ, ਦੇ ਦੇਵੈ ਦਾਨੀ
ਲੰਗਰ ਦੇਂਵਿਚ ਪਾਵਨਾ, ਲਖ ਲਾਖ ਸੁਮਾਨੀ।
ਖਾਵਨ ਕਈ ਹਜ਼ਾਰ ਹੀ, ਮੇਲੇ ਤੇ ਜਾਨੀ।
ਰੋਹੇ ਬਖਸ਼ੇ ਸੰਗਤਾਂ, ਉਪਕਾਰ ਪਛਾਨੀ।
ਚਾਰ ਪਦਾਰਥ ਸੰਗਤੋਂ, ਗੁਰਗਿਰਾ ਬਖਾਨੀ।
ਵਿਚ ਸੁਖਮਨੀ ਦਸਿਆ, ਏ ਸਚ ਕਹਾਨੀ।

ਸੰਗਤ ਵਿਚੋਂ ਆਵੈਦੀ, ਸਭ ਵਸਤੁ ਮਹਾਨੀ।
ਆਟਾ ਮਿਠਾ ਦੁਧ ਘੀ, ਆਲਹਿਰ ਲਗਾਨੀ।
ਵਿਚ ਮਸਾਲਾ ਲੂਣਵੀ, ਕੀ ਗਲ ਵਧਾਨੀ।
ਸਤ ਸੰਗਤ ਦੀ ਏਹ ਨਿਸ਼ਾਨੀ ॥ ੧੯ ॥

ਪਉੜੀ

ਜੁੜਿਆ ਮੇਲਾ ਆਨਕੈ, ਸੰਗਤ ਉਛ ਲਾਵੈਂ
ਚਾਰਿ ਕੁਟਾਂ ਆਈਆਂ, ਗੁਰਦਰਸਨ ਭਾਂਵੈਂ।
ਨਰ ਤੇ ਨਾਰਾਂ ਟਲੀਆਂ, ਬਨ ਬਨ ਕੋ ਆਂਵੈਂ
ਪਹਿਲਾਂਕਰਇਸਨਾਨ ਨੂੰ, ਗੁਰਦਰਸਨ ਪਾਵੈਂ
ਜਥਾ ਸ਼ਕਤ ਧਨ ਅਰਪਦੇ, ਪਰਸਾਦ ਚੜ੍ਹਾਵੈਂ।
ਜਨਮ ਜਨਮ ਦੀਕਾਲਖਾਂ, ਸਭ ਦੂਰ ਨਸਾਵੈਂ।
ਮਨੋਂ ਕਾਮ ਨਾਂ ਸਿਧ ਹੋਇ, ਗੁਰ ਬਖਸ਼ ਕਰਾਵੈਂ
ਗੁਰ ਬਾਨੀ ਨੂੰ ਗਾਂਵਦੇ, ਸੰਗ ਸਾਜ ਵਜਾਵੈਂ।
ਕੋਈ ਨ ਕਿਸੈ ਦੁਖਾਵੰਦਾ, ਚਲ ਮਿਲ ਪਰਚਾਵੈ।
ਪਹਿਰੇ ਦਾਰ ਅਕਾਲਾਂਏ, ਸਭ ਸੇਵ ਕਮਾਵੈਂ।
ਮਿਹਰ ਗੁਰੂ ਦੀ ਇਕ ਤਕਾਵੈ ॥ ੨੦ ॥

ਪਉੜੀ

ਹੰਦੀ ਕਈ ਖਰਾਬੀਆਂ, ਸੀ ਏਸ ਦਿਹਾੜੇ।
ਲੁਟੇ ਜਾਂਦੇ ਕਈ ਸੀ, ਲਿੱਤੇ ਤੇ ਮਾੜੇ।
ਗਹਾਂ ਕੋਈ ਵੱਢਦੇ, ਕੋਈ ਵੱਸਣ ਧਾੜੇ

ਇਜ਼ਤਮਾਈਆਂਬੀਬੀਆਂ, ਕੋਈਕਰਨਵਿਗਾੜ।
ਕੋਝੀ ਸ਼ਰਾਬਾਂ ਪੀਵੰਦੇ, ਮਨ ਮੁਖ ਅਨਾੜ।
ਕਈ ਤਰਾਂ ਦੇ ਹੋਰ ਬੀ, ਹੋ ਜਾਨ ਪੁਵਾੜੇ।
ਡੰਡੇ ਪੁਲਿਸ ਚਲਾਵੰਦੀ, ਬਨ ਰਹਿਨ ਅਖਾੜੇ।
ਇਸ ਵੇਲੀ ਆਕ ਲੀਆਂ, ਸਭ ਦੂਸ਼ਨ ਝਾੜ।
ਡੰਡੇ ਨਾਲ ਪ੍ਰੇਮ ਦੇ, ਸਭ ਰਖੇ ਤਾੜੇ।
ਸੋਂਦੇ ਮੂਰਖਤਾਈ ਦ, ਫੜ ਜੜੋਂ ਉਖਾੜੇ।
ਕਾਜ ਸਿਰੈ ਗੁਰੂ ਨੇ ਚਾਹੜੇ ॥ ੨੧ ॥

ਪਉੜੀ

ਪੁਰਬ ਦਿਹਾੜੇ ਹੋਵੰਦੀ, ਨ੍ਹਾਵਣ ਕਠਨਾਈ।
ਮਾੜੇ ਲਿੱਸੇ ਕਪੜੇ, ਸਭ ਬਹਿਨ ਗੁਵਾਈ।
ਕਦੇ ਯਾਤਰੂ ਡੁਬਦੇ, ਵਿਚ ਭੀੜ ਦਖਾਈ।
ਨ੍ਹਾਵਨ ਮਾਈਆਂ ਬੀਬੀਆਂ, ਨਹੀ ਹੁੰਦਾ ਸਾਈ।
ਜਗਾਨਮਿਲੈ ਖਲੋਨ ਨੂੰ, ਵੱਡੀਉਖਿਆਈ।
ਇਸ ਵੈਰੀ ਆਕਾਲੀਆਂ, ਏਹ ਗਲ ਉਠਾਈ।
ਚਾਰ ਬਜੇ ਤੋਂ ਅਨਕੇ, ਕਰਦੇ ਤਕੜਾਈ।
ਕੰਢੇ ਖੜੇ ਸਰੋ ਵਰੇ, ਏਹ ਸੇਵਾ ਚਾਈ।
ਆਪ ਸ਼ਨਾਨ ਕਰਾਂਵਦੇ, ਫੜ ਕਪੜੇ ਭਾਈ।
ਬੁਢੇ ਠੇਰੇ ਆਦਮੀ, ਟੁਭੇ ਲਗਵਾਈ।
ਚਾਰ ਸਿਖਾਂ ਦੀ ਧੰਨ ਕਮਾਈ ॥ ੨੨ ॥

ਪਉੜੀ

ਇਕ ਕੋ ਲੰਙੇ ਲੁਚਿਆਂ, ਕੀਤੇ ਕੀ ਕਾਚੇ।
ਛੜਨਮਾਈਆਂਬੀਬੀਆਂ, ਭੈੜੇ ਬਦਕਾਰੇ।
ਪਕੜੇਤੁਰਤ ਅਕਾਲੀਆਂ, ਬਹੁ ਕਰੈ ਖੁਵਾਰੇ।
ਮੁਸ਼ਕਾਂ ਪਿਛੈ ਬੰਨਕੇ, ਮੂੰਹ ਕੀਤੇ ਕਾਰੇ।
ਅਗੈ ਤਖਤ ਲਿਆਂਇ ਕੈ ਵਿਚ ਗੁਰ ਦਰਬਾਰੇ।
ਸਾਰੀ ਸੰਗਤ ਵੇਖਕੇ, ਦੁਸ਼ਟਾਂ ਫਿਟਕਾਰੇ।
ਵਿਚ ਪਰਕਰਮਾਂ ਫੇਰਕ, ਪਾਪੀ ਹਤਿਆਰੇ।
ਗੁਰੂ ਥਨ ਵਿਚ ਆਇਕੈ, ਜਿਨ ਪਾਪ ਬਿਥਾਰੇ।
ਦੋ ਦਿਨ ਐਸੇ ਰਖਦੇ, ਤਿਨ੍ਹਾਂ ਵਰਤਾਰੇ।
ਬਾਹਰ ਕੱਢਿਆ ਸੰਗਤੋਂ; ਦੇ ਧੱਕੇ ਚਾਰੇ।
ਅਸਰ ਏਸ ਦੇ ਹੋਏ ਭਾਰੇ ॥ ੨੩ ॥

ਪਉੜੀ

ਮੇਲੇ ਵਾਲੇ ਰੋਜ਼ ਦੀ, ਇਕ ਹੋਰ ਬੁਰਾਈ।
ਮਣਾਂ ਮੂੰਹੀ ਪ੍ਰਸਾਦਿ ਸੀ, ਹੋ ਜ਼ਾਂਦਾ ਆਈ।
ਨਹੀ ਪੁਜਾਰੀ ਸਕਦੇ, ਉਸ ਨੂੰ ਵਰਤਾਈ।
ਪੰਡਾਂ ਬੰਨ੍ਹ ਲੈਜਂਦੇ, ਨਿਜ ਘਰੀ ਉਠਾਈ।
ਘਰੀ ਕੈਜਰਾਂ ਜਾਂਦਾ, ਕੈਸੀ ਅਨਿਆਈ।
ਜਾਤੇ ਪੋਥੀ ਮੰਚੀਆਂ, ਘਰ ਪੂਜੇ ਜਾਈ।
ਸਿਖਾਂ ਦੀ ਏਹ ਚੀਜ਼ ਸੀ, ਜਾ ਪਏ ਕੁਥਾਈ।

ਭੰਡੀ ਮੰਚੀ ਹੋਈ ਜੀ, ਵਿਚ ਦੇਸ ਸਬਾਈ।
ਨਹੀ ਪੁਜਾਰੀ ਸਮਝਦੇ, ਸਿਖ ਦੇਨ ਦੁਹਾਈ।
ਸੜਦੇ ਹਿਰਦੇ ਸੇਵਕਾਂ, ਮਨ ਮੇਤ ਤਕਾਈ।
ਕਦੋਂ ਗੁਰੂ ਏਹ ਕੰਮ ਹਟਾਈ॥ ੨੪ ॥

ਪਉੜੀ

ਸਿੰਘਾਂ ਬਹਿ ਕੇ ਸੋਚਿ ਮਾ, ਕੀ ਦਰਨ ਉਪਾਏ।
ਬੂਹੇ ਅਗੇ ਦਰਬਾਰ ਦੇ, ਸਨ ਪਹਿਰੇ ਲਾਏ।
ਸਕਨਾਂ ਖਾਸ ਪੁਜਾਰੀਆਂ, ਏਹ ਵਾਕ ਸੁਨਾਏ।
ਲੈ ਕੋਈ ਪਰਸਾਦ ਨੂੰ, ਨਹੀ ਬਾਹਰ ਜਾਏ।
ਹਿੱਸੇ ਤਿਨ ਕਰਾਵਨ, ਏਸੇ ਹੀ ਥਾਏ।
ਹਿਸਾ ਇਕ ਪੁਜਾਰੀਆਂ, ਦੇਨਾਂ ਹਰਖਾਏ।
ਦੂਜਾ ਲੈਣ ਨਿਹੰਗ ਜੋ, ਖਾਵਣ ਸੁਖ ਪਾਏ।
ਸਭੈ ਧਿਰਾਂ ਪ੍ਰਸੰਨ ਹੋ, ਨਹੀ ਬੁਰਾ ਮਨਾਏ
ਏਹ ਸਿਆਨਪ ਖਾਲਸੇ, ਵਰਤੀ ਸੁਖ ਦਾਏ।
ਟਾਰੇ ਪਾਸਿ ਅਮਨ ਰਹਾਏ ।੨੪ ।

ਪਉੜੀ

ਇਕ ਖਰਾਬੀ ਹੋਰ ਥੀ, ਕਰਦੇ ਹਿਲ੍ਹਵਾਈ।
ਆਵਨ ਬਾਹਰੋਂ ਯਾਤਰੂ, ਸੋ ਮਿਲਦੇ ਨ ਈ।
ਲੈ ਆਵਨ ਨਿਜ ਥਾਨਤੇ, ਬਹੁ ਪ੍ਰੇਮ ਜਨਾਈ।

ਜਗਾ ਵੀ ਦੇਂਦੇ ਰਹਿਣ ਨੂੰ, ਕੁਝ ਢੰਗ ਚਲਾਈ।
ਕੇਵਲ ਇਕੋ ਰਖਦੇ, ਹਨ ਗਰਜ਼ ਬਨਾਈ।
ਪ੍ਰਸਾਦਿ ਅਸ ਡੀ ਹਟ ਤੋਂ, ਲੈ ਜਾਣਾਂ ਭਾਈ।
ਉਸਦੇ ਵਿਚੋਂ ਕੱਢਦੇ, ਹਨ ਠੱਕ ਕਮਾਈ।
ਰੀਤ ਜੋਇ ਪਰਸ਼ਾਦ ਦੀ, ਸੋ ਕਰਨ ਨ ਕਾਈ।
ਧੋਖਾ ਦੇਂਦੇ ਜੰਗਤਾਂ; ਅਨਕੋਲ ਤਕਾਈ।
ਸੁਧ ਬਨੇ ਪ੍ਰਸਾਦਿਨ, ਕੈਸੀ ਬੁਰਿਆਈ।
ਸੋ ਥੀ ਰੋਕਣ ਜੋਰ ਲਗਾਈ ॥੨੬॥

ਪਉੜੀ

ਜੋ ਹਲਵਾਈ ਸਿਖ ਸੀ, ਕਰ ਰਹੇ ਦੁਕਾਨਾਂ।
ਜਥੇਦਾਰ ਸਭ ਸਦਕੇ, ਏਹ ਵਚਨ ਬਖਾਨਾਂ।
ਉਰੇ ਤਖਤ ਅਕਾਲ ਤੋਂ, ਏਹ ਹੁਕਮ ਚੜ੍ਹਾਨਾਂ।
ਜੋ ਪ੍ਰਸਾਦਿ ਬਨਾਏਗਾ, ਤਿਸ ਪਏ ਕਮਾਨਾਂ।
ਰਹਿਤ ਜੋ ਪੂਰੀ ਪਾਲਦਾ, ਗੁਰ ਸਿਖ ਸੁਜਾਨਾਂ।
ਮੈਦਾ ਖੰਡ ਤੇ ਘਿਉ ਥੀ, ਹੋ ਇਕ ਸਮਾਨਾਂ।
ਕਰੇ ਪਾਠ ਨਿਤ ਨੇਮ ਦਾ, ਪ੍ਰਸਾਦਿ ਬਣਾਨਾਂ।
ਜੋ ਏਹ ਕੰਮ ਨ ਕਰੇਗਾ, ਹੋਸੀ ਜੁਰਮਾਨਾਂ।
ਬਾਈਕਾਟ ਤਿਸ ਹਟ ਦਾ, ਏਹੋ ਹਰਜਾਨਾਂ।
ਜਿਨ੍ਹਾਂ ਇਸ ਨੂੰ ਮੰਨਿਆਂ, ਸੋਈ ਪਰਵਾਨਾਂ।
ਏਹ ਰੁਰੀਤ ਮੋਟੀ ਸੁਖਮਾਨਾਂ ॥ ੨੭ ॥

ਪਉੜੀ।

ਤਿਨੈ ਰੋਜ ਬਤਾਵੰਦੇ, ਏਸੇ ਹੀ ਰੀਤੀ।
ਚੰਗੀ ਖੂਬ ਅਕਾਲੀਆਂ, ਹੈ ਸੇਵਾ ਕੀਤੀ।
ਨੁਕਸ ਨ ਪੈਂਦਾ ਕੋਈ ਬੀ, ਹੈ ਪੂਰੀ ਬੀਤੀ।
ਓਧਰ ਲੰਗਰ ਚਲਦਾ, ਦਿਨ ਰਾਤ ਸੁਹੀਤੀ।
ਸੌ ਸੌ ਬੋਹੀ ਪਕਦੀ, ਇਕ ਸਾਰ ਸੁਨੀਤੀ।
ਛਕਨ ਹਜਾਰਾਂ ਸੰਗਤਾਂ, ਕਰ ਭੋਜਨ ਪਰੀਤੀ।
ਟੋਟ ਨ ਆਵੈ ਅੰਨ ਦੀ, ਗੁਰ ਨ ਜ਼ਮਤ ਦੀਤੀ।
ਘਤਨ ਦੇਤ ਵਿਗਾੜ ਨੂੰ, ਕਈ ਕਰਨ ਅਨੀਤੀ।
ਪਰ ਓਹ ਕੁਝ ਨ ਕਰ ਸਕੇ, ਹੁੰਦੇ ਭੈ ਭੀਤੀ।
ਜੋ ਜੋ ਆਈਆਂ ਸੰਗਤਾਂ;ਗਈਆਂ ਖੁਸ਼ ਚੀਤੀ।
ਅਖੀ ਵੇਖ ਦਾਸ ਵਰ ਨੀਤੀ॥ ੨੮ ॥

ਪਾਉੜੀ।

ਪੂਜ ਦੀ ਸੋਇ ਅਕਾਲੀਆਂ, ਸੁਨ ਦੇਸ ਸਬਾਯਾ।
ਜਿਥੋਂ ਜਿਥੋਂ ਸੰਗਤਾਂ, ਆ ਦਰਸ਼ਨ ਪਾਯਾ।
ਵੇਖੋ ਕਿਯਾ ਅਕਾਲੀਆਂ, ਸਤਜੋਗ ਵਰਤਾਯਾ।
ਕਰਦੇ ਸ਼ੁਕਰ ਅਕਾਲ ਦਾ, ਗੁਰ ਰੰਗ ਵਖਾਯਾ।
ਏਹ ਹਰਮੰਦਰ ਆਪਨਾ, ਸ੍ਰਤਿ ਗੁਰ ਬਚਾਯਾ।
ਕੇਵਲ ਭਜਨ ਸਥਾਨ ਸੀ, ਗੁਰ ਆਪ ਬਨਾਯਾ।
ਸੀ ਪੁਜਾਰੀਆਂ ਓਸਨੂੰ, ਬਹੁਤਾ ਪਲਟ ਯਾ।

ਪਰ ਹੁਨ ਫੇਰ ਸੁ ਖਾਲਸੇ, ਚਿਤ ਏਧਤ ਲਾਯਾ।
ਖਾਸ ਨਮੂਨਾ ਸੁਰਗਦਾ, ਵੈਕੁੰਠ ਸੁਹਾਯਾ।
ਆਪੇ ਫੇਰ ਜਗਾਇ ਕੈ, ਗੁਰ ਕੰਮ ਕਰਾਯਾ।
ਜੋ ਗੁਰ ਜੀ ਦੇ ਮਨ ਨੂੰ ਭਾਯਾ ॥ ੨੯॥

ਪਉੜੀ।

ਦੇਸ ਪ੍ਰਦੇਸੇ ਪੁਜਦੀ, ਏਹ ਸੋਇ ਨਿਰਾਲੀ।
ਕੰਮ ਖਾਲਸਾ ਗੁਰੂ ਨੇ, ਹੈ ਆਪ ਉਠਾਲੀ।
ਰੀਤ ਪੁਰਾਣੀ ਆਪਣੀ, ਮੁੜ ਫੇਰ ਸੰਭਾਲੀ।
ਜੋ ਹੈਸਨ ਕਮਜੋਰੀਆਂ, ਸਭ ਦੂਰ ਨਿਕਾਲੀ।
ਗੁਰ ਧਾਮਾਂ ਦੀ ਕਰਨਗੇ; ਚੰਗੀ ਰਖਵਾਲੀ।
ਦਿਸਦਾ ਫੜਸੀ ਖਾਲਸਾ, ਹੁਨ ਸਿਧੀ ਚਾਲੀ।
ਗੁਰਮਤ ਦੀ ਗੁਲਜ਼ਾਰ ਜੋ, ਹੁਨ ਖਿੜੇ ਕਾਮਾਲੀ।
ਸੋਮਾਂ ਵਰਾਸੀ ਨਾਮ ਦਾ, ਨ੍ਹਾਵਨ ਸਿਖ ਸਾਲੀ।
ਕਲਿਵਿਚ ਸਤਿਜੁਗ ਵਰਤਣਾਂ, ਹੋਇਥਲ੍ਹ ਸੁਖਾਲੀ
ਚੰਗਾ ਕਰਨ ਸੁਧਾਰ ਇਹ, ਮਨ ਮੱਤਾਂ ਗਾਲੀ।
ਜੁਗ ਜੁਗ ਜੀਵਨ ਬੀਰ ਅਕਾਲੀ। ੩੦। ੧੦॥

—o—

ੴ ਸਤਿ ਗੁਰ ਪ੍ਰਸਾਦਿ ॥

# ਨਾ ਮਿਲ ਵਰਤਨ ਲਹਿਰ

ਦੋਹਰਾ

ਨਾ ਮਿਲ ਵਰਤਨ ਧਾਰਿਆ, ਸਿਖਾਂ ਜਿਸ ਪਰਕਾਰ।
ਸਾਰੀ ਗਲ ਸੁਨਾ ਦਿਆਂ, ਅਪਣੀ ਬੁਧਿ ਅਨੁਸਾਰ। ੧॥

ਪਉੜੀ

ਪਰਾਧੀਨਤਾ ਦਬਿਆ, ਸਭ ਹਿੰਦ ਸਤਾਨੇ।
ਸਮਾਂ ਬੀਤਿਆ ਬਹੁਤ ਹੀ, ਕਈ ਰੰਗ ਬਹਾਨੇ।
ਕਈ ਲੁਟੇਰੇ ਆਵੰਦੇ, ਕਰ ਜਾਨ ਵਿਰਾਨੇ।
ਸਭ ਨੇ ਆਪੋ ਆਪਣੇ, ਸਣ ਹਥ ਵਖਾਨੇ।
ਘੱਟ ਵੱਧ ਨ ਕੋਈ ਵੀ, ਸਭ ਇਕ ਸਮਾਨੇ।
ਭੇਡਾਂ ਸਭ ਮੂੰਹ ਕਾਲੀਆਂ, ਜਗ ਲੋਕ ਬਖਾਨੇ।
ਸਭੇ ਅਠੂੰਹੀਂ ਇਕ ਸੇ, ਵੱਡੇ ਛੋਟਾਨੇ।
ਸਭੋ ਡੰਗ ਚਲਾਵੰਦੇ, ਨਹੀ ਫਰਕ ਰਖਾਨੇ।
ਏਸੇ ਰੀਤੀ ਆਨ ਕੇ, ਸਭ ਕਰਨ ਤੁਫਾਨੇ।
ਧਰਮ ਧਾਨ ਤਾਂ ਦਿੰਦ ਦਾ, ਸਭ ਹੋਜਾ ਹਾਨੇ।
ਸਦੀਆਂ ਸਾਲ ਬਿਹਾ ਬਿਹਾਨੇ ॥ ੨ ॥

ਪਉੜੀ

ਪਿਛੋਂ ਸਭ ਦੇ ਆਵਦੀ, ਸ਼ਾਹੀ ਬਰਤ ਨੀ।
ਪਹਲਾਂ ਪਹਲਾਂ ਏਸ ਨੇ, ਏਹ ਗਲ ਪ੍ਰਗਟਾਨੀ।
ਆਏ ਅਮਨ ਕਰਾਣ ਨੇ, ਜੋ ਸਾਚ ਕਹਾਨੀ।
ਧੋਖਾ ਦੇ ਕੇ ਠੱਗਿਆ, ਲੋਕਾਂ ਨੂੰ ਆਨੀ।
ਸਭੈ ਲੋਕ ਫਸਾ ਲਏ, ਕਰ ਕਪਟੀ ਬਾਨੀ।
ਖੱਸੀ ਕੀਤਾ ਦੇਸ ਨੂੰ, ਸ਼ਾਹ ਰਗਾਂ ਦਬਾਨੀ।
ਉਠਨ ਜੋਗ ਨ ਛੱਡਿਆ, ਕਰ ਤਾਕਤ ਹਾਨੀ।
ਵਿਚ ਗੁਲਾਮੀ ਬਨ੍ਹ ਕੇ, ਕਰਦੇ ਮਨ ਮਾਨੀ।
ਫੈਲੀ ਅੰਦਰ ਦੇਸ ਦੇ, ਬਹੁ ਬੇਈਮਾਨੀ।
ਆਪੋ ਵਿਚੀ ਲੜਦੀਆਂ, ਕੌਮਾਂ ਮਸਤਾਨੀ।
ਵੇਖ ਸਿਆਨੇ ਦੇਨ ਹਿਰਾਨੀ ॥ ੩ ॥

ਪਉੜੀ

ਟੁਕੜਾ ਥੋੜਾ ਘਤ ਕੇ, ਕਰ ਕਾਬੂ ਕੋਈ।
ਕੇਵਲ ਨਾਮ ਖ਼ਤਾਬ ਸੁਨ, ਫੁਲ ਬੈਠੇ ਤੋਈ।
ਦੇਸ ਕੌਮ ਦਾ ਘਾਤ ਕਰ, ਹਰ ਖਾਵਨ ਸੋਈ ॥
ਖੁਦ ਗਰਜ਼ੀ ਦੀ ਚਾਟ ਤੇ, ਸੋ ਘਾਇਲ ਹੋਈ
ਜਿਸ ਨੂੰ ਇਜ਼ਤ ਜਾਨਦੇ, ਨਹੀ ਇਜ਼ਤ ਓਏ।
ਦੇਸ ਦ੍ਰੋਹੀ ਕ੍ਰਿਤ ਘਨਾਂ, ਬੈਠੇ ਪਤ ਖੋਈ।
ਨੀਵੀ ਅੱਖ ਰਖਾਵੰਦੇ, ਨਹੀਂ ਤਕਸ ਕੋਈ।

ਬਰਕਤ ਏਨ੍ਹਾਂ ਦੂਲਿਆਂ, ਹਿੰਦ ਭੁਖ ਮਰੋਈ।
ਜ਼ਰਾ ਨ ਏਹ ਹਨ ਸੋਚਦੇ, ਰਹਿ ਸੁਖ ਮਨੋਈ।
ਦੇਸ ਰਹੈ ਜਾਂ ਉਜੜੈ, ਏਹ ਮਸਲੇ ਗੋਈ।
ਹਾਂ ਹਜ਼ੂਰ ਸਭ ਠੀਕ ਕਹੋਈ ॥ ੪ ॥

ਪਉੜੀ

ਦੇਸ ਨਤਾਨਾ ਹੋ ਗਿਆ, ਪਰਵੱਸ ਵਿਚਾਰਾ।
ਮੂਲੋਂ ਹਥਲ ਹੋਇ ਕੇ, ਬਨ ਗਿਆ ਨਿਕਾਰਾ।
ਨੰਗ ਭੁਖ ਨ ਦੱਬਿਆ, ਕਿਉ ਚਲੈ ਗੁਜ਼ਾਰਾ।
ਬੂਹਾ ਪਰ ਯਾ ਤਕਣਾ, ਏਹ ਵਰੜਾਨਾ।
ਕਦੇ ਵਲੈਤੋਂ ਕਪੜਾ, ਆਵੈ ਇਕ ਵਾਰਾ।
ਸੋਈ ਲੈ ਕੇ ਪਾਵਨਾਂ, ਏਹ ਔਗਣ ਤਾਰਾ।
ਲੰਕਾ ਸ਼ਾਇਰ ਵਾਲਿਆਂ, ਲਿਆ ਲੁਟ ਕ੍ਹਾਰਾ।
ਮਾਨਚਸਟ੍ਰੀ ਧਾੜਵੀ, ਕਰ ਅਤਿਆ ਚਾਰਾ।
ਛਾਂਢੀ ਲੁਟ ਮਚਾ ਰਹੇ, ਵੱਡੇ ਹੁਸ਼ਿਆਰਾ।
ਸੋਚ ਨ ਆਵੈ ਹਿੰਦੀਆਂ, ਕੀ ਵਰਤੇ ਕਾਰਾ।
ਧੰਨ ਅੰਗਰੇਜ਼ ਸੋ ਕਹੇ ਪੁਕਾਰਾ ॥ ੫ ॥

ਪਉੜੀ

ਵੇਖੋ ਕੈਸੀ ਆਨ ਕੇ, ਕਰ ਦਈ ਅਬਾਦੀ।
ਨਹਿਰਾਂ ਜਾਰੀ ਕੀਤੀਆਂ, ਨੇਕੀ ਦੇ ਆਦੀ।
ਡਾਕ ਤਾਰ ਸੈ ਕੋਹਾਂ ਦੀ, ਪਲ ਗੱਲ ਸੁੰਨਾਦੀ।

ਰਚਕੈ ਕੋਟ ਕਚਹਿਰੀਆਂ, ਲੈ ਬਨ੍ਹ ਫਸ ਦੀ।
ਕੈਸੀ ਨਾਲ ਨਿਆਇ ਦੇ, ਤੋਰੀ ਮਰਯਾਦੀ।
ਕੇਵਲ ਪਰ ਉਪਕਾਰ ਦੀ, ਅੰਗ੍ਰੇਜ਼ਾਂ ਵਾਦੀ।
ਅਪਣੇ ਅਪਣੇ ਘਰਾਂ ਦੇ, ਵਿਚ ਸਭੈ ਸੁਵਾਦੀ।
ਕੋਇ ਨ ਕਿਸੇ ਨੂੰ ਮਾਰਦਾ, ਰਾਉ ਰੰਕ ਇਕਾਦੀ।
ਵੇਖੋ ਨਿਕੇ ਵੱਡਿਆਂ, ਇਕ ਸਾਰ ਅਜ਼ਾਦੀ।
ਏਸੇ ਉਤੇ ਮਸਤ ਹੋ, ਸਭ ਸੁਰਤ ਭੁਲਾਦੀ।
ਮੰਨਣ ਸੁਖ ਹੋਇ ਬਰਬਾਦੀ॥ ਜ ॥

## ਪਉੜੀ

ਗਾਂਧੀ ਸੰਤ ਮਹਾਤਮਾਂ, ਭਾਰਾ ਉਪਕਾਰੀ।
ਦੇਸ ਭਲਾਈ ਸੋਚਦਾ, ਸਭ ਦਾ ਹਿਤਕਾਰੀ।
ਹਿੰਦੂ ਮੁਸਲਮਾਨ ਲੋ, ਹੋਰ ਸਿਖ ਅਪਾਰੀ।
ਸਭਨਾ ਰਲਮਿਲ ਸੋਚਿਆ, ਗਾਂਧੀ ਅਨੁਸਾਰੀ।
ਦੇਸ ਗੁਲਾਮੀ ਦੱਬਿਆ, ਏਹ ਬੜੀ ਲਚਾਰੀ।
ਜਿਵੇਂ ਗੁਲਾਮੀ ਨਿਕਲੇ, ਕਰੀਏ ਉਪ ਚਾਰੀ।
ਰਹੇ ਫਰੰਗੀ ਮੱਲ ਕੇ, ਏਹ ਭਾਰਤ ਸਾਰੀ
ਡਾਢੇ ਪੈਰ ਜਮਾ ਲਏ, ਕਰਕੇ ਹੁਸ਼ਆਰੀ।
ਮੁਰਦਾ ਹੋਇ ਦੇਸ ਨੂੰ, ਕਰਨੀ ਬੇ ਦਾਰੀ।
ਗਾਂਧੀ ਅੱਗੇ ਲਗਿਆ, ਸਭ ਤੁਰੇ ਪਿਛਾਰੀ।
ਕਰਨ ਲਗੇ ਹੁਨ ਕੈਸੀ ਕਾਰੀ॥ ੭ ॥

ਪਉੜੀ

ਲੰਮੀ ਸੋਚ ਵਿਚਾਰ ਕੇ, ਗਾਂਧੀ ਨੇ ਰਾਈ।
ਚਰਖਾ ਦੇਸ਼ ਚਲਾਵਨਾਂ, ਸਭ ਜ਼ੋਰ ਲਗਾਈ।
ਛਡੋ ਬਦੇਸੀ ਕਪੜਾ, ਜਾਣੇ ਦੁਖ ਦਾਈ।
ਕਈ ਕਰੋੜਾ ਸਾਲ ਦਾ, ਦਮੜਾ ਲੈ ਜਾਈ।
ਰੋਗ ਲਗਾ ਹੈ ਹਿੰਦ ਨੂੰ, ਜੋ ਰਿਹਾ ਸਤਾਈ।
ਚਰਖੇ ਨਾਲ ਦੁਵਾਈ ਦੇ, ਸਾਰਾ ਮਿਟ ਜਾਈ।
ਜੋ ਪ੍ਰਦੇਸੀ ਕਪੜੇ, ਸਭ ਦਿਓ ਜਲਾਈ।
ਪਟਾ ਗੁਲਾਮ ਖਾਸ ਜੇ, ਏਹ ਕਿਹਾ ਜਤਾਈ।
ਚਰਖਾ ਤੋਪ ਸੋ ਭੰਗੀਆਂ, ਦੇ ਧੂੜ ਧੁਮਾਈ।
ਮਾਨਚਸਟ੍ਰੀ ਖਡੀਆਂ, ਦੇ ਕਿਲੇ ਉਡਾਈ।
ਗੋਲਾ ਖਦੜ ਜਦੋਂ ਚਲਾਈ ॥ ੮ ॥

ਪਉੜੀ

ਦੂਜਾ ਵਿਚ ਕਚਹਿਰੀਆਂ, ਜਾ ਲੁਟੇ ਜਾਦੇ।
ਵਿਚ ਝਗੜਿਆਂ ਆਖਣੇ, ਘਰ ਬਾਰ ਲੁਟਾਂਦੇ।
ਜੋ ਹਨ ਲਿਖਦੇ ਅਰਜ਼ੀਆਂ, ਓਹ ਢੰਗ ਚਲਾਂਦੇ।
ਪੁਛ ਗਵਾਹ ਅਦਾਲਤੀ, ਝਗੜੇ ਨਿਪਟਾਂਦੇ।
ਝੂਠੇ ਸੱਚੇ ਹੋਂਵਦੇ, ਸਾਚੇ ਸ਼ਰਮਾਂਦੇ।
ਹੋਠ ਜਿਨ੍ਹਾ ਜਾ ਬੈਠਦੇ, ਸੋ ਰੁੱਖ ਮੰਗਾਂਦੇ।
ਫੇਰ ਵਕੀਲਾਂ ਹਥ ਨੇ, ਸਭ ਲੋਕ ਫਸਾਂਦੇ।

ਹੋਇ ਖ਼ੂਨ ਇਨਸਾਫ ਦਾ, ਜੋ ਫਿਰਨ ਲਭਾਂਦੇ।
ਪਰ ਨ ਭੋਲੇ ਸਮਝਦੇ, ਕੀ ਕਰਮ ਕਮਾਂਦੇ।
ਵਧਦੇ ਵੈਰ ਵਰੋਧ ਨੇ, ਇਸ ਰੀਤ ਦਸਾਂਦੇ।
ਵੇਖੋ ਵੀਰਾਂ ਵੀਰ ਮੁਕਾਂਦੇ ॥ ੯ ॥

ਪਉੜੀ

ਛਡੋ ਜਾਨ ਇਦਾਲਤਾਂ, ਗਾਂਧੀ ਸਮਝਾਯਾ।
ਝਗੜੇ ਬਹੁਤੇ ਨ ਕਰੋ, ਇਹ ਸਾਫ ਜਤਾਯਾ।
ਹੋ ਪੰਚਾਇਤ ਆਪਣੀ, ਦੇ ਝਗੜ ਚੁਕਾਯਾ।
ਨਾਮਿਲਵਰਤਨ ਧਾਰਲੋ, ਵਿਚ ਕੰਮ ਸਬਾਯਾ।
ਸਖਤੀ ਪਏ ਸਹਾਰਨੀ, ਲੋ ਸੀਸ ਟਿਕਾਯਾ।
ਹਥ ਨ ਅਗੋਂ ਚੁਕਿਓ, ਮੰਤਵ ਸਿਖਾਯਾ।
ਹਿੰਦੂ ਮੁਸਲਮਾਨ ਏਹ, ਰਲ ਦੁਹਾਂ ਮਨਾਯਾ।
ਨਾਮਿਲਵਰਤਨ ਚਲਿਆ, ਸਭ ਦੇਸ ਸੁਨਾਯਾ।
ਲਾਂਭੇ ਬੈਠੇ ਸਿਖ ਸੀ, ਗਾਂਧੀ ਲਖ ਪਾਯਾ।
ਸਿਖਾਂ ਨਲੋਂ ਬਹੁਤ ਸੀ, ਉਸਨੇ ਡਰ ਖਾਯਾ।
ਪਿਯਾ ਸੋਚਦਾ ਨਿਤ ਉਪਾਯਾ ॥ ੧੦ ॥

ਪਉੜੀ

ਸਿਖ ਲੀਗ ਦਾ ਦੁਸਟਾ, ਜਲਸਾ ਸੁਖ ਸਾਨਾਂ।
ਵਿਚ ਲਾਹੌਰੇ ਹੋਵਣਾ, ਏਹ ਪਕ ਪਕਾਨਾਂ।
ਗਾਂਧੀ ਵੀ ਚਲ ਆਂਵਦਾ, ਤਿਸ ਵਿਚ ਮਹਿਮਾਨਾ।

ਸਿਖਾਂ ਵਿਚ ਪਰਚਾਰ ਦਾ, ਸੁਭ ਔਜਰ ਜਾਨਾਂ।
ਸਿਖਾਂ ਨਾਮਿਲ ਵਰਤਨਾਂ, ਸੀ ਕੌਮ ਸਿਖਾਨਾਂ।
ਗਾਂਧੀ ਨੂ ਆ ਲੀਡਰਾਂ, ਏਹ ਬਚਨ ਬਖਾਨਾਂ।
ਸਿਖ ਜੁਸ਼ੀਲੇ ਬਹੁਤ ਨੇ, ਨਾਲੇ ਬ ਲ ਵ ਨ
ਨਾਮਿਲ ਵਰਤਨ ਲਹਿਰ ਨੂੰ, ਨਹੀ ਕਰਨ ਕਮਾਨਾਂ।
ਨਹੀਂ ਸਹਾਰਾ ਕਰਨਗੇ, ਜਦ ਵੜਨ ਮਿਦਾਨਾਂ
ਖੰਡਾ ਹਥ ਚਲਾਨਗੇ, ਮੱਚੇ ਘਮਸਾਨਾਂ।
ਹੋਇ ਦੇਸ ਦਾ ਬਹੁ ਨੁਕਸਾਨਾ ॥ ੧੨ ॥

ਪਉੜੀ

ਸਿਖਲੋਗ ਦਾ ਜ਼ੁੜ ਗਿਆ, ਜਦ ਜੋੜ ਮਹਾਨਾਂ।
ਮੁਖੀਂ ਪੰਥ ਦੇ ਆ ਗਏ, ਕੌਮੀ ਹਿਤ ਵਾਨਾਂ।
ਸ਼ੇਰ ਖੜਕ ਸਿੰਘ ਥਾਪਿਆ, ਤਿਸਦਾ ਪਰਧਾਨਾਂ।
ਸਿੰਘ ਸਰਦੂਲ ਸਰੱਤ੍ਹਾਂ, ਚੰਗਾ ਗੁਣ ਵਾਨਾਂ।
ਝਬਰ ਸਿੰਘ ਕਰਤਾਰ ਵੀ, ਗੁਰ ਸੇਵਕ ਜਾਨਾਂ।
ਸਾਰੀ ਗਲ ਸੁਨਾਏਕੈ, ਹੈ ਸੁਵਾਲ ਉਠਾਨਾਂ।
ਨਾਮਿਲਵਰਤਨ ਧਾਰ ਲੌ, ਗੁਰ ਸਿਖ ਫਰਮਾਨਾਂ
ਹਿੰਦੂ ਮੁਸਲਮਾਨ ਦੇ, ਮਿਲ ਨਾਲ
ਜੁਦਾ ਦੇਸ ਤੋਂ ਹੋਇਕੈ, ਨਹੀਂ ਕੋਇ ਟਿਕਾਨਾਂ।
ਨਾਲ ਭਰਾਵਾਂ ਚਲਣਾਂ, ਏਹੋ ਸੁਖ ਜਾਨਾਂ।
ਸਥਨੇ ਟਿਕ ਜ਼ਬਾਨ ਬਖਾਨਾਂ ॥ ੧੩ ॥

ਪਉੜੀ

ਲੈਕਚਰ ਦਿਤੇ ਸਾਰਿਆਂ, ਚੰਗੇ ਸਮਝਾਈ।
ਨੌਕਰ ਸ਼ਾਹੀ ਚਾਲ ਦਾ, ਸਭ ਰੀਤ ਬਤਾਈ।
ਕੀ ਕੁਝ ਵਰਤੇ ਦੇਸ ਤੇ, ਭਾਰੀ ਅਨਿਆ ਈ।
ਪਰਾਧੀਨ ਤੋਂ ਮਰਨ ਦੀ, ਦਸੀ ਵਡਿਆਈ।
ਪਰਾਧੀਨਤਾ ਜੀਵਣਾ, ਭਾਰਾ ਦੁਖਦਾਈ।
ਕਦੇ ਨ ਸੋਝੀ ਆਵੰਦੀ, ਦਿਨ ਦੁਖਾਂ ਜਾਈ।
ਨਾਲ ਏਸ ਸਰਕਾਰ ਦੇ, ਹੁਨ ਪੇਸ਼ ਨ ਕਾਈ।
ਨਾਮਿਲਵਰਤਨ ਢੰਗ ਹੈ, ਸਭ ਕੰਮ ਕਰਾਈ।
ਤਾਂਤੇ ਦਸੋ ਖਾਲਸਾ, ਚਿਤ ਸੋਚ ਦੁੜਾਈ।
ਪੇਸ਼ ਹੋਇ ਗੁਰਮਤਾ ਏਹ, ਬਹੁ ਜ਼ੋਰ ਲਗਾਈ।
ਦੁਖਾਂ ਗਠੜੀ ਢੋਲ ਧਰਾਈ ।੧੪॥

ਪਉੜੀ

ਕਈ ਵਿਰੋਧੀ ਬੋਲਦੇ, ਦੈ ਉਲਟੀ ਗਾਂਵਾਂ।
ਭਾਂਤੋ ਭਾਂਤ ਸੁਨਾਵੰਦੇ, ਜਿਉਂ ਦੋਲਾਂ ਕਾਵਾਂ।
ਨਾਮਿਲਵਰਤਨ ਧਾਰਕੇ, ਸਿਖਾਂ ਨਹੀ ਥਾਵਾਂ।
ਝੋਲੀ ਚੁਕ ਇਕ ਆਖਦਾ, ਮੈਂ ਸਚ ਸੁਨਾਵਾਂ।
ਜੋ ਸੁਰਾਜ ਹੋ ਮੰਗਦੇ, ਮਿਲ ਜਾਏ ਭਾਵਾਂ।
ਹਿੰਦੂ ਮੋਮਨ ਦੇਨਗੇ, ਕਦ ਹਿੱਸਾ ਸਾਵਾਂ।
ਦੁਖ ਉਠਾਵੈ ਬਹੁਤ ਹੀ, ਹੋ ਪੰਥ ਨਿਥਾਵਾਂ।

ਜਿਸ ਅੰਗ੍ਰੇਜ਼ ਨੇ ਮੱਨਦੇ, ਕਰ ਮੱਜੀ ਬਹਵਾਂ।
ਤਾਂਤੇ ਛਡੇ ਏਸ ਨੂੰ, ਏਹ ਕੰਮ ਕੂਦਾਵਾਂ।
ਕਿਉਂ ਮਰਵਾਵੇ ਭੋਲਿਆਂ, ਜੋ ਪਿੰਡ ਗਰਾਵਾਂ।
ਏਵੇ ਭਾੜ ਭੰਗ ਭੁਰਾਵਾਂ ॥ ੧੫ ॥

ਪਉੜੀ

ਝੋਲੀ ਚੁਕਾਂ ਰੋਵਣਾਂ, ਨਹੀਂ ਸੁਣਦਾ ਕਾਈ।
ਕਾਵਾਂ ਰੌਲੀ ਜਿਨ੍ਹਾਂ ਨੇ, ਸੀ ਭਾਵੇਂ ਪਾਈ।
ਓੜਕ ਨਿਕਲੇ ਬਾਹਰ ਨੇ, ਸੋ ਮੂੰਹ ਛਪਾਈ।
ਦੇਸ ਦੋਹੀ ਜਾਨਦੇ, ਸਭ ਓਨ੍ਹਾਂ ਭਾਈ।
ਪਿਛੈ ਇਕ ਜ਼ਬਾਨ ਹੋ, ਕਹਿੰਦੇ ਸੁਖ ਪਾਈ।
ਜਿਤਨੇ ਸੀ ਵਿਚ ਲੀਗ ਦੇ, ਬੈਠੇ ਸਮਦਾਈ।
ਨਾਮਿਲਵਰਤਨ ਧਾਰਨਾ, ਪਰਵਾਨ ਕਰਾਈ।
ਏਸੇ ਵਿਚ ਨ ਜਾਤ ਹੈ, ਦਿਸੈ ਸਮੁਹਾਈ।
ਹੋਇ ਗਈ ਪਰਵਾਨਗੀ, ਜੈਕਾਰੇ ਵਾਈ।
ਨਾਮਿਲਵਰਤਨ ਲਹਿਰ ਹੁਨ, ਸਿਖਾਂ ਵਿਚ ਆਈ।
ਸਾਰੇ ਦੇਸ ਗਲ ਪ੍ਰਗਟਾਈ ॥ ੧੬ ॥

ਪਉੜੀ

ਭਾਂਵੇਂ ਸਿਖਾ ਕਰ ਲਿਆ, ਏਹ ਕਾਰਜ ਸਾਰਾ।
ਹਿੰਦੂ ਮੁਸਲਮਾਨ ਨੂੰ, ਨਾਹੀ ਇਤਬਾਰਾ।
ਸਭੈ ਸੋਚਾ ਸੋਚਦੇ, ਕਰ ਫਿਕਰ ਅਪਾਰਾ।

ਆਖਣ ਸਿਖ ਬਲਿਵਾਨ ਨੋ,ਨਨੀਂ ਕਦਨ ਸਹਾਰਾ
ਕਰ ਬਦਨਾਮੀ ਲਹਿਣ ਦੀ, ਪਾਦੇਣ ਵਿਗਾਰਾ।
ਧੱਕਾ ਲੱਗੇ ਬਹੁਤ ਹੀ, ਸਾਡੇ ਪਦਚਾਰਾ।
ਪਤਾ ਕੀ ਏਨੂੰ ਭੋਲਿਆਂ, ਸਿਖਾਂ ਦੀ ਸਾਰਾ।
ਸਿਖਾਂ ਅੰਦਰ ਵੱਸਦਾ, ਸਤਿਗੁਰ ਰਖਵਾਲਾ।
ਸੋਈ ਤੋੜ ਚੜ੍ਹਾਵਸੀ, ਸਿੰਘਾਂ ਵਰਤਾਰਾ।
ਲਾਜ ਆਪਨੇ ਨਾਮ ਦੀ, ਰਖਦਾ ਸੰਸਾਰਾ।
ਸਤਿਗੁਰ ਸੱਚਾ ਬਖਸ਼ਨ ਹਾਰਾ ॥ ੧੭ ॥

ਪਉੜੀ

ਸਿਖਾਂ ਨਾ ਮਿਲਵਰਤਣਾਂ, ਸਦ ਲਿਆ ਧਾਰੇ।
ਧੀਰਜ ਦਿਤੀ ਗੁਰੂ ਨੇ, ਐਸੀ ਪਰਕਾਰੇ।
ਰਾਜ ਨੀਤ ਦੇ ਵਾਕ ਜੋ, ਲਏ ਮੰਨ ਸੁਵਾਰੇ।
ਧੀਰਜ ਰਹਿਣਾਂ ਸੂਰਮੇਂ, ਚੰਗਾ ਸੰਸਾਰੇ।
ਅੰਦਰ ਸਿਖਾਂ ਆ ਰਿਆ, ਇਕੋ ਹੀ ਵਾਰੇ।
ਸ਼ਾਂਤ ਸਬਰ ਤੇ ਸਾਬਤੀ, ਸੰਤੋਖੀ ਭਾਰੇ।
ਦੱਸ ਗਏ ਜੋ ਪੱਟੀਆਂ, ਵਡੇ ਹਨ ਸਾਰੇ।
ਓਨ੍ਹਾਂ ਉਤੇ ਤੁਰਨਗੇ, ਹੋ ਸਦਕੇ ਵਾਰੇ।
ਫਰਕ ਨ ਮਾਸਾ ਪਏਗਾ, ਸਭ ਹੈਨ ਤਿਆਰੇ
ਨਿਕੇ ਵਡੇ ਸਿੰਘ ਜੋ, ਸਤਿਗੁਰੂ ਦੁਲਾਰੇ।
ਸਤਿਗੁਰ ਸਭਨਾਂ ਪਾਰ ਉਤਾਰੇ ॥ ੧੯ ॥

ਪਉੜੀ

ਗੁਰ ਨਾਨਕ ਜੀ ਆਦਿ ਤੋਂ, ਏਹੋ ਸਿਖਲਾਯਾ ।
ਭਾਗੋਭਾਗ ਬਿਹੀਨ ਦਾ, ਹੰਕਾਰ ਗੁਵਾਯਾ ।
ਵੱਡੇ ਵੱਡੇ ਜ਼ਾਲਮਾਂ ਸੀ ਪਕੜ ਨਿਵਾਯਾ ।
ਕੇਵਲ ਖੰਡਾ ਸਬਰ ਦਾ, ਹਥ ਵਿਚ ਰਖਾਯਾ ।
ਪਿਛੋਂ ਸਤਿਗੁਰ ਪੰਜਵੇਂ, ਏਹ ਸਬਕ ਪੜ੍ਹਾਯਾ ।
ਸਿਰ ਤੇ ਝਲ ਮਸੀਬਤਾਂ, ਨਹੀਂ ਹਥ ਉਠਾਯਾ ।
ਹੱਸ ਹੱਸ ਕੇ ਝਲਿਆ, ਜੋ ਸਿਰ ਤੇ ਆਯਾ ।
ਏਹੋ ਨਾਵੈ ਸੱਚਿਗੁਰੂ, ਛੱਟਾ ਵਰਤਾਯਾ ।
ਤਾਕਤ ਵਰਤੀ ਮੂਲ ਨ, ਔਰੰਗ ਸਤਾਯਾ ।
ਮਿਠਾ ਕਰਕੇ ਮੰਨਿਆ, ਹਰਿ ਭਾਣਾ ਭਾਯਾ ।
ਸੋ ਸਿਖਾਂ ਨੇ ਚਿਤ ਵਸਾਯਾ ॥ ੧੯ ॥

ਪਉੜੀ

ਮਗਰੋਂ ਸਿਖ ਅਨੇਕ ਥੋ, ਇਸ ਰਸਤੇ ਆਏ ।
ਮਨੀ ਸਿੰਘ ਜੀ ਸੂਰਮੇ, ਪ੍ਰਗਟ ਦਰਸਾਏ ।
ਜਦ ਜੁਰਮਾਨੇ ਹਾਕਮਾਂ, ਸਨ ਓਨ੍ਹਾਂ ਲਾਏ ।
ਦਿਤਾ ਪੈਸਾ ਇਕ ਨਾ, ਨਿਜ ਅੰਗ ਕਟਾਏ ।
ਨਾਮਿਲ ਵਰਤਨ ਧਾਰਿਆ, ਸੋ ਵੱਜ ਵਜਾਏ ।
ਦੂਜੇ ਤਾਰੂ ਸਿੰਘ ਜੀ, ਇਸ ਰਾਹ ਤੁਰਾਏ ।
ਐਸਾ ਸਬਰ ਵਖਾਲਿਆ, ਵੈਰੀ ਥਿਸਮਾਏ ।

ਅਗੇ ਲਾਕੇ ਖਾਨ ਨੂੰ, ਪਰਲੋਕ ਸਿਧਾਏ।
ਇਕ ਸਬਰ ਦੀ ਤੇਗ ਨ, ਜੌਹਰ ਦਿਖਲਾਏ।
ਵੈਰੀ ਮੂੰਹ ਦਿਖ ਵੰਦੇ, ਹੇਠਾਂ ਸੁਟ ਪਾਏ।
ਹੁਨ ਸਿਖਾਂ ਦੇ ਚਿਤ ਵਧਾਏ ॥ ੨੦ ॥

ਪਉੜੀ

ਸਿਖਾਂ ਦੇ ਵਿਚ ਲਹਿਰ ਏਹ, ਜਦ ਹੀ ਪ੍ਰਗਟਾਈ।
ਸਾਰੇ ਹਿੰਦੂ ਸਤਾਨ ਨੇ, ਸੁਨ ਖੁਸ਼ੀ ਮਨਾਈ।
ਸਾਥੀ ਹਿੰਦੂ ਮੋਮਨਾ, ਸਿਖ ਹੋਇ ਲਖਾਈ।
ਏਧਰ ਨੌਕਰ ਸ਼ਾਹੀ ਨੂੰ, ਹਨ ਚਿੰਤਾ ਖਾਈ।
ਜਿਸ ਦੇ ਬਦਲੇ ਕਹਿਰ ਦੀ, ਹਨੇਰੀ ਛਾਈ।
ਹਿੰਦੂ ਮੋਮਨ ਸਿਖ ਦਾ, ਨਹਿ ਮਿਲਨ ਸਖਾਈ।
ਹੋਸਨ ਕਈ ਚਲਾਕੀਆਂ, ਸਭ ਲੋਕ ਤਕਾਈ।
ਫੁਟ ਪੌਣ ਦੇ ਵਾਸਤੇ, ਬਹੁ ਦਾਉ ਚਲਾਈ।
ਝੋਲੀ ਚੁਕ ਕਈ ਹੋਣਗੇ, ਇਸ ਵਿਚ ਸਹਾਈ।
ਮਾਲਕ ਸਚਾ ਸਿਰ ਸੋ, ਇਤਫਕ ਚੜਾਈ।
ਭਾਰਤ ਜਿਵੇਂ ਅਜ਼ਾਦੀ ਪਾਈ ॥ ੨੧ ॥ ੧੧ ॥

੧ ੴ ਸਤਿਗੁਰੂ ਪ੍ਰਸਾਦਿ ॥

# ਦਰਬਾਰ ਤਰਨ ਤਾਰਨ ਤੇ ਕਬਜ਼ਾ

ਦੋਹਰਾ

ਤਰਨ ਤਾਰਨ ਦਰਬਾਰ ਤ, ਕਬਜ਼ਾ ਜਿਵੇਂ ਕਰਾਇ
ਕਰਨ ਪੁਜਾਰੀ ਗਾੜ ਬਹੁ, ਸੋਬੀ ਦਿਅ ਬਤਾਇ ॥ ੧ ॥

ਪਉੜੀ

ਜਗ ਪੰਦ੍ਰਵੀ ਸੋਭਦੇ ਗੁਰ ਅਰਜਨ ਪੂਰੇ।
ਦਾਤੇ ਚਾਰ ਪਦਾਰਥਾਂ ਕੇ ਗਲ ਨ ਊਚੇ।
ਧੀਰਜ ਧਰਮ ਨਿਭਾਂਵੰਦੇ, ਜਗ ਵਿਚ ਮਸ਼ਹੂਰੇ।
ਰਿਧ ਸਿਧ ਨਿਤ ਸੇਵਕਾਂ, ਸੰਤਿ ਗੁਰੂ ਹਜ਼ੂਰੇ।
ਪੂਰੇ ਕੀਤੇ ਆਪਣੇ, ਜੋ ਕੰਮ ਅਧੂਰੇ।
ਜੋ ਕੁਝ ਭਾਵੈ ਰੱਬ ਨੂੰ, ਸੋਈ ਮਨਜ਼ੂਰੇ।
ਏਹੋ ਸਬਕ ਸਿਖ ਲਦ, ਨਿਜ ਦਾਸ ਜਰੂਰੇ।
ਈਨ ਨ ਮੱਨੀ ਪਾਪੀਆਂ, ਜੋ ਕਰਨ ਗਰੂਰੇ।
ਹਾਜ਼ਰ ਨਾਜ਼ਰ ਵਸਦੇ, ਨਹੀ ਸਿਖਾਂ ਦੂਰੇ।
ਸਤਿਗੁਰ ਸਚੇ ਪਤਸ਼ਾਹ, ਕਰਨੀ ਦੇ ਸੂਰੇ।
ਸਰਨ ਪਏ ਨੂੰ ਤਰਨ ਤੂਰੇ ॥ ੨ ॥

ਪਉੜੀ

ਬਾਣੀ ਦਾ ਖ਼ਮਦਾਇ ਜੋ, ਰੂਰ ਗਰੰਥ ਬਨਾਯਾ।

ਭਵ ਸਾਗਰ ਦੇ ਤਰਨ ਦਾ, ਜਾਹਾਜ਼ ਬਤਾਯਾ ।
ਸਿਖਾਂ ਸਚਾ ਆਸਰਾ, ਇਕ ਆਪ ਫੜਾਯਾ ।
ਮਨ ਬਾਂਛਤ ਫਲ ਪਾਵਨੇ, ਜਿਨ ਚਿਤ ਵਸਾਯਾ ।
ਵਾਲੀ ਦੋਇ ਜਹਾਨ ਦੇ, ਸਿਖਾਂ ਸਮਝਾਯਾ ।
ਧਰਮ ਕ੍ਰਮ ਸਭ ਖਾਲਸੇ, ਇਸ ਵਿਚ ਰਖਾਯਾ ।
ਹੋਰ ਨ ਇਸ ਦੇ ਬਿਨਾ ਹੈ ਏਹ ਸਚ ਲੇਖਾਯਾ
ਇਕ ਆਸਰਾ ਏਸ ਦਾ ਜਾਣੋ ਸੁਖ ਦਾਯਾ ।
ਸਤਿਗੁਰ ਕਸ਼ਟ ਸਹਾਰ ਕੇ ਤਿਸ ਸਿਰੇ ਚੜ੍ਹਾਯਾ ।
ਦੋਖੀ ਦੁਸ਼ਟ ਸਤਾ ਰਹੇ, ਨਹੀ ਚਿਤ ਭੁਲਾਯਾ ।
ਗੁਨ ਸਿਖਾਂ ਦਾ ਮਾਨ ਵਧਾਯਾ ॥ ੩ ॥

ਪਉੜੀ

ਸਤਿਗੁਰ ਅਰਜਨ ਪੰਜਵੇਂ, ਸਿਖਾਂ ਹਿਤਕਾਰੀ ।
ਤੀਰਥ ਰਾਜ ਬਨਾਵੰਦੇ; ਕਰ ਸੋਚ ਵਿਚਾਰੀ ।
ਤਾਰਨ ਤਰਨ ਸੁਹਾਵੰਨਾ, ਮਾਝੇ ਵਿਚਕਾਰੀ ।
ਆਵਨ ਕਰਕੇ ਭਾਵਨਾ, ਜੇ ਕੋ ਨਰ ਨਾਰੀ ।
ਦੋਨ ਮੁਰਾਦਾਂ ਪੂਰੀਆਂ, ਗੁਰ ਗਿਰਾ ਉਚਾਰੀ ।
ਲਗਦਾ ਮੇਲਾ ਮਸਿਆ, ਬਹੁ ਬੇ ਸ਼ੁਮਾਰੀ ।
ਢੁਕਦਾ ਮਾਝਾ ਮਾਲਵਾ, ਕਈ ਦੇਸ ਅਪਾਰੀ ।
ਕੁਸ਼ਟੀ ਚੰਗੇ ਹੋਵੰਦੇ, ਗੁਰ ਦੇ ਅਧਿਕਾਰੀ ।
ਏਹ ਸ਼ੁਭ ਕਰਨੀ ਗੁਰੂ ਦੀ, ਪਰਤੱਖ ਨਿਹਾਰੀ ।

ਸੰਕਾ ਇਸਦੇ ਵਿਚ ਨਾ, ਕੋ ਕਹੈ ਕੁਵਾਰੀ।
ਜ਼ਾਹਿਰ ਕਲਾ ਨ ਟਰਦੀ ਟਾਰੀ ॥ ੪ ॥

ਪਉੜੀ

ਸਚ ਨਮੂਨਾ ਸੁਤਗ ਦਾ, ਏਹ ਰੁਰੂ ਦੁਵਾਰਾ।
ਨਾਲ ਸਰੋਵਰ ਸੋਹਿਨਾ, ਹੈਗਾ ਇਕ ਭਾਰਾ ॥
ਸਿਖ ਮੰਨਤ ਸਭ ਪੂਜਦੇ, ਧਰ ਭਾਵ ਅਪਾਰਾ।
ਜੋਇ ਪੁਜਾਰੀ ਏਸਦੈ, ਸਭ ਮੁਹ ਗਵਾਰਾ ॥
ਹੈਸਨ ਸਿਖ ਸਦਾਵੰਦੇ, ਪਰਮੰਦ ਅਚਾਰਾ।
ਖਾ ਖਾ ਪੂਜਾ ਫਿਟਦੇ, ਭਰਿਆ ਹੰਕਾਰਾ ॥
ਕਦੇ ਨ ਨੰਕੀ ਇਨ੍ਹਾਂ ਤੋਂ, ਬਦੀਆ ਬੁਰਿਆਰਾ
ਖੌਫ ਨ ਮਾਸਾ ਪੰਥ ਦਾ, ਭਨ ਗੁਰੂ ਵਸਾਰਾ।
ਆਪ ਹੁਦਰੀਆਂ ਕਰ ਰਹੇ, ਨਹਿ ਸੋਚ ਵਿਚਾਰਾ।
ਦੇਸ ਵਿਚ ਹੀ ਮਚ ਰਿਹਾ, ਬਹੁ ਸ਼ੋਰ ਕੁਕਾਰਾ।
ਹੈ ਪੁਜਾਰੀਆਂ ਮੰਦ ਵਿਹਾਰਾ ॥ ੫ ॥

ਪਉੜੀ

ਕਿਥੇ ਵੇਟੀ ਇਨ੍ਹਾਂ ਨੂੰ, ਜੋ ਪਾਪ ਕਮਾਂਦੇ।
ਰਹਿੰਦੇ ਗਰ ਅਸਥਾਨ ਨੇ ਨਹੀਂ ਅਦਬ ਰਖਾਂਦੇ
ਗੁਰ ਮਤੋਂ ਮੂੰਹ ਮੋੜਕੇ, ਰਾਹ ਉਲਟੇ ਜਾਂਦੇ।
ਦੁਰਾ ਚਾਰੀਆਂ ਕਰਨ ਤੋਂ, ਨਾਹੀ ਸ਼ਰਮਾਂਦੇ।
ਦਰਸ਼ਨ ਆਈ ਸੰਗਤਾਂ, ਹਨ ਬਹੁਤ ਸਤਾਂਦੇ।

ਕਈਆਂ ਮਾਈ ਬੀਬੀਆਂ, ਦੁਰਵ ਕ ਸੁਨਾਂਦੇ।
ਫਰੰਜ਼ ਆਪਨਾ ਭੁਲਕੇ, ਹਨ ਔਝੜ ਪਾਂਦੇ।
ਇਜ਼ਤ ਉਸ ਉਤਾਰਦੇ, ਜੋ ਜਾ ਸਮਝਾਂਦੇ।
ਐਸ਼ ਅਸ਼ਤਾਂ ਵਿਚ ਨੇ, ਦਿਨ ਰਾਤ ਬਿਠਾਂਦੇ।
ਗੁਰ ਬਾਣੀ ਸੁਖ ਦਾਨਾਆਂ, ਨਹੀਂ ਭੁਲ ਸੋਗਾਂਦੇ
ਛਡ ਸੁਵਰਗੋ ਨਰਕ ਸਿਧਾਂਦੇ ॥ ੬ ॥

ਪਉੜੀ

ਕਈ ਸ਼ਕੈਤਾਂ ਪੁਜੀਆਂ, ਅੰਮ੍ਰਿਤਸਰ ਆਈ।
ਬੁੰਗੇ ਤਖਤ ਅਕਲ ਦੇ, ।ਵਚ ਸੰਗਤ ਗਾਈ।
ਦੁਖੀ ਹੋਇਕੈ ਬਹੁਤਿਆ, ਸਭ ਗਲ ਸੁਨਾਈ।
ਸੁਣਦੇ ਸਾਹ ਅੜਾਲੀਆਂ, ਬਹੁ ਬੁਰੀ ਮਨ ਈ।
ਵੇਖੋ ਗੁਰ ਅਸਥਾਨ ਤੇ, ਕੀ ਖੇਡ ਬਨਾਈ।
ਜੋ ਸੀ ਜਾਗਾ ਧਰਮ ਦੀ, ਅਧਰਮ ਦਿਸਾਈ।
ਕਰਨ ਪੁਜਾਰੀ ਭੈੜੀਆਂ ਗਲਾਂ ਸਮਦਾਈ।
ਨੀਤਾਂ ਖੋਟੀ ਨਿਤ ਹੀ ਰਹਿ ਖੋਟ ਕਮਾਈ।
ਬਦਨਾਮੀ ਗੁਰਧਾਮ ਦੀ, ਰਹਿ ਲੋਕ ਕਰਾਈ।
ਮੰਦਾ ਕੁਤਾ ਖਸਮ ਜਿਉਂ, ਦੇਵੈ ਬੁਰਿਆਈ।
ਏਥੇ ਏਹੋ ਗਲ ਰਹ ਈ ॥ ੭ ॥

ਪਉੜੀ

ਸੋ ਧਨ ਤਿੰਨ ਪੁਜਾਰੀਆਂ; ਹੁਨ ਜਾਇ ਅਕਾਲੀ।

ਲੰਮੀ ਸੋਚ ਵਿਚਾਰਕੇ, ਇਹ ਬਿੰਉਤ ਨਿਕਾਲੀ।
ਤਾਰਨ ਤਰਨ ਸੰਭਾਲੀਏ, ਚਲ ਕੈਸੀ ਚਾਲੀ।
ਖ਼ਿਦਾਰ ਦੇ ਚਿਤ ਸੀ, ਆ ਫੁਰੇ ਖਿਆਲੀ।
ਚਾਹੀਏ ਗੁਰ ਮਥਨ ਦੀ, ਕਰਨੀ ਰਖਵਾਲੀ।
ਮਦਦ ਸਾਡੀ ਕਰਨ ਰੋ, ਗੁਰ ਆਪ ਸੰਭਾਲੀ।
ਪਕੀ ਹੋਈ ਰਲ ਏਹ, ਹੁ ਚਲਣਾਂ ਕਾਲੀ।
ਚਲੋ ਨਾਲ ਪੁਜਾਰੰਆਂ, ਮਿਲੀਏ ਹਿਤ ਨਾਲੀ
ਕਰਨ ਫੈਸਲਾਂ ਜਿਸਤਰਾਂ, ਕਰ ਚਾਲ ਸੁਖਾਲੀ।
ਗੁਰੂ ਦੁਆਰਾ ਸੁਧਾਰ ਦੀ, ਜੋ ਉਤਮ ਢਾਲੀ।
ਸੋਈ ਰੀਤ ਕਰੈ ਦਰਹਾਲੀ ॥ ੮ ॥

ਪਉੜੀ

ਨਾ ਮਿਲਵਰਤਣ ਲਹਿਰ ਸੀ, ਿ, ਖਾਂ ਵਿਚ ਆਈ।
ਕੀਤਾ ਜਥਾ ਤਿਆਰ ਜੋ, ਹਿਤ ਜਾਵਨ ਭਾਈ।
ਜਦੋਦਾਰ ਨੇ ਸਾਹਿਆਂ, ਏਹ ਕਿਹਾ ਸੁਨਾਈ।
ਜਾਕੇ ਓਥੇ ਖਾਲਸਾ, ਰਾਖੋ ਤਕੜਾਈ।
ਆਵੈ ਸਖਤੀ ਸੀਸ ਤ, ਭਰ.ਰਖੋ ਨ ਰਾਈ।
ਹਥ ਨ ਕਿਸ ਉਠਾਵਨਾ, ਏਹੋ ਵਡਿਆਈ।
ਅਗੋਂ ਸੋ ਕੁਝ ਕਰਨਗੇ, ਝਲੋ ਹਰਖਾਈ।
ਧੀਰਜ ਅਪਨੀ ਖਾਲਸਾ, ਰਾਖੋ ਜਸ ਪਾਈ।
ਏਸੇ ਵਿਚ ਹੈ ਤੁਸਾਂ ਦੀ, ਸੁਖ ਨਾਲ ਭਲਾਈ।

ਸੁਣ ਕੇ ਸਿਖਾਂ ਸਾਰਿਆਂ, ਸੋ ਚਿਤ ਵਸਾਈ।
ਓਪਰ ਦੀ ਹੁਣ ਦਿਆਂ ਬਤਾਈ ॥ ੯ ॥

ਪਉੜੀ

ਸੁਣ ਲਈ ਗਲ ਪੁਜਾਰੀਆਂ, ਚਿੰਤ ਤਰ ਭਾਰਾ।
ਲਗੇ ਸੋਚਨ ਬੈਠਕੇ, ਆ ਬਣੀ ਲਚਾਰੀ।
ਓਲਟੇ ਖੋਟ ਚਿਤਾਰਦੇ ਮੂਰਖ ਹੰਕਾਰੀ।
ਸ਼ਰਨ ਨ ਪੈਂਦੇ ਪੰਥ ਦੀ ਭੁੜੇ ਬਿਭਚਾਰੀ।
ਵੇਖੇ ਹੋਤ ਮੁਕਾਬਲੇ ਕਰ ਰਹੇ ਤਿਆਰੀ।
ਕਈ ਬ੍ਰਾਨਹੁੰ ਬੰਨ੍ਹਦੇ ਕੈਸੀ ਮਤ ਮਾਰੀ।
ਛੁਵੀ ਗੰਡਾਸ ਰਖਦੇ ਮੰਦਰ ਵਿਚ ਯਾਰੀ।
ਲੁਕਵੀ ਥਾਉਂ ਲੁਕਾਇਕੈ ਵੱਡੀ ਹੁਸ਼ਿਆਰੀ।
ਅਗੋਂ ਕਜੀਏ ਟਾਕਰਾ ਹੋਕੇ ਬਲਿਕਾਰੀ।
ਏਹੋ ਪਤ ਪਕਾ ਲਿਆ ਸਭਨਾਂ ਹਿਤ ਧਾਰੀ।
ਵੇਖੋ ਭਾਵੀ ਕਰੈ ਖੁਵਾਰੀ ॥ ੧੦ ॥

ਪਉੜੀ

ਗਿਰਦੇ ਸੀ ਦਰਬਾਰ ਦੇ ਘਰ ਜਿਨ੍ਹਾਂ ਠੱਟੇ।
ਵਿਚ ਘਰਾਂ ਦੇ ਰਖਦੇ ਇਟਾਂ ਤੇ ਵੱਟੇ।
ਕਿਆ ਮੋਰਚੇ ਬੰਨ੍ਹਦੇ ਲੜਨ ਨੂੰ ਡੱਟੇ।
ਵਾਰ ਭਾਸਣੀ ਗੁਰਦਾਸ ਦੇ ਹਨ ਪੂਰੇ ਘੱਟੇ।
"ਕੁਤਾ ਰਾਜ ਬਹਾਲੀਏ ਬਹਿ ਚਕੀ ਕਟੈ"

"ਪਥਰ ਪਾਣੀ ਰਖੀਏ ਹਠ ਮੂਲ ਨਾ ਘੱਟੇ"
ਏਹੋ ਹਾਲ ਪੁਜਾਰੀਆਂ ਜੋ ਮੂਰਖ ਛੱਟੇ।
ਗੁਰੂ ਥਾਂਨ ਵਿਚ ਰਹਿੰਦਿਆਂ ਨਹੀਂ ਹਾਲ ਪਲੱਟੇ।
ਓਟਨਾ ਲੈਂਦੇ ਪੰਥ ਦੀ ਜੋ ਬਿਪਤਾ ਕੱਟੇ।
ਆਪਨ ਹਥੀ ਆਪਣਾ ਰਹਿ ਜੜ ਨੂੰ ਪੱਟੇ।
ਓੜਕ ਸੀਸ ਪਵਾਵਨ ਘੱਟੇ ॥ ੧੧ ॥

ਪਉੜੀ

ਹੋਰ ਵੀ ਇਕ ਪੁਜਾਰੀਆਂ ਕੀ ਕਰਤੂ ਕੁਦਾਏ।
ਪਿੰਡਾਂ ਵਿਚੋਂ ਬਹੁਤ ਹੀ ਲੁਚੇ ਬੁਲਵਾਏ।
ਦੇਣ ਸ਼ੁਰਾਬਾ ਕੀਤੀਆਂ, ਦਮੜੇ ਸਭ ਭਾਏ।
ਦੋਇ ਰੁਪਏ ਰੋਜ਼ ਦੇ, ਹਰ ਇਕ ਸੁਨਾਏ।
ਕਰਦੇ ਨੀਤ ਕਮਾਈਆਂ, ਗੰਥੀ ਸਦਵਾਏ।
ਘਰੀਂ ਆਪਣੀ ਇਕ ਦੋ, ਗੋਲੇ ਲੈ ਆਏ।
ਹੋ ਤਿਆਰ ਸਭ ਡਟ ਰਹੇ, ਨਹੀਂ ਦੇਰ ਲਗਾਏ।
ਵੇਖੋ ਅੰਨ੍ਹੇ ਅਕਲ ਦੇ, ਕੀ ਰਹੇ ਕਮਾਏ।
ਬਾਂਸ ਸੁਗੰਧੀ ਨ ਲਹੇ, ਢਿਗ ਚੰਦਨ ਜਾਏ।
ਮਨ ਮੁਖ ਸੰਗਤ ਵਸਕੇ, ਨਹਿ ਧੀਰਜ ਪਾਏ
ਕਉਆ ਕਦੇ ਕਪੂਰ ਨ ਖਾਏ ॥ ੧੨ ॥

ਪਉੜੀ

ਲੇਪਣ ਚੰਦਨ ਅਗਰ ਦਾ, ਗਦੋਂ ਨੂੰ ਲਾਏ।

ਰੁਚੇ ਨਹੀ ਥਰ ਏਟਕੇ, ਬਹੁ ਦੁਸ਼ੀ ਮਨਾਏ।
ਹੋਵੇ ਹੋਜ਼ ਗੁਲਾਬ ਦਾ, ਛਤਾ ਬਿਗਾੜਾਏ।
ਰਹਿਣੇ ਹੋਣ ਜੜਾਊ ਜੇ, ਬਾਂਦਰ ਨੂ ਪਾਏ।
ਸਾਰ ਨ ਜਾਣੇ ਤੋੜਦਾ, ਮੂਰਖ ਹਰ ਖਾਏ
ਸਪੇ ਦੁਧ ਪਿਆਲੀਏ, ਮੁਖ ਜ਼ਹਿਰ ਕਢਾਏ।
ਨਿੰਮ ਘਾਲੀਏ ਮਾਖਿਓ; ਕੌੜਜ਼ ਨ ਜਾਏ।
ਅੱਕ ਔੜ ਹੀ ਭਾਲਦਾ, ਬਰਸਾਤ ਨ ਭਾਏ।
ਸੜੇ ਜੁਵਾਹਾਂ ਸੋਣ ਨੂੰ, ਸਭਨੂੰ ਦੁਖਦਾਏ।
ਤਿਵੇਂ ਪੁਜਾਰੀ ਦਿਸਦੇ, ਗੁਰਦਵਾਰੇ ਰਹਾਏ।
ਵੇਖੋ ਮਨ ਮਤ ਨਹੀ ਗੁਵਾਂਏ॥ ੧੩ ॥

ਪਉੜੀ

ਕਾਗ ਸੁਧਾ ਸਰਵਸ ਕ, ਫਿਰ ਵਿਸ਼ਟਾ ਖਾਵੈ।
ਬਰਾਲਾ ਰਹਿਕੇ ਮਾਨਸਹ, ਡੰਡਾ ਚਿਤ ਲਾਵੈ।
ਚੂਹਾ ਬਸਤ੍ਰ ਰੇਸ਼ਮੀ, ਸਭ ਕਟ ਗਵਾਵੈ।
ਖੀਰ ਨ ਪਚਦੀ ਕੁਤਿਆਂ, ਬਿਚਥਾ ਹੰਜਾਵੈ।
ਖੀਰ ਜੇ ਖੋਤਾ ਖਾਵੰਦਾ, ਉਹ ਸੂਲ ਉਠਾਵੈ।
ਗਿਠੀ ਜੇ ਖਾਇ ਬਦਾਮ ਦੀ, ਘੋੜਾ ਦੁਖ ਪਾਵੈ।
ਚਿਚੜ ਜਿਉਂ ਥਣ ਗਊ ਦੇ, ਨਹੀ ਦੁਧ ਸੁਖਾਵੈ
ਭਾਗ ਹੀਨ ਲੈ ਲਹੂ ਨੂੰ, ਤਦ ਹੀ ਹਰਖਾਵੈ
ਕਾਲੀ ਕਮਲੀ ਧੋਤਿਆਂ, ਨਹੀ ਰੰਗ ਵਟਾਵੈ।

ਤਿਵੈਂ ਪੁਜਾਰੀ ਮੂੜਖਾਂ, ਗੁਰਮਤ ਨ ਛਾਵੈ।
ਸਤਿਗੁਰ ਸਚਾ ਹੀ ਸਮਝਾਵੈ ॥ ੧੪ ॥

ਪਉੜੀ

ਪਜੇ ਅਕਾਲੀ ਜਾਇਕੈ, ਦੀਵਾਨ ਸਜਾਯਾ।
ਦੋ ਤਿਨ ਮੁਖੀ ਪੁਜਾਰੀਆਂ, ਉਚੈ ਬੁਲਵਾਯਾ।
ਨਾਲ ਤਰੀਕੇ ਉਨ੍ਹਾਂ ਨੂੰ, ਹੈਸੀ ਸਮਝਾਯਾ।
ਸ਼ਰਤਾਂ ਗੁਰਮਤ ਦਸੀਆਂ, ਆਸ਼ਾ ਪ੍ਰਗਟਾਯਾ।
ਜੇਕਰ ਮੰਨੋ ਤਹੋਗੇ, ਨਹੀਂ ਝੂਠ ਅਲਾਯਾ।
ਉਨ੍ਹਾਂ ਨੇਵੀ ਮੰਨਿਆਂ, ਜੋ ਸੀ ਫਰਮਾਯਾ।
ਹੋਇਆ ਫੈਸਲਾ ਸਾਰਿਆਂ ਸੁਨ ਕੇ ਸੁਖ ਪਾਯਾ।
ਗਲ ਨ ਬਹੁਤੀ ਵਧੇਗੀ; ਹੈ ਸੁਕਰ ਮਨਾਯਾ।
ਲਿਖਤ ਹੋਇਗੀ ਛਾਤ ਨੂੰ, ਏਹ ਮਤਾ ਪਕਾਯਾ।
ਅੰਦਰ ਜਾਇ ਪੁਜਾਰੀਆਂ;ਫਿਰ ਚਿਤ ਭਲਾਯਾ।
ਕੀਤਾ ਬਚਨ ਸੁ ਤੁਰਤ ਭੁਲਾਯਾ ॥ ੧੫ ॥

ਪਉੜੀ

ਬਚਨ ਕਰ ਗਏ ਸਾਨ ਜੋ, ਸੋ ਸਭ ਬਿਸਰਾਏ।
ਲਗੇ ਖੋਟ ਚਿਤਾਰਨੇ, ਸਤਿਗੁਰੂ ਭੁਲਾਏ।
ਮੂਰਖ ਰੋਵਨ ਅੰਤ ਨੂੰ, ਜਦ ਫਲ ਤਿਸ ਪਾਏ।
ਰਲ ਕੇ ਕਰਨ ਲੜਾਈ ਨੂੰ; ਏਹ ਮਤੇ ਪਕਾਏ
ਸਿਖਾਂ ਸੋਚੀ ਹੋਰ ਸੀ ਏਹ ਹੋਰ ਲਖਾਏ।

ਅੰਦਰ ਗੁਰੂ ਦਵਾਰ ਦੇ ਹਥ੍ਯਾਰ ਰਖਾਏ।
ਦਰਸ਼ਨ ਆਵਨ ਕਰਨ ਜਾਂ ਤਾਂ ਦਿਓ ਚਲਾਏ।
ਜੋ ਜੋ ਅੰਦਰ ਆਵਈ ਨਹੀ ਜੀਓਂਦਾ ਜਾਏ।
ਪਾਪੀ ਪਾਪ ਕਮਾਵੰਦੇ ਨਾਹੀ ਸ਼ਰਮਾਏ।
ਗੁਰ ਸਿਖਾਂ ਦੇ ਘਾਤ ਨੂੰ ਕੈਸੇ ਲਲ਼ਚਾਏ॥
ਕੰਮ ਚੰਡਾਲਾਂ ਚਿਤ ਵਸਾਏ॥ ੧੬॥

ਪਉੜੀ

ਜਦ ਵੇਲਾ ਰਹਿਰਾਸ ਦਾ ਹੁੰਦਾ ਸੀ ਆਏ।
ਉਠ ਅਕਾਲੀ ਗੁਰੂ ਦੇ ਅਸਥਾਨ ਸਿਧਾਏ।
ਮੱਥਾ ਟੇਕਣ ਵਾਸਤੇ ਮਨ ਪ੍ਰੇਮ ਲਗਾਏ।
ਅੰਦਰ ਜਾ ਗੁਰਧਾਮ ਦੇ ਸਨ ਸੀਸ ਝੁਕਾਏ।
ਅਗੋਂ ਪੁਜਾਰੀ ਗੱਜਦੇ ਕਰ ਰੋਸ ਬੁਲ਼ਾਏ।
ਨਿਕਲ ਜਾਓ ਕਿਉਂ ਆਵੰਦੇ ਹਥਿਆਰ ਕ੍ਯਾਏ
ਹਥ ਮਾਰ ਕੇ ਰੋਸ਼ਨੀ ਸੀ ਦਈ ਬੁਝਾਈ।
ਸ਼ਸਤ੍ਰ ਛੇਤੀ ਕਢ ਕੇ ਸਨ ਤੁਰਤ ਚਲਾਏ।
ਅੰਨ੍ਹੇ ਵਾਹ ਹੀ ਮਾਰਦੇ, ਨਹੀ ਹਥ ਰੁਕਾਏ।
ਪਲੋ ਪਲੀ ਦੇ ਵਿਚ ਸੀ, ਘਮਸਾਨ ਮਚਾਏ।
ਸਤਿ ਗੁਰ ਨੇ ਕੀ ਰੰਗ ਦਖਾਏ॥ ੧੭।

ਪਉੜੀ

ਸਿੰਘ ਬਲਵੰਤ ਸੋ ਨਾਮ ਸੀ, ਇਕ ਸੂਬੇਦਾਰ।

ਵਾਸੀ ਕੁਲੇ ਪਿੰਡ ਦਾ, ਉਘਾ ਸਰਦਾਰਾ ।
ਅੰਦਰ ਵੜਦੇ ਸਾਰ ਹੀ, ਇਕ ਵਾਰ ਸਹਾਰਾ ।
ਮੋਢਾ ਜ਼ਖਮੀ ਹੋ ਗਿਆ, ਸੀ ਘਾਉ ਕਰਾਰਾ ।
ਕਈ ਵਾਰ ਖਾ ਛਿਗਦਾ, ਜੋ ਸਿੰਘ ਹਜ਼ਾਰਾ ।
ਥੋੜਾ ਚਿਰ ਹੀ ਠਹਿਰ ਕੇ, ਗੁਰ ਪੁਰੀ ਸਿਧਾਰਾ ।
ਤੋੜਾ ਸਿੰਘ ਪਮ੍ਹੋਰਾਂਆ, ਸਟ ਖਾਇ ਵਿਚਾਰਾ ।
ਪੰਜ ਸਤ ਸਿੰਘ ਹੋਰ ਬੀ, ਹੋਇ ਫਟੜ ਭਾਰਾ ।
ਅੰਦਰ ਗੁਰ ਅਸਥਾਨ ਦੇ, ਏਹ ਘਲੁ ਘਾਰਾ ।
ਗੁਰ ਸਿਖਾਂ ਤੇ ਵਰਤਿਆ,ਸੀ ਕਹਿਰ ਕਹਾਰਾ ।
ਕਿਆ ਸਮੇਂ ਦਾ ਏਹ ਵਰਤਾਰਾ ॥ ੧੮ ॥

ਪਉੜਾ

ਸ਼ਸਤ੍ਰ ਲਗੇ ਚਲਾਵਣੇ, ਜਦ ਸਾਨ ਪੁਜਾਰੀ ।
ਕਿਸੇ ਨ ਮੂਰਖ ਸੋਚਿਆ, ਐਸੀ ਮਤ ਮਾਰੀ ।
ਗੁਰ ਸਿਖਾਂ ਦੇ ਨਾਲ ਕਿੰਓ, ਕਰ ਰਹੇ ਖੁਵਾਰੀ ।
ਉਧਰ ਉਤੇ ਕੋਠਿਆਂ, ਜੋ ਮੁੰਡੇ ਨਾਰੀ ।
ਲਗੇ ਇਟਾਂ ਮਾਰਨੇ, ਕਰਕੇ ਹੁਸ਼ਿਆਰੀ ।
ਹੇਠਾਂ ਵਿਚ ਦੀਵਾਨ ਦੇ, ਜੋ ਸੰਗਤ ਸਾਰੀ ।
ਗੁਰ ਬਾਨੀ ਸਨ ਗਾ ਵੰਦੇ, ਚਿਤ ਸਰਧਾ ਧਾਰੀ ।
ਓਨ੍ਹਾ ਉਤੇ ਵਟਿਆਂ, ਹੋਇ ਵਰਖਾ ਭਾਰੀ ।
ਪਰ ਸੋ ਨਾਹੀ ਹਿਲ਼ਦੀ, ਬੈਠੇ ਇਕ ਸਾਰੀ ।

ਲੀਲਾ ਗੁਰ ਦੀ ਤਕਦੇ, ਹੁੰਦੇ ਬਲਿਕਾਰੀ
ਗਤ ਸਚੇ ਦੀ ਖੰਡ ਨਿਆਰੀ ॥ ੧੯ ॥

ਪਉੜੀ

ਇਕ ਪੁਜਾਰਨ ਕੋਠਹੁਂ, ਜਦ ਗੋਲਾ ਸੁੱਟੇ ।
ਹੇਠਾਂ ਉਸਦੇ ਪਤੀ ਦੇ, ਸਿਰ ਉਪਰ ਫੁੱਟੇ ।
ਉਚੀ ਰੋ ਕੇ ਆਖਦੀ, ਤਕ ਸਾਹ ਨਖੁੱਟੇ ।
ਹੈ ਹੈ ਹਥੀ ਆਪਣੀ, ਆਪੇ ਗਏ ਪੁੱਟੇ ।
ਪੈਂਦੇ ਗੋਲੇ ਆਨ ਕੇ, ਚਾਰੇ ਧਰ ਟੁੱਟੇ ।
ਨੁਝ ਨ ਇਨ੍ਹਾਂ ਵਿਗਾੜਿਆ, ਸਨ ਮੰਦੇ ਗੁੱਟੇ ।
ਫੜ ਕੇ ਸਿੰਘ ਪੁਜਾਰੀਆਂ, ਸਨ ਡਾਢੇ ਕੁੱਟੇ ।
ਹੈ ਮਨ ਮਸਤ ਸ਼ਰਾਫੀਏ, ਪੀ ਦੋ ਦੇ ਘੁੱਟੇ ।
ਜਦੋਂ ਤੀਕ ਅਣਵਾਲੜੇ, ਰਹਿ ਡਾਢੇ ਜੁੱਟੇ ।
ਨਸ਼ੇ ਉਤਰੇ ਘਾਬਰੇ, ਆ ਪੈਰੋਂ ਹੁੱਟੇ ।
ਨਸ ਖਲੋਤੇ ਸ਼ਾਤ ਸੁੱਟੇ ॥ ੨੦ ॥

ਪਉੜੀ

ਏਧਰ ਜਦੋਂ ਪੁਜਾਰੀਆਂ, ਏਹ ਕਿਰਤ ਕਮਾਨੀ ।
ਜਥੇ ਦਾਰ ਨੇ ਉਧਰੋਂ, ਏਹ ਬਾਤ ਬਖਾਨੀ ।
ਸੁਨੋ ਖਾਲਸਾ ਪਿਆਰਜੋ, ਮੇਰੀ ਇਚ ਬਾਨੀ ।
ਨਾ ਮਿਲ ਵਰਤਨ ਪੰਥਨੇ, ਹੈ ਰੀਤ ਚਲਾਨੀ ।
ਧਿਰ ਨ ਰਖਣਾ ਉਸਦਾ, ਨਹੀ ਲੀਕ ਲਗਾਨੀ ।

ਹਥ ਨ ਅੱਗੋਂ ਕੁਕਨਾ, ਸਿਰ ਚੋਟ ਸਹਾਨੀ।
ਦਿਸ ਬਹਾਦਰੀ ਤੁਸਾਂ ਦੀ, ਜਗ ਤੁਰੇ ਕਹਾਨੀ।
ਕਰਨਾ ਤੁਸਾਂ ਸੁਧਾਰ ਹੈ, ਇਕ ਆਸ ਰਖਾਨੀ।
ਗੁਰੂ ਤੁਸਾਂ ਦੇ ਨਾਲ ਹੈ, ਜੋ ਧੀਰ ਧਰਾਨੀ।
ਮੰਨੀ ਸਭ ਅਕਾਲੀਆਂ, ਧਰ ਸੀਸ ਕਮਨੀ।
ਚੁਕੇ ਹਥ ਨ ਏਹ ਮਰਦਾਨੀ ॥ ੨੧।

ਪਉੜੀ

ਧੀਰਜ ਦੱਸੀ ਖਾਲਸੇ ਸਿਰ ਸੱਟਾਂ ਖਾਇਆਂ।
ਹਥ ਨ ਅੱਗਾਂ ਦੁਕਿਆ ਏਹੋ ਵੱਡਿਆਈਆਂ।
ਸਿੰਘਾਂ ਦੋਇ ਸ਼ਹੀਦੀਆਂ ਸਨ ਏਥੇ ਪਾਈਆਂ।
ਧੰਨ ਓਨ੍ਹਾਂ ਦੇ ਪਿਤਾ ਨੇ ਧੰਨ ਜਣਦੀ ਮਾਈਆਂ।
ਨਾਮ ਰਹਿਨਰੀ ਚਮਕਦੇ ਜਗ ਧਨ ਕਮਾਈਆਂ।
ਗੁਰੂ ਦਵਾਰ ਸੁਧਾਰ ਨੂੰ ਜਿਨ ਜਾਨ ਲਾਈਆਂ।
ਹੂਰਾਂ ਲੈਣ ਸੁਵਰਗ ਤੋਂ ਝਦਹੀਚ ਲਿਆਇਆਂ।
ਸਿੰਘ ਨ ਓਨ੍ਹਾਂ ਤਕਏ ਦੂਰੋਂ ਦੁਰਕਾਈਆਂ।
ਹੋਇ ਨਿਰਾਸੀ ਚਲੀਆਂ ਛਾਛੀ ਸ਼ਰਮਾਈਆਂ।
ਸਿੰਘਾਂ ਗੁਰਦੇ ਚੂਨ ਵਿਚ, ਹਨ ਸੁਰਤ ਟਕਾਈਆਂ।
ਹੂਰਾਂ ਵਿਖੇ ਨ ਜ਼ਰਾ ਡੁਲਾਈਆਂ ॥ ੨੨ ॥

ਪਉੜੀ।

ਪਿੰਡਾਂ ਵਿਚੋਂ ਆਏ ਸੀ, ਜਿਤਨੇ ਮੁਸ਼ਟੰਡੇ।

ਹਥਾਂ ਵਿਚ ਲਿਆਂਵਦੇ, ਲਾਠੀ ਤੇ ਡੰਡੇ।
ਉਤੇ ਪਖ ਪੁਜਾਰੀਆਂ, ਸਨ ਮਸਲੇ ਮੰਡੇ।
ਡਿੱਠੇ ਜਦੋਂ ਪੁਜਾਰੀਆਂ, ਸਨ ਵਾਹੇ ਖੰਡੇ।
ਸਿਖਾਂ ਮਾਰ ਬੇਦੋਸਿਆਂ, ਕਰ ਆਕੜ ਘੰਡੇ।
ਸੋ ਬੀ ਉਲਟੇ ਹੋ ਗਏ, ਤਕ ਇਨ੍ਹਾਂ ਪਖੰਡੇ।
ਵੰਡਨ ਨਾਲ ਪੁਜਾਰੀਆਂ, ਹੁਨ ਸੀਰੇ ਮੰਡੇ।
ਮਾਨ ਖਾਂਦੇ ਸਿਖ ਨੇ, ਹੋ ਕੀਕਰ ਠੰਡੇ।
ਏਨ੍ਹਾਂ ਪਕੜ ਪੁਜਾਰੀਆਂ, ਦੇ ਬੂਚੇ ਛੰਡੇ।
ਨੱਸੇ ਛਡ ਗੁਰ ਧਾਮ ਨੂੰ, ਸਭ ਗਾਲੇ ਰੰਡੇ।
ਗਏ ਵਾਗ ਦੁਲੱਤੇ ਛੰਡੇ ॥ ੨੩ ॥

ਪਉੜੀ।

ਪੰਡਤ ਮੂਰਖ ਹੋਂਵੰਦੇ, ਹੋ ਸਾਧੂ ਚੂਹੜੇ।
ਪਾਰ ਜਾਤ ਹੋ ਅੱਕ ਸੇ, ਹੰਨ ਮਸਲੇ ਗੂਹੜੇ।
ਰਾਜੇ ਭਿਛ ਕਹੋਂਵੰਦੇ, ਧਰ ਤਾਜ ਅਣੂਹੜੇ।
'ਕਾਮ ਧੇਨ ਸਮ ਗਾਂਇਦੇ, ਪਿਤ ਵੈਰੀ ਹੂਹੜੇ।
ਪੁੰਨ ਪਾਪ ਹੋਇ ਜਾਵੰਦੇ; ਸੱਪ ਰਸੀ ਫੂਹੜੇ।
ਮਿਟੀ ਮੇਰੋਂ ਸ਼ੇਰ ਹੋਇ, ਗਿਦੜ ਵੜ ਜੂਹੜੇ।
ਫੇਰ ਦਿਨਾਂ ਦੇ ਹੋਂਵੰਦੇ, ਏਹ ਕੌਤਕ ਬੂਹੜੇ।
ਸਦਣ ਮਦਦ ਆਪਣੀ, ਪੂਜਾਰੀ ਮੂਹੜੇ।
ਉਲਟੇ ਏਨ੍ਹਾਂ ਮਾਰਨੇ, ਹਿਤ ਹੁੰਦੇ ਰੂਹੜੇ।

ਲਗਨ ਫੱਟ ਪੂਜਾਹੀਆਂ ਥੋੜੇ ਬਹੁਤੁੜੇ।
ਵਿਚ ਕਚਹਿਰੀ ਹੋਸਨ ਕੂੜੇ ॥ ੨੪ ॥

ਪਉੜੀ।

ਟੁਟੇ ਨਸ਼ੇ ਸ਼ਰਬ ਦੇ ਹੁਨ ਸ਼ਾਮਤ ਆਈ।
ਫੇਰ ਨ ਸ਼ਸਤ੍ਰ ਚਲਦਾ ਜਦ ਸੁਸਤੀ ਛਾਈ।
ਅਗੇ ਪਿਛੇ ਨੱਸਦੇ ਸਿਰ ਪੈਰ ਉਠਾਈ।
ਸਿੰਘਾਂ ਨੇ ਗੁਰਥਾਨ ਦੀ ਸੇਵਾ ਸਿਰ ਚਾਈ।
ਫਟੜ ਹੋਏ ਸਿੰਘ ਜੋ ਸਭ ਮੰਜੇ ਪਾਈ।
ਘੱਲੇ ਹਸਤਪਤਾਲ ਸੀ ਹਿਤ ਕਰਨ ਦੁਵਾਈ।
ਘਰੀਂ ਪੁਜਾਰੀ ਜਾ ਪਏ ਕਰ ਨੇਕ ਕਮਾਈ।
ਮਾਰੀ ਮਤ ਸ਼ਰਾਬ ਸੀ ਨਹੀ ਸੋਝੀ ਕਾਈ।
ਕੈਸੀ ਵਿਚ ਮਿਦਾਨ ਦੇ ਗਏ ਤੇਗ ਚਲਾਈ।
ਧ੍ਰਿਗਧ੍ਰਿਗ ਐਸਾ ਜੀਵਨਾ ਮਰ ਨ੍ਰਕ ਸਿਧਾਈ।
ਨਰ ਨਾਰੀ ਮੂੰਹ ਰਹੇ ਕਢਾਈ ॥ ੨੫ ॥

ਪਉੜੀ

ਕੀਤੀ ਜਦੋਂ ਪੁਜਾਰੀਆਂ ਸਭ ਕਾਰ ਗੁਜ਼ਾਰੀ।
ਪਾਸ ਖਲੋਤੇ ਵੇਖਦੇ ਅਫਸਰ ਸਰਕਾਰੀ।
ਹੈਸੀ ਇਕ ਤਸੀਲਦਾਰ ਇਕ ਥਾਨੇ ਦਾਰੀ।
ਦੋਵੈਂ ਅੱਖੀਂ ਵੇਖਦੇ ਰਹਿ ਗਲਾਂ ਸਾਰੀ।
ਧੀਰਜ ਸਿਖ ਪੁਜਾਰੀਆਂ ਬਦ ਨੀਤੀ ਭਾਰੀ।

ਸਾਰੀ ਲਿਖੀ ਰਿਪੋਟ ਨੇ ਜੋ ਸੱਚ ਨਿਤਾਰੀ।
ਜ਼ਖਮੀ ਸਿਖਾਂ ਸਾਰਿਆ ਲਿਖ ਨਾਮ ਸੁਵ ਰੀ।
ਪੁਛੈ ਘਰ ਘਰ ਜਾਇਕੈ ਫਿਰ ਉਨ੍ਹਾਂ ਪੁਜਾਰੀ।
ਜੇ ਕੋਈ ਜ਼ਖਮੀ ਤੁਮਾਂ ਦਾ ਸਭ ਕਹੁ ਪੁਕਾਰੀ।
ਓਨ੍ਹਾਂ ਇਕ ਨ ਦੱਸਿਆ ਹੁੰਦ ਇਨਕਾਰੀ।
ਗਲ ਨ ਅਸਲੀ ਕਿਸੇ ਵਿਚਾਰੀ ॥ ੨੬ ॥
ਬੀਤੀ ਰਾਤ ਮਹਾਲ ਸੀ, ਦਿਨ ਅਗਲਾ ਆਯਾ।
ਆਏ ਹੋਸ਼ ਪੁਜਾਰੀਆਂ, ਚਿਤ ਖਿਆਲ ਦੁੜਾਯਾ।
ਜ਼ਖਮੀ ਸਾਡਾ ਕੋਈ ਨਾ, ਏਹ ਕੰਮ ਕੁਦਾਯਾ।
ਫਟੜ ਬਹੁਤੇ ਸਿਖ ਨੇ, ਹੈ ਪੁਲਿਸ ਲਖਾਯਾ।
ਗਲ ਪਏ ਸਿਰ ਅਸਾਂਦੇ, ਏਹੋ ਦਰਸਾਯਾ।
ਝੂਠੇ ਕਰਸਨ ਅੱਸਾਨੂੰ, ਹਾਕਮ ਦਬਕਾਯਾ।
ਫੈਲ ਹੈ ਪੈਣਾ ਭੁਗਤਣਾ, ਕੋਈ ਕਰੋ ਉਪਾਯਾ।
ਜ਼ਖਮੀ ਕਰੀਏ ਆਪਣੇ, ਚਿਤ ਆਪ ਬਚਾਯਾ।
ਫਟ ਲਾਵੰਦੇ ਆਪ ਹਾਂ, ਕਈ ਜਤਨ ਕਰਾਯਾ॥
ਓਨਾਂ ਹਸਤਪਤਾਲ ਨੂੰ, ਛੇਤੀ ਭਿਜਵਾਯਾ।
ਕੈਸਾ ਮੱਕੜ ਫਰੇਬ ਬਨਾਯਾ ॥ ੨੭ ॥

ਪਉੜੀ

ਡਿਪਟੀਆਇ ਕਮਿਸ਼ਨਰਾ, ਹਾਕਮ ਅਸਥਾਨਾਂ।
ਵਸੀਕਾ ਜ ਸਭ ਜਿਲੇ ਦਾ, ਹਥ ਇਸਦੇ ਜਾਨਾਂ।

ਦੂਜਾ ਇਸ ਦੇ ਨਾਲ ਸੀ, ਪੁਲਸ਼ੀਕਪਤਾਨਾਂ।
ਅੰਦਰ ਹਸਤਪਤਾਲ ਦੇ, ਆਲੈਣਬਿਆਨਾਂ।
ਰਲ ਮਿਲ ਆਪਪੁਜਾਰੀਆਂ, ਏਹ ਕੰਮ ਕਰਾਨ॥
ਇਕ ਦੂਜੇ ਨੂੰ ਆਪ ਹੀ, ਸੀਜ਼ਖਮਲਗਾਨਾਂ।
ਹਸੜਪਤਾਲ ਲਿਆਵੰਦੇ, ਕਰ ਕੂੜ ਬਹਾਨਾਂ।
ਸਿਖਾਂ ਅਗੋਂ ਆਖਿਆ, ਨਹੀਅਸਾਂਲਿਖਾਨ।
ਨਾ ਮਿਲ ਵਰਤਨ ਅਸਾਂ ਨੇ, ਹੈ ਚਿਤ ਵਸਾਨ॥
ਕੀਤਾ ਸ਼ੁਕਰ ਪੁਜਾਰੀਆਂ, ਸੀ ਛਿਕਰ ਹਟਾਨ॥
ਝੂਠ ਸਚ ਹੈ ਅਸਾਂ ਛਪਾਨਾ ॥ ੨੮ ॥

ਪਉੜੀ

ਕਬਜਾ ਜਦ ਦਰਬਾਰ ਦਾ, ਸਿਖਾਂ ਨੇ ਪਾਯਾ।
ਹਾਕਮ ਆਖੀਂ ਆਨਕੇ, ਸਭ ਰਹੇ ਤਕਾਯਾ।
ਵਾਧਾ ਖਾਸ ਪੁਜਾਰੀਆਂ, ਜਿਨ੍ਹਾਂ ਹਥ ਉਠਾਯਾ।
ਧੀਰਜ ਸਿਖਾ ਰਖਿਆ, ਨਹੀਂ ਜ਼ੋਰ ਵਖਾਯਾ।
ਦੇਨ ਪੁਜਾਰੀ ਧਮਕੀਆਂ, ਸਿਖਾਂ ਨੂੰ ਸਾਯਾ।
ਇਸ ਕਰ ਸੋਚੀ ਹਾਕਮਾਂ, ਏਰ ਹੁਕਮ ਚੜ੍ਹਾਯਾ।
ਸਭੈ ਦੇਣ ਜ਼ਮਾਨਤਾਂ, ਪੁਜਾਰੀ ਆਇਆ।
ਵਿਚ ਨ ਗੁਰੂ ਦੁਵਾਰ ਦੇ, ਏਹ ਵੜਨ ਕਦਾਯਾ।
ਅਖੀ ਵਿਚ ਘਸੁੰਨ ਦੇ, ਰੋਵਨ ਕੁਰਲਾਯਾ।
ਗੁਰੂ ਧਾਮ ਵੀਛੁਟਿਆ, ਨਹਿ ਹਥ ਚਹਾਯਾ।

ਨਾਲ ਸਿਖਾਂ ਦੇ ਵੈਰ ਵਧਾਯਾ ॥ ੨੯ ॥

ਪਉੜੀ

ਇਕ ਸੀ ਹੋਰ ਪੁਜਾਰੀਆਂ, ਏਹ ਗਲ ਕਰਾਈ।
ਮਾਲਮਤਾ ਗੁਰਥਾਨ ਦਾ, ਸਭ ਰਖਿਆ ਛਪਾਈ।
ਅੰਦਰ ਹੀ ਗੁਰ ਥਾਨਦੇ, ਇਕ ਜਗਾ ਬਨਾਈ।
ਪੜਦਾ ਕਰ ਵਿਚ ਛਤ ਦੇ, ਇਕ ਛੱਤ ਜੜਾਈ।
ਉਨਦੇ ਅੰਦਰ ਰਖਿਆ, ਸਭ ਮਾਲ ਉਠਾਈ।
ਫੌਜ ਦਾਰੀਕ ਖਾਲਸੇ, ਹਥ ਲਿਆ ਹਟਾਈ।
ਵਧ ਗਏ ਚਿਤ ਪੁਜਾਰੀਆਂ, ਹੁਨ ਹੋਰ ਤਕਾਈ।
ਚੁਕ ਸੀਅਫਸਰ ਕਿਸੇ ਦੀ, ਏਹ ਸਾਚ ਸੁਨਾਈ।
ਝਗੜਾ ਛੇੜ ਦਿਵਾਨੀਆਂ ਚੁਕ ਅਰਜ਼ੀ ਪਾਈ।
ਲੁਟਿਆ ਗੁਰੂ ਦੁਵਾਰ ਨੂੰ, ਸਿਖਾਂ ਨੇ ਆਈ।
ਸਾਰੇ ਮਾਲ ਫ਼ਹਿਰਸਤ ਲਗਾਈ ॥ ੩੦ ॥

ਪਉੜੀ

ਇਕ ਦਿਨ ਸਿਖਾਂਸੋਚਿਆ, ਨਦ ਨਾਲ ਧਿਆਨੇ।
ਝੂਠੇ ਦਾਹਿਵੇ ਲੁੱਟ ਦੇ, ਇਹ ਕਰਨ ਦਿਵਾਨੇ।
ਅਸਾਂ ਨ ਕੁਝ ਵੀ ਵੇਖਿਆ, ਸਨ ਬੜੇ ਹਿਰਾਨੇ।
ਅੰਦਰ ਗੁਰੂ ਦੁਵਾਰ ਦੇ, ਜਿਤਨੇ ਅਸਥਾਨੇ।
ਵੇਖਨ ਲਗੇ ਸੋਧਕੈ, ਜੋ ਪੁਰਖ ਸਿਆਨੇ।
ਇਕ ਜਗਾ ਨੂੰ ਵੇਖਕੇ, ਸਨ ਸ਼ਕ ਵਧਾਨੇ।

ਪੜ੍ਹਦਾ ਫਿਠਾ ਗੁਪਤ ਹੀ ਬਨਿਆਂ ਚਿਤ ਮਾਨੇ
ਸਾਰੀ ਚੀਜ਼ਾਂ ਰਖੀਆਂ ਵਿਚ ਉਸਦੇ ਸਾਨੇ।
ਸਭੈ ਭੁਰਭੁ ਕਢਾਈਆਂ ਸਨ ਅਮਨ ਅਮਾਨੇ।
ਭੁਬਨ ਮੂਰਖ ਬਹੁਤ ਨਿਦਾਨੇ ॥ ੩੧ ॥

ਪਉੜੀ

ਜਿਤ ਖਾਲਸੇ ਹੋ ਗਈ ਗੁਰ ਕਿਰਪਾ ਸਾਰੀ।
ਹੋ ਸ਼ਰਮਿੰਦੇ ਨਿਕਲੇ ਮਤ ਮੰਦ ਪੁਜਾਰੀ।
ਨਾਸ ਆਪਨਾ ਕਰ ਚੁਕੇ ਆਪੇ ਹੋਕਾਰੀ।
ਸਿਖਾਂ ਖਾਸ ਸੰਭਾਲਿਆ, ਹੁਨ ਰਹੁ ਦੁਆਰੀ।
ਥਾਂ ਥਾਂ ਖਬਰਾਂ ਪੁਜੀਆਂ, ਹਰਖੇ ਨਰ ਨਾਰੀ।
ਮਹਿਮਾ ਗੁਰ ਅਸਥਾਨ ਦੀ, ਹੋਵੇਗੀ ਭਾਰੀ।
ਅੜੇ ਝੜੇ ਦਬ ਜਾਵੰਦੇ, ਜੋ ਕਰਨ ਖੁਆਰੀ।
ਕਲਾ ਚੜ੍ਹੇ ਹੁਨ ਪੰਥ ਦੀ, ਸਭ ਕਹੈ ਪੁਕਾਰੀ।
ਦੇਖੀ ਦੁਸ਼ਟ ਨਿਵਾਰਨੇ ਸਿੰਘਾਂ ਬਲਿਧਾਰੀ।
ਧੰਨ ਗੁਰੂ ਧਨ ਸਿਖ ਨੇ, ਜੋਧੇ ਬਲਿਕਾਰੀ।
ਸਾਰੇ ਜਗਤ ਕਥਾ ਵਿਸਥਾਰੀ ॥ ੩੨ ॥ ੧੨ ॥

੧ ੴ ਸਤਿਗੁਰ ਪ੍ਰਸਾਦਿ ॥

# ਸ਼੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ

ਦੋਹਰਾ

ਬਣੀ ਕਮੇਟੀ ਜਿਸ ਤਰਾਂ, ਪ੍ਰਬੰਧਕ ਗੁਰੂਦ੍ਵਾਰਾ
ਹਥ ਹਟੈ ਸਰਕਾਰ ਦਾ, ਸਿਖ ਸੰਭਾਲਣ ਕਾਰ।

ਪਉੜੀ

ਸਿੰਘਾਂ ਜ਼ੋਰ ਵਧਾ ਲਿਆ, ਉਠੇ ਗਰਜਾਕੇ।
ਗੁਰੂ ਧਾਮ ਨ ਛਡਣੇ, ਲੈ ਲੈਣ ਵਜਾਕੇ।
ਨੌਕਰ ਸ਼ਾਹੀ ਵਾਲੜਾ, ਸਭ ਹਥ ਹਟਾਕੇ।
ਖੁਲ੍ਹੇ ਹੌਕੇ ਆਖਿਆ; ਨਹੀਂ ਰਖਿਆ ਲੁਕਾਕੇ।
ਨੌਕਰ ਸ਼ਾਹੀ ਸੋਚਦੀ, ਤਦ ਫਿਕਰ ਕਰਾਕੇ।
ਜੁਗਤੀ ਕੋਈ ਨਿਕਲੇ, ਕੁਝ ਦਾਉ ਚਲਾਕੇ।
ਠੰਡਾ ਹੋਵੇ ਖਾਲਸਾ, ਜੈਸੇ ਸਮਝਾਕੇ।
ਝੋਲੀ ਚੁਕਾਂ ਸਦਿਆ, ਤਦ ਖਾਸ ਬੁਲਾਕੇ।
ਦਸੇ ਕੋਈ ਹੀਲੜਾ, ਤਦ ਹੁਨ ਅਕਲ ਦੁੜਾਕੇ।
ਸਿਖ ਨ ਕਾਬੂ ਆਵੰਦੇ, ਜੁਟ ਪਏ ਅੜਾਕੇ।
ਝੋਲੀ ਚੁਕੋ ਕਹੋ ਸੁਣਾਕੇ॥ ੨ ॥

ਪਉੜੀ

ਲੰਮੀ ਸੋਚ ਵਿਚਾਰ ਕੇ, ਇਕ ਢੰਗ ਨਿਕਾਲਾ।
ਮਹਾਂਰਾਜ ਵੀ ਸਦਿਆਂ, ਵਾਲੀ ਪਟਿਆਲਾ।
ਓਨ੍ਹਾਂ ਰਸਤੇ ਰੁਕੇਗਾ, ਹੁਨ ਪੰਥ ਸੁਖਾਲਾ।
ਗੌਰਮਿੰਟ ਦਾ ਖੈਰ ਖਾਹ, ਸੋ ਚੰਗਾ ਭਾਲਾ।
ਠੰਡਾ ਕਰਸੀ ਖਾਲਸਾ, ਲਾ ਖੂਬ ਮਸਾਲਾ।
ਨੌਕਰ ਸ਼ਾਹੀ ਲਗਿਆ, ਸੀ ਬਹੁਤ ਪਾਲਾ।
ਝੋਲੀ ਚੁਕ ਵੀ ਆਵੰਦੇ, ਕੈਈ ਤ੍ਰਿਸ ਕਾਲਾ।
ਰਲ ਮਿਲ ਕਰਦੇ ਫੈਸਲਾ ਸਾਰੇ ਹਿਤ ਨਾਲਾ।
ਸਿਖਾਂ ਠੰਡੇ ਕਰਨ ਦਾ, ਚੰਗਾ ਉਪਰਾਲਾ।
ਨੌਕਰ ਸ਼ਾਹੀ ਵਾਲੜਾ, ਰਹਿ ਬਨਿਆਂ ਚਾਲਾ।
ਐਸਾ ਏਨ੍ਹਾਂ ਰਾਹ ਵਿਖਾਲਾ ॥ ੩ ॥

ਪਉੜੀ

ਚੁਣ ਕੇ ਛਤੀ ਆਦਮੀ, ਸਰਕਾਰ ਪਿਆਰੇ।
ਜੋਹਿੜੇ ਨੌਕਰ ਸ਼ਾਹੀ ਦੇ, ਵਿਚ ਤੁਰਨ ਅਸ਼ਾਰੇ।
ਜੀ ਹਜ਼ੂਰ ਹੀ ਜਾਨਦੇ, ਪਰਤੇਖ ਬੁਲਾਰੇ।
ਅਗੋਂ ਉਜ਼ਰ ਨ ਕਰਨ ਗੇ, ਜਦ ਹੁਕਮ ਉਚਾਰੇ
ਹਾ ਵਿਚ ਹਾਂ ਮਿਲਾਂਵੰਦੇ, ਨਾਹੀਂ ਇਨਕਾਰੇ।
ਨੌਕਰ ਸ਼ਾਹੀ ਚਾਟੜੇ, ਜੋ ਚੰਗੇ ਸਾਰੇ।
ਏਨ੍ਹਾਂ ਅਗੇ ਲਾਇਕੈ, ਲੋ ਕਾਜ ਸਵਾਰੇ।

ਗੌਰਮਿੰਟ ਦੇ ਰਹਿਣ ਗੇ, ਨਿਤ ਸੁਕਰ ਗੁਜ਼ਾਰੇ।
ਬਣੀ ਕਮੇਟੀ ਇਨਾਂ ਦੀ, ਕਰ ਸੋਚ ਵਿਚਾਰੇ।
ਦੇਣੇ ਏਨਾਂ ਹਥ ਹੀ, ਸਭ ਗੁਰੂ ਦੁਆਰੇ।
ਨੌਕਰ ਸ਼ਾਹੀ ਮਤੇ ਚਿਤਾਰੇ ॥ ੪ ॥

ਪਉੜੀ

ਨੌਕਰ ਸ਼ਾਹੀ ਆਪਣੀ, ਸਭ ਰਾਲ ਰਖਾਨੀ।
ਮਹਾਰਾਜ ਦੇ ਬੈਠਆਂ, ਹੋਈ ਪਰਵਾਨੀ।
ਕੈਮ ਕਮੇਟੀ ਹੋ ਗਈ, ਆਪੇ ਮਨ ਮਾਨੀ।
ਸੌਂਪੀ ਤਿਸਦੇ ਹਥ ਹੀ, ਤਿਸਦੀ ਪਰਧਾਨੀ।
ਸਦ ਪੁਛ ਨ ਪੰਥ ਦੀ, ਵਿਚ ਕੋਇ ਕਹਾਨੀ।
ਸੌਂਪੇ ਗੁਰੂ ਦੁਵਾਰ ਨੇ, ਏਹ ਰਾੜ ਮੁਕਾਨੀ।
ਗੌਰਮਿੰਟ ਨੇ ਦਸਿਆ, ਕੱਢ ਇਕ ਅਲਾਨੀ।
ਹਥ ਹਟਾਯਾ ਹਾਕਮਾਂ, ਗਲ ਮਜ਼ੂਬੀ ਜਾਨੀ।
ਏਹ ਸਿਖਾਂ ਦੀ ਚੀਜ਼ ਸੀ, ਸਿਖਾਂ ਸੌਂਪਾਨੀ।
ਗੁਰ ਧਾਮਾਂ ਦੀ ਕਰਨਗੇ, ਆਪੇ ਰਖਵਾਨੀ।
ਏਹ ਕਮੇਟੀ ਬੜੀ ਸਿਆਂਨੀ ॥ ੫ ॥

ਪਉੜੀ

ਨੌਕਰ ਸ਼ਾਹੀ ਕਰ ਲਿਆ, ਸਭ ਮਤਲਬ ਪੂਰਾ।
ਲਾਠੀ ਬਚ ਗਈ ਸੱਪ ਵੀ, ਮਤ ਜਾਇ ਕਰੂਰਾ।
ਭੁਲੇ ਬੇਰਾਂ ਹੋਇ ਨ, ਕੁਝ ਬਾਂਹੀਂ ਉਰਾ

ਸਿਖਾਂ ਰਾਜੀ ਕਰ ਲਿਆ, ਨਹੀ ਰਿਹਾ ਕਸੂਰ।
ਪਰ ਜੇ ਮੰਨੇ ਪੰਥ ਵੀ, ਗੁਰ ਸੇਵਕ ਸੂਰ।
ਹਠੀਨ ਹਠੋ ਹਟਨਗੇ, ਜਗ ਵਿਚ ਮਸ਼ਹੂਰ।
ਏਹ ਕਮੇਟੀ ਖਾਲਸੇ, ਕਦ ਹੈ ਮਨਜ਼ੂਰ।
ਨੌਕਰ ਸ਼ਾਹੀ ਮਿਟਨ, ਇਸ ਨਾਲ ਗਰੂਰ।
ਜਿਸਤੇ ਗੁਰੂ ਦੁਵਾਰਿਆ, ਵਿਚ ਰਹੇ ਫਤੂਰ।
ਸਿੰਘ ਗੁਰਮਤ ਲੋੜਨੀ, ਗੁਰ ਧਾਮ ਜ਼ਹੂਰ।
ਗੁਰੂ ਰੀਝ ਦੇ ਪਾਸ ਹਜ਼ੂਰ ॥ ੧ ॥

ਪਉੜੀ

ਵਿਚ ਲਾਹੌਰੇ ਹੋ ਗਏ, ਏਹ ਕਾਰਜ ਸਾਰੇ।
ਵੱਡੀ ਖੁਸ਼ੀ ਮਨਾਵੰਦੇ, ਸਭ ਹੀ ਸਰਦਾਰੇ।
ਚਾਹੁਜ ਲੈ ਸਰਕਾਰ ਤੋਂ, ਸਨ ਉਠ ਸਿਧਾਰੇ।
ਸੁਧਾਸਰੋਵਰ ਪੁਜਦੇ, ਵਿਚ ਗੁਰੂ ਦੁਵਾਰੇ।
ਸਭ ਦੇਸਾਂ ਤੋਂ ਸੰਗਤਾਂ,ਆਈਆਂ ਹਿਤ ਧਾਰੇ।
ਅਗੋ ਤਖਤ ਅਕਾਲ ਦੇ, ਸਜਿਆ ਦਰਬਾਰੇ।
ਲਗੇ ਖੋਲ ਸੁਨਾਂਵਣੇ, ਤਿਸ ਦੇ ਵਿਚ ਕਾਰੇ।
ਹੁੰਦੇ ਜੋਇ ਲਹੌਰ ਸੀ, ਸਾਰੇ ਵਰਤਾਰੇ।
ਲੈਣ ਹੇਤ ਪਹੁਚਾਨਗੀ, ਹੁਣ ਨਾਲ ਵਿਚਾਰੇ।
ਪਹਿਲਾਂ ਕਰ ਅਰਦਾਸ ਨੂੰ, ਗੁਰਵਾਕ ਉਚਾਰੇ।
ਸੰਤਿ ਗੁਰ ਸ਼ਾਚਾਦਏ ਕਰਾਰੇ ॥ ੭ ॥

ਪਉੜੀ

ਵਿਛੱੜਿਆਂ ਮੇਲੇ ਪ੍ਰਭੂ, ਗੁਰਵਾਕ ਸੁਆਵੈ
ਸੰਗਤ ਸਾਰੀ ਸੁਣਦਿਆਂ, ਬਹੁਤੀ ਹਰੱਖਾਵੈ ॥
ਸਦੀਓਂ ਉਤੇ ਥੋੜ ਹੀ, ਕੁਝ ਸਮਾਂ ਬਤਾਵੈ ।
ਏਹ ਨਜ਼ਾਰਾ ਖਾਲਸੇ, ਸਤਿ ਗੁਰ ਦਰਸਾਵੈ ।
ਅਜ ਦਿਹਾੜਾ ਭਾਗ ਦਾ, ਸਭ ਹੀ ਮੁਖ ਗਾਵੈ ।
ਹੋਇ ਇਕਤ੍ਰ ਖਾਲਸਾਂ, ਗੁਰਮਤੇ ਸੁਧਾਵੈ ।
ਕਾਰਜ ਅਪਨੇ ਆਪਹੀਂ, ਸਭ ਸਿਰੈ ਚੜ੍ਹਾਵੈ ।
ਕਰੈ ਸਹੈਤਾ ਸਤਿ ਗੁਰੂ, ਹੀ ਢਿਲ ਲਗਾਵੈ ।
ਪਰਾਧੀਨਤਾ ਛੱਡ ਕੇ, ਆਜਾਦ ਕਰਾਵੈ ।
ਘਰ ਦੀ ਕਰੈ ਸੰਭਾਲ ਹੁਣ, ਰਣ ਵਿਚ ਗਜਾਵੈ।
ਆਪ ਸਤਿ ਗੁਰੂ ਫਤੇ ਦੁਆਵੈ ॥ ੯ ॥

ਪਉੜੀ

ਉਠੇ ਸਿੰਘ ਨਿਹਾਲ ਤਾਂ, ਪਟਿਆਲੇ ਵਾਸੀ ।
ਅਹਿਲਕਾਰ ਮਹਾਰਾਜ ਦਾ,ਖੁਸ਼ ਤਬਾ ਬਿਲਾਸੀ
ਉਸਨੇ ਉਠਨ ਸਾਰ ਹੀ, ਬਾਣੀ ਪਰਗਾਸੀ ।
ਮਹਾਂਰਾਜ ਨੇ ਖਾਲਸਾ, ਇਹ ਮੋਹਿ ਕਿਹਾਸੀ।
ਹਾਲਤ ਸਾਰਾਂ ਦੇਵੰਦਾ, ਸੋ ਖੋਲ ਬਤਾਸੀ।
ਗੋਰਮਿੰਟ ਨੇ ਆਪ ਨੂੰ ਹੁਨ ਵੇਖ ਲਿਆ ਸੀ।
ਛਡ ਦਿਤੇ ਗੁਰਧਾਮ ਨੇ ਕਰ ਆਪ ਦਿਖਾ ਸੀ।

ਥਾਪ ਕਮੇਟੀ ਓਸ ਨੇ ਏਹ ਕੰਮ ਕਿਯਾ ਸੀ
ਕੰਮ ਕਰੈ ਗੁਰਦਵਾਰਿਆ ਜੁਨ ਦਿੱਸ ਪਿਯਾਸੀ।
ਮਹਾਂਰਾਜ ਨੇ ਘੱਲਿਆ ਨਹੀ ਸੰਕ ਭਿਹਾ ਸੀ।
ਕਾਰਜ ਪੂਰਾ ਆਨ ਥਿਆ ਸੀ ॥ ੬ ॥

ਪਉੜੀ

ਮਹਾਂਰਾਜ ਨੇ ਤੁਰਦਿਆਂ ਇਹ ਗਿਰਾ ਬਖਾਨੀ।
ਪਾਸ ਪੰਥ ਦੇ ਆਖਣਾ ਜਾ ਮੋਇ ਜ਼ਬਾਨੀ।
ਮੈਂ ਹਾਂ ਸੇਵਕ ਪੰਥ ਦਾ ਹੈ ਸਾਚੀ ਬਾਨੀ।
ਤਨਮਨ ਧਨ ਸਭ ਆਪ ਦਾ ਨਹੀ ਸੰਕ ਰਖਾਨੀ।
ਗੌਰਮਿੰਟ ਨੇ ਪੰਥ ਤੇ ਬਹੁ ਦਿਯਾ ਕਮਾਨੀ।
ਸੌਂਪੈ ਗੁਰੂ ਦਵਾਰ ਨੇ ਸਿਖਾਂ ਨੂੰ ਜਾਨੀ।
ਏਹ ਕਮੇਟੀ ਓਸ ਨੇ ਹੈ ਆਪ ਟਿਕਾਨੀ।
ਸਾਰੇ ਸਿਖ ਸ਼ਰੀਫ ਜੋ ਇਸਦੇ ਵਿਚ ਆਨੀ।
ਏਹ ਨੇਕੀ ਸਰਕਾਰ ਦੀ, ਨਹੀ ਕਦੇ ਭੁਲਾਨੀ।
ਜਥੇਦਾਰ ਮਹਾਂਰਾਜ ਹੈ, ਇਸਦਾ ਸੁਖਦਾਨੀ।
ਕਰੋ ਖਾਲਸਾ ਜੀ ਪਰਵਾਨੀ, ॥ ੭੦ ॥

ਪਉੜੀ

ਗੌਰਮਿੰਟ ਦੀ ਰਜਕੇ, ਬਹੁ ਉਸਤਤ ਗਾਏ।
ਪਿਛੋਂ ਸਭ ਹੀ ਮੈਂਬਰਾਂ, ਤਿਨ ਨਾਸ ਸੁਨਾਏ।
ਬਹੁਤੇ ਵਿਚ ਰਿਆਸਤੀ, ਕੁਝ ਦੂਜੇ ਆਏ।

ਸਾਰੇ ਜੀ ਰਜ਼ੂਰੀਏ, ਸਨ ਵਿਚ ਧਰਾਏ।
ਇਕ ਦੇ ਕੌਮੀ ਸੇਵਕਾਂ, ਵਿਚ ਨਾਮ ਦਿਸਾਏ।
ਲੋਕਾਂ ਮੁਹਦੇ ਸਾਰ ਹੀ, ਬਹੁ ਜਿਭ ਭੁਲਾਏ।
ਇਕ ਪੰਜਾਬੀ ਗਲ ਜੋ, ਪੂਰੀ ਘਟ ਜਾਏ।
ਨਕੋਂ ਪੂੰਹਜੇ ਗੁਲ ਨੂੰ, ਮਲਿਆਂ ਸੁਖ ਪਾਏ।
ਰਹਿ ਗਈ ਆਸ ਸੁਧਾਰ ਦੀ; ਜੇ ਏਹ ਰਹਾਏ।
ਇਕੋ ਸਿੰਘ ਅਰੂੜ ਸੀ, ਹੁਣ ਛਤੀ ਭਾਏ।
ਪੰਥ ਨ ਏਨ੍ਹਾਂ ਕਿਵੇਂ ਮਨਾਏ ॥ ੧੧ ॥

ਪਉੜੀ

ਕਈ ਪਿਆਰੇ ਗੁਰੂ ਦੇ, ਨਹੀ ਚੁਪ ਰਹਾਏ।
ਉਠੇ ਵਿਚ ਦਿਵਾਨ ਦੇ, ਨਿਰ ਝਕ ਬੁਲਾਏ।
ਸ਼ੇਰਾਂ ਵਾਂਙੂੰ ਗੱਜਕੇ, ਏਹ ਬਚਨ ਸੁਨਾਏ।
ਗੌਰਮਿੰਟ ਕੀ ਅਸਾਂ ਤੇ, ਇਹ ਸ਼ਾਨ ਕਰਾਏ।
ਗੁਰੂ ਖਾਨ ਸੀ ਚਿਰਾਂ ਤੋਂ, ਜਿਸ ਰਖੇ ਦਬਾਏ।
ਹਥੋਂ ਨਹੀਂ ਸੀ ਛਡਦੀ, ਸਨ ਜਫੇ ਪਾਏ।
ਛਡਣ ਵੇਲੇ ਫੇਰ ਵੀ, ਵਿਚ ਲੱਤ ਅੜਾਏ।
ਚੁਣ ਲੈ ਜੀ ਹਜ਼ੂਰੀਏ, ਉਪਕਾਰ ਕਮਾਏ।
ਬਾਪ ਕਮੇਟੀ ਆਪ ਹੀ, ਸਿਖਾਂ ਪਰਚਾਏ।
ਰਹੇ ਪਨਾਲਾ ਓਸ ਥਾਂ, ਇਹ ਦਾਉ ਕਢਾਏ।
ਕਿਹਾ ਪੰਥ ਦਾ ਸੀਸ ਟਿਕਾਏ ॥ ੧੨ ॥

ਪਉੜੀ

ਏਹ ਹੈ ਪੰਥਕ ਮਾਮਲਾ, ਸੋ ਪੰਥ ਸੰਭਾਲੇ।
ਗੌਰਮਿੰਟ ਦਾ ਦਖਲ ਕੀ, ਜੋ ਘੜੇ ਮਸਾਲੇ।
ਆਪੇ ਪੰਥ ਨਿਬੇੜਸੀ, ਗੁਰਮਤ ਦੇ ਚਾਲੇ।
ਚਲੇ ਕਮੇਟੀ ਪੰਥ ਹੀ, ਕਰ ਸੋਚ ਖਿਆਲ।
ਸੋਈ ਗੁਰੂ ਦਵਾਰਿਆਂ, ਹਲ ਕਰੈ ਸੁਵਾਲੇ।
ਮਹਾਂਰਾਜ ਪਰਧਾਨਗੀ, ਨਹੀਂ ਸਕਦੇ ਪਾਲੇ
ਕੈਸੇ ਕੰਮ ਚਲਾਨ ਗੇ, ਰਹਿਕੇ ਪਟਿਆਲੇ।
ਕਈ ਸਿਖਾਂ ਨੇ ਉਠਕੇ ਏਹ ਪ੍ਰਸ਼ਨ ਉਠਾਲੇ
ਇਸ ਵਿਚ ਹਿਸੇ ਬੀਬੀਆਂ, ਬੀ ਲਏ ਸੁਖਾਲੇ।
ਸਚ ਸਚ ਹੀ ਪੰਥ ਨੇ, ਨਿਜ ਰੰਗ ਵਖਾਲੇ।
ਸਿੰਘ ਉਠਣ ਗੇ ਗੁਰ ਦੇ ਬਾਲੇ ॥ ੧੩ ॥

ਪਉੜੀ

ਤਿਨ ਰੋਜ਼ ਦੀਵਾਨ ਸੀ, ਏਹ ਖ਼ੂਬ ਸਜਾਂਦੇ।
ਆਪੋ ਆਪਣੇ ਚਿਤ ਦੇ, ਸਭ ਹਾਲ ਸੁਣਾਂਦੇ।
ਦਿਲ ਤੋਂ ਨੇਕੀ ਪੰਥ ਦੀ, ਹਿਤ ਪਏ ਬੁਲਾਂਦੇ।
ਨਿਕੇ ਵੱਡੇ ਅਕਲ ਦੇ, ਸਭ ਤੀਰ ਚਲਾਂਦੇ।
ਓੜਕ ਨੂੰ ਏਹ ਫੈਸਲੇ, ਹਨ ਪੱਭ ਪਕਾਂਦੇ।
ਪੰਜ ਸਿੰਘਾਂ ਦਾ ਹੋ ਗਿਆ, ਇਕ ਜਥਾ ਤਿਆਰ।
ਸੋਧ ਸਾਰਿਆਂ ਕਰੇਗਾ, ਗੁਰਮਤ ਅਨੁਸਾਰ।

ਸੁੰਦਰ ਸਿੰਘ ਮਜੀਠੀਆ, ਜੋ ਹੈ ਸਰਦਾਰਾ।
ਸੋ ਪ੍ਰਧਾਨ ਵਿਚਾਰਿਆ, ਕਰ ਸ਼ਕੀ ਡਾਰਾ।
ਪਰ ਤਿਸੈ ਲੰਮਬੀ ਸੋਚ ਕੈ,ਇਹਕੀਆਵਿਹਾਰਾ।
ਮਾਫੀ ਮੰਗੀ ਪੰਥ ਤੋਂ, ਗਲ਼ ਅੰਚਲ ਡਾਰਾ।
ਜਿਸ ਕਰ ਉਸਦਾ ਹੋਵੰਦਾ, ਜਸ ਬਹੁਤਾਪ੍ਰਚਾਰਾ।
ਜਥੇਦਾਰ ਸੋ ਥਾਪਿਆ, ਲਖ ਨੀਵਾਂ ਭਾਰਾ ।
ਵੇਖੋ ਨੀਵੇਂ ਹੋਇ ਕੈ, ਕਿਆ ਕਾਜ ਸਵਾਰਾ।
ਭੇਤ ਨ ਲੱਭਾ ਕਿਸੈ ਨੂੰ, ਕੀ ਇਸ ਵਿਚ ਕਾਰਾ
ਚੰਦ ਚੜ੍ਹੇਗਾ ਅੰਤੁ ਨਿਆਰਾ ॥ ੧੭ ॥

ਪਉੜੀ

ਇਸ ਕਰ ਸਭਨਾ ਹੋ ਗਈ, ਚੰਗੀ ਤਕੜਾਈ।
ਸੋਈ ਨਾਮ ਲਿਖਾਵੰਦਾ, ਜੋ ਰਹਿਤ ਰਖਾਈ ।
ਨਿਤ ਨੇਮ ਨੂੰ ਪਾਲਦਾ, ਉਰ ਪ੍ਰੇਮ ਲਗਾਈ ।
ਬਣੀ ਕਮੇਟੀ ਸੁਧ ਹੈ, ਨਹਿ ਗੜ੍ਹ ਬੜ ਕਾਈ ।
ਤਿਜੇ ਦਿਨ ਨੂੰ ਦੇਰ ਹੀ, ਇਕ ਰੰਗ ਦਿਸਾਈ।
ਸੁੰਦਰ ਸਿੰਘ ਸਰਦਾਰ ਨੇ, ਆਬਿਨਤੀ ਗਾਈ।
ਮੈਥੋਂ ਇਹ ਪ੍ਰਧਾਨਗੀ, ਨਹਿ ਜਾਨਭਨੀ ਭਾਈ ।
ਦੇ ਅਸਤੀਫਾ ਤੁਰਤ ਹੀ, ਨਹਿ ਦੇਰ ਕਰਾਈ।
ਹੱਕੇ ਬੱਕੇ ਰਹਿ ਗਏ, ਸੁਭ ਏਨ ਭਕਾਈ।
ਗਲਾਂ ਕਈ ਵਿਚਾਰ ਦੇ, ਚਿਤ ਖਿਆਲ ਉਠਾਈ

ਅਸਲ ਗਲ ਨ ਕਿਸੈ ਲਖਾਈ ॥ ੧੯ ॥

ਪਉੜੀ

ਸੁੰਦਰ ਸਿੰਘ ਸਰਦਾਰ ਦੀ, ਹੁਨ ਤੁਰੀ ਕਹਾਨੀ।
ਜਗਾ ਜਗਾ ਸਿੰਘ ਸੋਚਦੇ, ਕਰ ਕਰ ਉਨਮਾਨੀ।
ਦੈ ਅਸਤੀਫਾ ਤੁਰਤ ਕਿਉਂ, ਛੋਡੀ ਪਰਧਾਨੀ।
ਕੀ ਸੇਵਾ ਗੁਰਦੁਵਾਰਿਆਂ, ਨਹੀ ਕਰਨ ਸੁਖਾਨੀ
ਕਈ ਦਿਨਾ ਤੋਂ ਲੀਡਰੀ, ਕਰ ਰਿਹਾ ਮਹਾਨੀ।
ਇਸਦੇਵਿਚ ਕੁਝ ਗਲ ਹੈ, ਨਹੀ ਜਾਇ ਪਛਾਨੀ
ਜਾਨਣ ਵਾਲੇ ਜਾਨ ਦੇ, ਏਹ ਸਾਚੀ ਬਾਨੀ।
ਆਸ ਲਗੀਹੁਨ ਹੋਰ ਹੀ, ਗੁਰ ਸੇਵ ਨ ਛਾਨੀ।
ਛੱਤੀ ਰਹਿਸਨ ਮੈਂਬਰਾਂ, ਜੋ ਏਹ ਬਨਾਂਦੇ।
ਛੱਤੀ ਰੋਰ ਰਲਾਵਣੇ, ਏਹ ਸਭ ਨੂੰ ਭਾਂਦੇ।
ਅੰਮ੍ਰਿਤਸਰ ਗੁਰਧਾਮ ਦੀ, ਸੇਵਾ ਭੁਗਤਾਂਦੇ।
ਤਾਰਨ ਤਰਨ ਸੁ ਨਾਲ ਹੀ, ਗੁਰ ਧਾਮ ਰਲਾਂਦੇ।
ਤਿਜਾ ਬਿਰਧ ਅਟਲ ਜੀ, ਨਹੀ ਜੁਦਾ ਰਹਾਂਦੇ।
ਸਭੈ ਸਮਝੀ ਏਹ ਜਤਾਂਦੇ ॥ ੧੬

ਪਉੜੀ

ਜਿਲੇ ਵਾਰ ਪੜਤਾਲ ਕੇ, ਏਹ ਕਾਰਜ ਕਰਨਾਂ।
ਗਿਨਤੀ ਸਿਖਾਂ ਵੇਖ ਕੇ, ਰਖਗੁਰਦਾ ਪਰਨਾਂ
ਇਕ ਸੌ ਤੇ ਚਾਰ ਹੈ, ਤਿਸ ਅੰਦਰ ਭਰਨਾ।

ਗੁਰੂ ਧਾਮ ਸਭ ਹਿੰਦਦੇ, ਸਾਂਭੇ ਰਖ ਸਰਨਾਂ।
ਠੰਡਾ ਤੱਤਾ ਏਸ ਨੇ, ਸਭ ਆਪੇ ਜਰਨਾਂ।
ਗੁਰ ਧਾਮਾਂਦੀ ਸੇਵ ਤੇ ਭਵ ਸਾਗਰ ਤਰਨਾਂ
ਗੁਰਮੱਤਾਂ ਪਰਚਾਰਕੇ, ਮਨ ਮੱਤਾਂ ਹਰਨਾਂ।
ਮੈਂਬਰ ਸੋਈ ਬਨੇਗਾ, ਜਿਸ ਗੁਰੂ ਤੇ ਭਰਨਾਂ।
ਜੋ ਬੇ ਮੁਖ ਹੋਇ ਗੁਰੂ ਤੋਂ, ਮਟ ਨਰਕੇ ਪਰਨਾਂ।
ਇਕ ਸਾਂਝ ਹੈ ਸਾਰਿਆਂ, ਹੈ ਏਹੋ ਫਰਨਾਂ।
ਸਤਿ ਗੁਰ ਪੂਰਾ ਨਿਤ ਸਿਮਰਨਾ ॥੧੫॥

ਪਉੜੀ

ਜਦੋਂ ਕਮੇਟੀ ਹੋ ਗਈ, ਸ਼ਣਨੀ ਪਰਵਾਨੇ।
ਮੈਂਬਰ ਇਕ ਸੋ ਚਾਰ ਦੀ, ਸਭ ਕਹੇਂ ਸਿਆਨੇ
ਉੱਠੇ ਤਖਤ ਅਕਾਲ ਤੋਂ, ਤਿਰ ਹੁਕਮ ਚੜ੍ਹਾਨੇ
ਮੈਂਬਰ ਸੋਈ ਹੋ ਸਕੇ, ਏਹ ਨਿਸਚਾ ਜਾਨੇ।
ਰਹਿਤ ਗੁਰੂ ਦੀ ਰਖਦਾ, ਨਿਤ ਨੇਮ ਕਰਾਨੇ।
ਪਹਿਲਾਂ ਕਰ ਪੜਤਾਲ ਨੂੰ, ਤਦ ਨਾਮ ਲਿਖਾਨੇ।
ਆਪੋ ਆਪਨੇ ਜ਼ਿਲੇ ਤੋਂ ਸਭ ਕਰੋ ਬਤਾਨੇ।
ਵਖੋ ਵਖ ਤਿਆਸਤਾਂ, ਕਰ ਦਿਓ ਬਖਾਨੇ।
ਜਥਾ ਫੇਰ ਪੜਤਾਲੀਆ. ਕਰ ਸੋਧ ਮਹਾਨੇ।
ਲੱਗੇ ਨਾਮ ਲਿਖਾਵਣੇ, ਨਹੀ ਢਿਲ ਲਗਾਨੇ।
ਹੁਨ ਅਗੇ ਦੇ ਕਰੋ ਧਿਆਨੇ ॥੧੬॥

ਪਉੜੀ

ਰਾਜੀਕਰ ਲਿਆ ਕੌਮਨੂੰ, ਮੰਗ ਮਾਫੀ ਆਨੀ।
ਜਿਸ ਤੇ ਕਾਰਜ ਸੋਰਨਾਂ, ਏਹੋ ਗਲ ਜਾਨੀ।
ਮਿਲੈ ਵਜੀਰੀ ਹੁਨ ਮਨ ਮਾਨੀ ॥ ੧੯ ॥

ਪਉੜੀ

ਜਥੇਦਾਰ ਜਦ ਹਟ ਗਿਆ, ਹੋ ਜਾਇ ਕਨਾਰੇ।
ਹੁਨ ਰਲ ਕੌਮੀ ਸੇਵਕਾਂ, ਗੁਰਮਤੇ ਵਿਚਾਰੇ।
ਲੀਡਰ ਜੋ ਸਨ ਕੁਦਰਤੀ, ਹੋ ਗਏ ਨਿਕਾਰੇ।
ਕੌਮੀ ਸੇਵਾ ਕਠੱਣ ਹੈ, ਨਹੀ ਕੰਮ ਸੁਖਾਰੇ।
ਦੇ ਦੇ ਧੋਖੇ ਪੰਥ ਨੂੰ, ਚਹਿ ਡੀਗਾਂ ਮਾਰੇ।
ਲੈ ਲੈ ਨਾਮ ਸ਼ਹੀਦੀਆਂ, ਕਰ ਸ੍ਵਾਰਥ ਭਾਂਰੇ
ਹੁਨ ਨਹੀ ਐਸੇ ਲੋੜੀਏ, ਏਹ ਸਮੈ ਨਿਆਰੇ।
ਹੁਨ ਸੇਵਕ ਨਿਰਮਾਨ ਜੋ, ਕਰ ਹੈਂ ਪਰਚਾਰੇ।
ਝੋਲੀ ਚਕ ਤੇ ਚਾਪ ਲੂਸ, ਨਾਹੀ ਦਰਕਾਰੇ।
ਜਾਨ ਤਲੀ ਜੋ ਰਖਦੇ, ਗੁਰ ਸਿਖ ਪਿਆਰੇ।
ਹੰਸ ਪਾਨੀਓ ਦੁਧ ਨਿਤਾਰੇ ॥ ੨੦ ॥

ਪਉੜੀ

ਸੁੰਦਰ ਸਿੰਘ ਸਰਦਾਰਜੋ, ਗੁਰ ਜੀ ਦਾ ਪਿਆਰਾ।
ਗੜ੍ਹੀਆ ਰਾਮ ਸਦਾਵੰਦਾ, ਅਰ ਸੁਧਾ ਅਗਾਰਾ।
ਸਾਂਤ ਰੂਪ ਗੁਰ ਭਗਤ ਹੈ, ਗੁਣ ਵੰਤ ਅਪਾਰਾ।

ਜਸਾ ਸਿੰਘ ਸਰਦਰ ਦੀ, ਹੈ ਬੰਸ ਅਫ਼ਾਰਾ।
ਭੋਗ ਗੁਰ ਦੇ ਚਰਨ ਦਾ, ਮਸਤਾਨਾ ਭਾਰਾ।
ਰਾਗ ਵੈਖੋਂ ਬਾਹਿਰਾ, ਸਭ ਦਾ ਹਿਤਕਾਰਾ।
ਸੇਵਾ ਗੁਰ ਦੀ ਲੋੜ ਦਾ, ਨਿਰ ਦੋਤ ਸੁਵਾਰਾ।
ਮੈਨੇਜਰ ਸੀ ਥਾਪਿਆ, ਤਿਸ ਨੂੰ ਸਰਕਾਰਾ।
ਸੋਈ ਕਮੇਟੀ ਮੰਨਿਆਂ, ਪਰਧਾਨ ਵਿਚਾਰਾ।
ਸੀਨਿਰਮਾਨ ਸਦੀਵਹੀ, ਨਾਹੀ ਹੰਕਾਰਾ।
ਸੇਵਾ ਕਰਸੀ ਪ੍ਰੇਮ ਸੁਧਾਰਾ।

ਪਉੜੀ

ਸਭ ਬਿਧ ਪੂਰੀ ਹੋਗਈ, ਹੁਨ ਕਾਰ ਗੁਜ਼ਾਰੀ।
ਲਗੀ ਸੋਧ ਗੁਰ ਥਾਮਦੀ, ਹੋਵਨ ਇਕ ਸਾਰੀ।
ਪੰਜ ਨਿਕਾ ਲੇਤੁਰਤ ਹੀ, ਫੜ ਓਹ ਪੁਜਾਰੀ।
ਵਿਚ ਹਰਿ ਮੰਦਰ ਕਰਹ ਹੈ,ਜੋ ਸਨ ਬਦਕਾਰੀ।
ਖੋਟੇ ਖਰੇ ਪਛਾਨ ਦੀ, ਹੁਨ ਆਈ ਵਾਰੀ।
ਵਿਚ ਹਰਿ ਮੰਦਰ ਖ਼ਾਲਸੇ, ਏਹ ਰੀਤ ਬਿਥਾਰੀ।
ਕੋਈ ਨ ਅੰਦਰ ਆਵੰਦਾ, ਖੋਟਾ ਬਿਭ ਚਾਰੀ।
ਸਚੁ ਥਾਂਨ ਗੁਰ ਸੋਭ ਦਾ, ਹੁਨ ਅਪਰਅਪਾਰੀ।
ਸਤਿ ਗੁਰ ਆਪ ਸੁਵਾਰਿਆ,ਬਹੁਕਿਰਪਾਧਾਰੀ।
ਹੁਨ ਚਲ ਵੇਖੋ ਬਾਹਰ ਦੇ, ਜੋ ਗੁਰੂ ਦੁਵਾਰੀ।
ਏਹ ਕਮੇਟੀ ਗਲ ਵਿਚਾਰੀ॥ ੨੨ ॥ ੧੩॥

੧ ਓ ਸਤਿ ਗੁਰ ਪ੍ਰਸਾਦਿ।

# ਬਾਬੇ ਦੀਬੇਰਿ ਸਾਹਿਬ

ਦੋਹਰਾ

ਜਿਉ ਬਾਬੇ ਦੀ ਬੇਰਤੇ, ਸਿੰਘ ਪੁਜਦੇ ਜਾਇ।
ਹੋਲਾਖੁ ਬਮੁਕਾਬਲਾ,ਸੋਸਭ ਦਿਆਂਸੁਨਾਇ।੧॥

ਪਉੜੀ

ਸ੍ਰੀ ਗੁਰੂ ਨ ਨਕ ਦੇਵ ਜੀ, ਲੋਕਾਂ ਹਿਤ ਕਾਰੀ।
ਹਿੰਦੂ ਮੁਸਲਮਾਨ ਲੌ,ਸਭਦੁਨੀਆਂ ਪਿਆਰੀ।
ਕਟੇ ਬੰਧਨ ਸਾਰਿਆਂ, ਇਕੋ ਅਨੁਸਾਰੀ।
ਸਭੈ ਜਾਨਨ ਆਪਣਾਂ, ਕਰ ਸਰਧਾ ਭਾਰੀ।
ਸਤਿ ਗਰ ਸਚਾ ਪਾਤਸ਼ਾਹ, ਵਡਾ ਉਪਕਾਰੀ।
ਦੋ ਤਿਨ ਚੱਕਰ ਲਾਇ ਕੈ, ਸ੍ਰਿਸ਼ਟੀ ਹੀ ਤਾਰੀ।
ਇਕ ਆਕਾਲ ਜਪਾਵੰਦੇ, ਕਰਕੇ ਪਰਚਾਰੀ।
ਵਹਿਮ ਨ ਛੱਡੇ ਕਿਸੈ ਦੇ, ਏਹ ਖੂਬੀ ਭਾਰੀ।
ਕਲਿ ਜੁਗ ਅੰਦਰ ਆਵੰਦੇ,ਪੂਰਨ ਅਵਤਾਰੀ।
ਘਲੇ ਆਪ ਅਕਾਲ ਨੇ, ਦੈ ਜ਼ੁਮੇਵਾਰੀ।
ਧੰਨ ਸਤਿ ਗੁਰ ਮੈਂ ਬਲਿਹਾਰੀ॥ ੨॥

ਪਉੜੀ।

ਪੁਜੇ ਕੱਟ ਸਿਆਲ ਜਾਂ, ਦੌੜੇ ਇਕ ਵਾਰੀ।
ਮੂਲਾ ਏਬ ਲਾਲਚੀ, ਤਿਮ ਹੋਤ ਉਧਾਰੀ।
ਦੂਜਾ ਹਮਜ਼ਾ ਗੌਂਸ., ਵਡਾ ਹੈਕਾਰੀ।
ਸਤਿ ਗੁਰ ਦੁਹਾਂ ਉਧਾਰਨਾ,ਏਹ ਮਨਸਾਧਾਰੀ
ਬੈਠੇ ਨਗਰੋਂ ਬਾਹਰ ਆਇ,ਥਾਂ ਖੂਬ ਨਿਹਾਰੀ।
ਨੇੜੇ ਹਮਜ਼ਾ ਗੌਂਸ ਦੇ, ਗੁਰ ਆਸਣ ਮਾਰੀ।
ਹੇਠਾਂ ਬੇਰੀ ਇਕ ਦੇ, ਧਰ ਪੁਜੇ ਸਾਰੀ।
ਹੁਨ ਤੀਕਰ ਸੋ ਦਿਸਦੀ, ਮਨ ਮੋਹਨ ਹਾਰੀ।
ਸੁੰਦਰ ਓਥੇ ਬਣ ਰਿਹਾ, ਅਜ ਗੁਰੂ ਦੁਵਾਰੀ।
ਨਾਲ ਓਸ ਅਸਥਾਨ ਦੇ, ਹੈ ਵਿਰਸਾ ਭਾਰੀ।
ਹੈ ਪ੍ਰਸਿਧ ਜਗਤ ਵਿਚਕਾਰੀ ॥ ੩ ॥

ਪਉੜੀ

ਸੀ ਸ਼ਹੀਦਾਂ ਮਿਸਲ ਦਾ, ਉਘਾ ਸਰਦਾਰਾ।
ਸਚਾ ਸਿਖ ਸਦਾਵੰਦਾ, ਗੁਰ ਸੇਵਕ ਭਾਰਾ।
ਰਹਿੰਦਾ ਕੋਟਸਿਆਲ ਸੀ, ਸ਼ਹੀ ਵਰਤਾਰਾ।
ਨਾਲ ਏਸ ਅਸਥਾਨ ਦੇ, ਬਦਲੇ ਉਪਕਾਰਾ।
ਵਿਰਸਾ ਸੋਂਞੀ ਲਗਾਵੰਦਾ,ਬਹੁ ਚਿਤ ਉਦਾਰਾਂ।
ਨੰਗਰ ਚਲੇ ਗੁਰੂ ਕਾ, ਖਾਵੈ ਨਰ ਨਾਰਾ।
ਪਹਿਲਾਂ ਰਹੇ ਮਹੰਤ ਵੀ, ਚੰਗੇ ਗੁਣਵਾਰਾ।

ਓੜਕ ਸਿੰਘ ਪ੍ਰੇਮ ਸੀ, ਬਹੁ ਨੇਕ ਅਚਾਰਾ।
ਧਰਮ ਮੂਰਤੀ ਦਿਸਦਾ, ਗੁਰਮਤ ਪਿਆਰਾ।
ਲੰਗਰ ਲਾਈ ਰਖਦਾ, ਨਹੀ ਸੰਕਾ ਧਾਰਾ;
ਸਦਾ ਸਰਬ ਹਿਤ ਵਰਤਣ ਹਾਰਾ ॥ ੪ ॥

ਪਉੜੀ

ਕੀਤਾ ਸਿੰਘ ਪ੍ਰੇਮ ਨੇ; ਇਕ ਰੋਜ਼ ਧਿਆਨਾਂ।
ਤਦ ਹੀ ਸਿੰਘਹਰਨਾਮਨੂੰ,ਨਿਜਥਾਨ ਟਿਕਾਨਾਂ
ਚੰਗਾ ਓਸ ਖਿਆਲ ਸੀ, ਦਿਸੈ ਗੁਣ ਵਾਨਾਂ।
ਕਾਲ ਖੇਲੀ ਸਿਰ ਓਸਦੇ, ਆ ਤੁਰਤ ਗਜਾਨਾ।
ਪਿਛੈ ਲੜਕਾ ਓਸਦਾ, ਰਹਿ ਗਿਆ ਨਿਦਾਨਾਂ।
ਗੱਦੀ ਓਸ ਬਿਠਾਲਦੇ, ਕੁਝ ਲੋਕ ਪਛਾਨਾਂ।
ਕਾ ਓਹਕਾਰਜ ਕਦਸਕੇ, ਨਹੀ ਕਛੂ ਗਿਆਨਾਂ।
ਕੰਮ ਵਿਗੜਿਆ ਆਨਕ,ਤਦ ਹੁਰ ਅਸਥਾਨਾਂ
ਮਚਨ ਲਗੀ ਖੇਡ ਹੁਣ, ਆ ਬਣੇ ਬਹਾਨਾਂ।
ਲੋੜ ਵੇਖ ਕੇ ਹੋਣ ਹਿਰਾਨਾ ॥ ੫ ॥

ਪਉੜੀ

ਛੋਟੇ ਏਸ ਮਹੰਤ ਦੀ, ਜੋ ਹੈਸੀ ਮਾਈ।
ਫਿਕਰ ਪੈ ਗਿਆ ਓਸ ਨੂੰ, ਰਹੀ ਸੋਚ ਦੁੜਾਈ।
ਪੈਸਾ ਜੋਇ ਜਗੀਰ ਦਾ,ਨਹਿ ਬ੍ਰਿਥਾ ਜਾਈ।
ਲਿਆ ਕੰਮ ਹਥ ਆਪਣੇ, ਨਹਿ ਸਕੇ ਚਲਾਈ।

ਹੋਰ ਸੁਝੀ ਹੁਨ ਆਨਕੇ, ਉਸ ਨੂੰ ਚਤਰਾਈ।
ਜਿਉ ਜਿੰਦਾਂ ਹਥ ਡੋਗਰੇ, ਸਭ ਵਾਗ ਫੜਾਈ।
ਨਾਸ ਕਰ ਲਿਆ ਆਪਣਾ, ਪਿਛੋਂ ਪਛੋਤਾਈ।
ਸੋਈਓ ਰਸਤਾ ਇਸ ਨੇ, ਹੁਣ ਫੜਿਆ ਆਈ।
ਵੈਰੀ ਜਾਨਿਆਂ ਪੰਥ ਨੂੰ, ਹੈ ਬੁਧਿ ਨਸਾਈ।
ਨਾਰਦ ਨਚਿਆਆਨਕੇ, ਸਿਰ ਕਲਹਿ ਚੜ੍ਹਾਈ।
ਕਰਨ ਲਗੀ ਹੈ ਪੁਜ ਖੁਟਾਈ।

ਪਉੜੀ

ਰਾਮ ਜਿਹੇ ਭਰਮਾਲਏ, ਭਾਵੀ ਅਵਤਾਰੀ।
ਪਿਛੈ ਸੋਨੇ ਮਿਰਗ ਦੇ, ਤੁਰਿਆ ਧਨ ਧਾਰੀ।
ਫਿਰ ਰਾਵਨ ਨੂੰ ਮਾਰਦੀ, ਤੜਕੇ ਪਰ ਨਾਰੀ।
ਚੰਦ ਕਲੰਕ ਲਵਾਲਿਆ, ਬੁਧ ਕੈਸੀ ਮਾਰੀ।
ਨਾਰਦ ਕੰਸ ਬਤਾਵੰਦਾ, ਕਰਕੇ ਹੁਸ਼ਿਆਰੀ।
ਉੜਕ ਮੋਜਾ ਕ੍ਰਿਸ਼ਨ ਤੋਂ, ਏਹ ਖੇਡ ਨਿਆਰੀ।
ਨਾਸ ਕਰਾਵੈ ਕੈਰਵਾਂ, ਵੱਡੇ ਹੰਕਾਰੀ।
ਜਾਦਵ ਡੋਬੇ ਮਸਖਰੀ, ਰਿਖਗਿਰਾ ਉਚਾਰੀ।
ਬਾਨ ਕ੍ਰਿਸਨ ਨੂੰ ਵੱਜਿਆ, ਜੰਗਲ ਵਿਚ ਕਾਰੀ।
ਭੀਲਾ ਆਕੇ ਲੁੱਟਿਆ, ਅਰਜਨ ਬਲਿ ਕਾਰੀ।
ਭਾਵੀ ਡਾਢੀ ਟਰੈ ਨ ਟਾਰੀ॥ ੭ ॥

ਪਉੜੀ।

ਮੂਰਖ ਨਾਰਾਂ ਡਾਢੀਆਂ, ਬੁਰੀਆਂ ਬੁਰਿਆਰੇ ।
ਨੇਕੀ ਬਦੀ ਨ ਸੋਚਣੀ, ਏਨ੍ਹਾਂ ਵਰਤਾਰੇ ।
ਬਾਦਸ਼ਾਹੀ ਕੁਲ ਡੋਬਦੇ, ਜਿੰਦਾ ਦੇ ਕਾਰੇ ।
ਨਾਸ ਕਰਾਯਾ ਪੰਥ ਦਾ, ਕਰ ਵੀਰ ਪਿਆਰੇ ।
ਛੱਡ ਕੇ ਭਰਥਰਿ ਜਿਗਾਂ ਨੂੰ, ਹਥਵਾਨ ਚਿਤਾਰੇ।
ਪਤੀਆਂ ਨੇਕ ਵਿਸਾਰ ਕੈ, ਜਾ ਨੀਚ ਦੁਵਾਰੇ ।
ਫਿਰਨ ਘਰੋ ਘਰ ਭੋਦੀਆਂ,ਹਿਤ ਮੰਦ ਵਿਹਾਰੇ ।
ਮਨ ਦੀ ਖੁਸ਼ੀ ਮਨਾਦੀਆਂ, ਸੁਤ ਗੋਦੀ ਮਾਰੇ ।
ਲਾਜ ਨ ਆਲੇਪਿਛਲਿਆਂ,ਸਭਸਾਕ ਨਿਵਾਰੇ।
ਖੇਹ ਪੌਨ ਸਿਰ ਸਾਰਿਆਂ, ਹਠ ਕਦੇ ਨ ਹਾਰੇ ।
ਜੋ ਹਨ ਨੇਕ ਇਨ੍ਹਾਂ ਬਲਿਹਾਰੇ ॥ ੮ ॥

ਪਉੜੀ

ਸਭੈ ਚੀਜਾਂ ਵਿਕਦੀਆਂ, ਮੁਲ ਪੈਣ ਸੁਭਾਰੇ ।
ਮੁਲ ਨਹੀ ਕੁਝ ਨਾਰ ਦਾ, ਏਹ ਨੀਤਿ ਪੁਕਾਰੇ
ਪੀਰ ਪਕੰਬਰ ਔਲੀਏ, ਰਿਖ ਮੁਨ ਅਵਤਾਰੇ ।
ਪਾਤਸ਼ਾਹ ਸ਼ਾਹ ਸੂਰਮੇਂ, ਜਿਤਨੇ ਸੰਸਾਰੇ ।
ਸਭ ਹੀ ਪੈਦਾ ਨਾਰਿ ਤੋਂ, ਚਮਕਨ ਉਜਿਆਰੇ ।
ਕਈ ਸ਼ਹੀਦਾਂ ਜਣਦੀਆਂ, ਜੋ ਕੌਮਿ ਪਿਆਰੇ ।

ਦਾਨੇ ਦਾਤੇ ਸੀਲ ਧਰ, ਬੇਂਗਿਨਤ ਅਪਾਰੇ।
ਨਾਰਾਂ ਨਾਹੀ ਮੰਦੀਆਂ, ਕਿਸ ਹੀ ਪਰਕਾਰੇ।
ਕਣਕਾਂ ਵਿਚ ਰੰਢੇਲ ਜਿਉ, ਜਗ ਜਾਂਣਨਸਾਰੇ।
ਤਿਉ ਜੋ ਹੋਵਣ ਮੰਦੀਆਂ, ਸਭ ਹੀ ਦੁਰਕਾਰੇ।
ਦੋਸ ਨ ਕੋਈ ਇਸ ਵਿਚਕਾਰੇ ॥ ੯ ॥

ਪਉੜੀ

ਮਾਈ ਏਸ ਮਹੰਤ ਦੀ, ਕੀ ਕੰਮ ਕਰਾਯਾ।
ਮਨ ਮਤੀਆ ਇਤ ਸਦਕੇ, ਮੁਖਤਾਰ ਬਨਾਯਾ।
ਪਤਤਿ ਹੋਯਾ ਜੋ ਸਿਖੀਓਂ, ਸਿਰ ਮੂੰਹ ਮਨਾਯਾ।
ਰੰਡਾ ਸਿੰਘ ਸਦਾਵੰਦਾ, ਬਹੁ ਧਨੀ ਕਹਾਯਾ।
ਮੈਨੇਜਰ ਗੁਰ ਥਾਨ ਦਾ, ਸੋਈ ਸਦਵਾਯਾ।
ਗੁਰ ਆਸੇ ਦੇ ਉਲਟ ਸੀ, ਗੁਰਮਤ ਨ ਭਾਯ।
ਵੜੀ ਕਰੀਤੀ ਆਨਕੇ, ਭਾਣਾ ਵਰਤਾਯਾ।
ਕਿਸੈ ਨ ਨਾਨੀ ਏਸ ਨੂੰ, ਵੇਖੋ ਸਮਝਾਯਾ।
ਫੜਦੀ ਪੱਲਾ ਪੰਥ ਦਾ, ਜੋ ਰਖੇ ਬਚਾਯਾ।
ਮਨ ਮਤੀਏ ਘਤ ਜਾਲੀਆਂ,ਨਿਜਹਥ ਫਸਾਯਾ।
ਆਪ ਆਪਣਾ ਨਾਸ ਕਰਾਯਾ ॥ ੧੦ ॥

ਪਉੜੀ

ਕਈ ਦਿਨਾਂ ਤੋਂ ਖਾਲਸੇ, ਰਹਿ ਸ਼ਾਨ ਪੁਕਾਰੇ।
ਲੈਣੇ ਹਥ ਸੁਚਾਹੀਦੇ, ਹਨ ਗੁਰੂ ਦੁਵਾਰੇ।

ਜਿਸ ਤੋਂ ਕਰੀਏ ਸੋਧਕੇ, ਵਿਚ ਤਿਨ੍ਹਾਂ ਸੁਧਾਰੇ ।
ਗੁਰੂ ਮਤ ਦਾ ਹੋਇਗਾ, ਚੰਗਾ ਪਰਚਾਰੇ ।
ਪਰ ਸੀ ਬਿਰਧ ਮਹੰਤ ਦੇ, ਨੇਕੀ ਵਰਤਾਰੇ ।
ਜਾਣੇ ਸਭ ਕੁਝ ਗੁਰੂ ਦਾ ਹੰਕਾਰ ਨਿਵਾਰੇ ।
ਸੇਵਕ ਬਨਿਆਂ ਪੰਥ ਦਾ, ਰਹਿੰਦਾ ਹਿਤ ਧਾਰੇ ।
ਇਸਕਰ ਪੰਥ ਨ ਵੇਖ ਦਾ, ਇਸ ਵਲ ਕਦਾਰੇ।
ਹੁਣ ਤਾਂ ਵਿਗੜੀ ਗਲ ਆ, ਸਭ ਉਲਟੇ ਕਾਰੇ
ਭਲਾ ਵੇਖ ਕੇ ਖਾਲਸਾ, ਕਦ ਸਕੇ ਸਹਾਰੇ
ਝਟ ਪਟ ਹੀ ਕਰੇ ਤਿਆਰੇ ॥ ੧੧ ॥

ਪਉੜੀ

ਖਬਰ ਪੁਜਾਈ ਖਾਲਸੇ, ਏਹ ਸੋਚ ਕਰਾਨੀ ।
ਅਗੇ ਕਾਬਜ਼ ਦਿਸਦੇ, ਦੇ ਬਾਲ ਜਨਾਂਨੀ ।
ਮਨ ਮਤੀਆ ਵਿਚਤੀਸਰਾ,ਜੁੜ ਗਈ ਸ਼ਿਤਾਨੀ।
ਰਾਵਲ ਮੁੰਡੇ ਰੰਨ ਨੂੰ, ਏਹ ਨੀਤਿ ਬਖਾਨੀ।
ਤਿਨੈ ਕਾਰਨ ਦਿਸਦੇ, ਹਿਤ ਕਾਰਨ ਵਿਰਾਨੀ।
ਮਨ ਮਤੀਏ ਨੂੰ ਕੱਢ ਦਿਓ,ਕਹਿੰਦੇ ਸਿਖ ਬਾਨੀ।
ਅਗੋਂ ਇਕ ਨ ਮੰਨ ਦੇ, ਕਰ ਉਲਟੀ ਜਾਨੀ ।
ਦਿਤਾ ਠੋਕ ਜੁਵਾਬ ਨੇ, ਭਰਿਆ ਅਭਿਮਾਨੀ ।
ਸੋ ਸਭ ਸਿਖਾਂ ਸੁਨਲਿਆ,ਪਰ ਸਾਂਤ ਰਖਾਨੀ ।
ਹੁਨ ਹਿਮਤ ਹੀ ਲੋੜੀਏ,ਏਹ ਮਸਲਤ ਠਾਨੀ ।

## ਓਟ ਗੁਰੂ ਦੀ ਇਕ ਤਕਾਨੀ ॥ ੧੨ ॥

### ਪਉੜੀ

ਅਮਰ ਸਿੰਘ ਸਰਦਾਰ ਜੋ, ਹਿਤ ਆਪ ਵਿਹਾਰਾ।
ਕਹਿੰਦੇ ਲੋਕ ਝਬਾਲੀਆ, ਗੁਰ ਸਿਖ ਪਿਆਰਾ।
ਬੀਜ ਲੈਣ ਹਿਤ ਆਲੂਆਂ, ਹੋ ਘਰੋਂ ਤਿਆਰਾ।
ਪੁਜਾ ਕੋਟ ਸਿਆਲ ਸੀ, ਚਿਤ ਨਿਸਚਾ ਭਾਰਾ।
ਪਹਿਲਾਂ ਗੁਰ ਅਸਥਾਨ ਦਾ, ਕਰ ਲਵਾਂ ਦੀਦਾਰਾ
ਜਾਕੇ ਓਥੇ ਦੇਖਦਾ, ਸਭ ਹੀ ਵਰਤਾਰਾ।
ਮਨਮਤ ਹੁੰਦੀ ਵੇਖਕੇ, ਕਰ ਹਾਹਾ ਕਾਰਾ।
ਬੈਠਾ ਧਾਰਨਾਂ ਮਾਰਕੈ, ਰਖ ਗੁਰੂ ਸਹਾਰਾ।
ਜਿਉਂ ੨ ਖਬਰਾਂ ਪੁਜੀਆਂ, ਸਭ ਦੇਸ਼ ਮਝਾਰਾ
ਪੁਜੇ ਅਕਾਲੀ ਸੈਂਕੜੇ ਨਹੀਂ ਲਾਵਨ ਬਾਰਾ
ਵੇਖੋ ਕੈਸਾ ਅਜਬ ਨਿਜ਼ਾਰਾ ॥ ੧੩ ॥

### ਪਉੜੀ

ਪਹਿਲਾਂ ਪੱਟੀ ਦੱਸਦੇ, ਗੁਰ ਨਾਨਕ ਜੋਈ।
ਤੁਰੇ ਘਰੋਂ ਜਦ ਵਣਜ ਨੂੰ, ਪਿਤ ਹੁਕਮ ਕਰੋਈ
ਕਰਨਾ ਸੌਦਾ ਲਾਹੇ ਦਾ, ਨਹਿ ਘਾਟਾ ਹੋਈ।
ਸੋਈ ਸਿਖ ਵਿਚਾਰਿਆ, ਗੱਲ ਹੋਰ ਨ ਕੋਈ।
ਗੁਰਮਤ ਆਲੂ ਬੀਜਨੇ, ਏਹ ਚਿਤ ਵਸੋਈ।
ਖਰਾ ਸੌਦਾ ਸਿਖ ਕਰ ਲਿਆ, ਸਭ ਲੋਕ ਸਨੋਈ

ਹੁਨ ਤਾ ਸਾਖੀ ਹੋਰ ਬੀ, ਆ ਬਹੁਤ ਰਲੋਈ ।
ਖੜਕ ਸਿੰਘ ਸਰਦਾਰਜੋ, ਮਿਲਦਾ ਹਰਖੋਈ ।
ਭਟ ਗਏ ਦੋਵੇਂ ਸੂਰਮੇਂ, ਕੌਣ ਸਕੇ ਹਿਲੋਈ ।
ਸਾਂਭ ਲਿਆ ਗੁਰਧਾਮ ਨੂੰ, ਜਾਨੇ ਸਭ ਲੋਈ ।
ਗੁਰੂ ਖਾਲਸੇ ਵਜ ਵਜੋਈ ॥ ੧੪ ॥

ਪਉੜੀ

ਹੁਨ ਮਨ ਮਤੀਏ ਜਾਇਕੈ, ਢਕਵੰਜ ਰਚਾਯਾ ।
ਲੈਕੇ ਬਾਲ ਮਹੰਤ ਨੂੰ, ਨਿਜ ਗੋਦ ਬਠਾਯਾ ।
ਨਾਲੇ ਉਸਦੀ ਮਾਈ ਨੂੰ, ਬਹੁਤਾ ਭਰਮਾਯਾ ।
ਮੈਂ ਹਾਂ ਰਾਖਾ ਤੁਸਾਂ ਦਾ, ਸਭ ਸਚ ਸੁਨਾਯਾ ।
ਵੇਖੋ ਸਿਖਾਂ ਆਨ ਕੇ, ਕੀ ਕਹਿਰ ਕਮਾਯਾ ।
ਪਕੜ ਅਸਾਨੂੰ ਕਢਿਆ, ਹੈ ਜ਼ੋਰ ਵਖਾਯਾ ।
ਇਸ ਵਿਚ ਸਾਡਾ ਰਿਹਾ ਕੀ, ਰੋ ਨੀਰ ਵਹਾਯਾ ।
ਹਿੰਮਤ ਕੀਤੇ ਬਨੇਗਾ, ਸਭ ਕੁਝ ਸਮਝਾਯਾ ।
ਪਟੀ ਖੋਟੀ ਚਾਹੜ ਕੇ, ਹੁਨ ਚਹੇ ਨਚਾਯਾ ।
ਰਹਿੰਦਾ ਖੂੰਹਦਾ ਮਾਨਵੀ, ਸਭ ਬਹਿਨ ਗੁਵਾਯਾ
ਮਨ ਮਤੀਏ ਕੀ ਜਾਲ, ਵਛਾਯਾ ॥ ੧੫ ॥

ਪਉੜੀ

ਹੱਕ ਆਪਣੇ ਵਾਸਤੇ, ਲੜਨਾ ਸੁਖਦਾਈ ।
ਹੱਕ ਲਈ ਸਿਰ ਜਾਵੇ ਦੈ, ਤਲਵਾਰਾਂ ਖਾਈ ।

ਹੱਕ ਰਖਦੇ ਸੂਰਮੇਂ, ਬਲ ਬਾਹਵਾਂ ਲਾਈ।
ਹੱਕ ਲਈ ਲੜ ਬਾਦਸ਼ਾਹ, ਸੈਨਾ ਮਰਵਾਈ।
ਹੱਕ ਨ ਚਹੀਏ ਛਡਣਾਂ, ਲਖ ਜਤਨ ਕਰਾਈ
ਹੱਕ ਛਡਿਆਂ ਕੈਰਤਾਂ, ਸਿਰ ਪੈਣੀ ਛਾਈ।
ਹੱਕ ਬਿਨਾਂ ਹੈ ਠਹਿਰਨਾਂ, ਮਿਲਦਾ ਕਿਸ ਜਾਈ।
ਦਾਦੇ ਹਾਲੀ ਹੱਕ ਜੋ, ਰਾਖੇ ਵਡਿਆਈ।
ਮਰੇ ਮਾਰੇ ਬਿਨ ਛਡਣਾ, ਨਹੀਂ ਨੀਤ ਬਤਾਈ
ਤਾਂਤੇ ਧ੍ਰਿਗ ੨ ਅਸਾਂ ਨੂੰ, ਹੱਕ ਰਹੇ ਖੁਹਾਈ।
ਕਰੀਏ ਜਤਨ ਨ ਢਿਲ ਸੁਹਾਈ ॥ ੧੬ ॥

ਪਉੜੀ

ਰਾਜਾ ਨਾਰੀ ਬਾਲ ਦਾ, ਜੋਗੀ ਹਠ ਭਾਈ।
ਅੜ ਜਾਂਦੇ ਜਿਸ ਗਲ ਤੇ, ਨਹਿ ਹਟਦੇ ਕਾਈ।
ਏਸੇ ਲਈ ਹਠ ਦਸਿਆਂ, ਨੀਤੀ ਦੁਖਦਾਈ।
ਹਠਕਰਨਾਰਾਂ ਮਰਦੀਆਂ, ਵਿਚ ਅਗਨ ਜਲਾਈ
ਜੋਗੀ ਤਪਦੇ ਧੂੰਹਣੀਆਂ, ਬਹੁ ਖੇਦ ਸਹਾਈ।
ਜੋ ਕੁਝ ਬਾਲਕ ਮੰਗਦਾ, ਨਹਿ ਹਟੇ ਹਟਾਈ।
ਇਕ ਹਠ ਨੇਕੀ ਹੋਵੰਦੀ, ਦੂਜੇ ਬੁਰਿਆਈ।
ਧਰਮ ਲਈ ਜੋ ਹਠ ਕਰੈ, ਮੋਹਣਾਂ ਦਰਸਾਈ
ਚਾਰ ਅਚਾਰ ਵਿਚਾਰ ਕੈ, ਹੋਨ ਕਰੈਂ ਭਲਾਈ।
ਖੁਰੀ ਪਿਛੈ ਮਤ ਨਾਰ ਦੀ, ਹੁਨ ਤੁਰੀ ਕੁਦਾਈ।

ਮਨ ਮਤੀਏ ਨੇ ਚੁਕ ਭੁਖਾਈ ॥ ੧੭ ॥

ਪਉੜੀ

ਦਾਵਾ ਕਰੀਏ ਚਲ ਕੈ, ਇਹ ਮਨਸਾ ਧਾਰੀ ।
ਫੌਜ ਦਾਰੀ ਦੇ ਵਾਸਤੇ, ਕਰ ਲਈ ਤਿਆਰੀ ।
ਗਏ ਕਚਿਹਰੀ ਤੁਰਤ ਹੀ, ਅਰਜ਼ੀ ਲਿਖ ਡਾਰੀ ।
ਚੁਕਨ ਵਾਲੇ ਕਈ ਸੀ, ਮਿਲ ਪਏ ਖਿਡਾਰੀ ।
ਮਸਲੇ ਕਈ ਪੜ੍ਹਾਵੰਦੇ, ਦੇਂਦੇ ਹੁਸ਼ਿਆਰੀ ।
ਕਲਾ ਬਾਜ਼ੀਆਂ ਕਈ ਹੀ, ਹੁਨ ਰਹੇ ਚਿਤਾਰੀ
ਰੋ ਰੋ ਅਰਜ਼ੀ ਵਿਚ ਹੀ, ਕਰ ਹਾਲ ਪੁਕਾਰੀ ।
ਡਿਪਟੀ ਪਾਸ ਕਮਿਸ਼ਨਰੇ, ਸੀ ਅਰਜ਼ ਗੁਜ਼ਾਰੀ
ਸਾਨੂੰ ਸਿਖਾਂ ਕਢਿਆਂ, ਲੈ ਗੁਰੂ ਦਵਾਰੀ ।
ਕਰੋ ਅਸਾਡੀ ਰਖਿਆ, ਹਾਂ ਸਰਨ ਤੁਮਾਰੀ ।
ਕੈਸੀ ਲਗੇ ਕਰਨ ਮਕਾਰੀ ॥ ੧੮ ॥

ਪਾਉੜੀ ।

ਨੌਕਰ ਸ਼ਾਹੀ ਛੋੜਦੀ, ਸੀ ਕਈ ਕੁਚਾਲੇ ।
ਜਿਸ ਕਰ ਖਾਸ ਅਕਾਲੀਆਂ, ਸੋ ਝਟ ਦਬਾਲੇ
ਮੌਕਾ ਉਸਨੂੰ ਮਿਲ ਗਿਆ, ਮਨ ਆਇ ਕਮਾਲੇ ।
ਡਿਪਟੀ ਖਾਸ ਕਮਿਸ਼ਨਰੇ, ਏਹ ਹੁਕਮ ਚੜ੍ਹਾਲੇ
ਸੁਪ੍ਰੰਡੰਟ ਪੁਲੀਸ ਨੂੰ, ਤਾਕੀਦ ਕਰਾਲੇ ।
ਪਕੜੋ ਸਿਖਾਂ ਜਾਇਕੈ, ਝਟ ਹੋਇ ਉਤਾਲੇ ।

ਸੋਬੀ ਆਵੈ ਤੁਰਤ ਹੀ, ਨਹਿ ਦੇਰ ਲਗਾਲੇ ।
ਆਕੇ ਧਮਕਾ ਦੇਵੰਦੇ, ਨਿਜ ਜ਼ੋਰ ਵਖਾਲੇ ।
ਛਡੋ ਗੁਰੂ ਦੁਵਾਰ ਨੂੰ, ਕਿਉਂ ਰਹੇ ਸੰਭਾਲੇ ।
ਮਾਲਕ ਬਨ ਬੈਠੇ ਮਤਵਾਲੇ ॥ ੧੯ ॥

ਪਉੜੀ

ਸੁਪ੍ਰੰਡੰਟ ਜਾਂ ਆਖਜਾ, ਕਰਨੀ ਗ੍ਰਿਫਤਾਰੀ ।
ਅਮਰ ਸਿੰਘ ਸ੍ਰਦਾਰ ਨੇ, ਗਲ ਸੁਨਕੇ ਸਾਰੀ ।
ਖੜਕ ਸਿੰਘ ਵੀ ਗਜਿਆ, ਜੋਧਾ ਬਲਿਕਾਰੀ ।
ਕੌਨ ਪਕੜ ਦਾ ਅਸਾਂ ਨੂੰ, ਐਡਾ ਹੰਕਾਰੀ ।
ਸਾਰੇ ਅਸੀਂ ਤਿਆਰ ਹਾਂ, ਸਚ ਕਹੈ ਪੁਕਾਰੀ ।
ਕਈ ਸੌ ਸਿੰਘ ਹੋਰ ਸੀ, ਕੌਮੀ ਹਿਤ ਕਾਰੀ ।
ਸਾਰੇ ਅੱਗੇ ਦੌੜੰਦੇ, ਹੁਨ ਵਾਰੋ ਵਾਰੀ ।
ਸੁਪ੍ਰੰਡੰਟ ਨੂੰ ਸੁਝਦੀ, ਹੈ ਕੋਇ ਨ ਕਾਰੀ ।
ਹੱਕਾ ਏੱਕਾ ਹੋ ਗਿਆ, ਚਿੰਤਾਤਰ ਭਾਰੀ ।
ਸਾਹਿਬ ਜ਼ਿਲਾ ਵੀ ਕੋਲ ਸੀ, ਸਭ ਰਿਹਾ ਨਿਹਾਰੀ॥
ਹਥ ਨ ਪਾਵੇ ਹਿੰਮਤ ਧਾਰੀ ॥ ੨੦ ॥

ਪਉੜੀ

ਕਈ ਸੈਂਕੜੇ ਜਮਾਂ ਸੀ, ਸਿਖ ਸੇਵਾਦਾਰਾ ।
ਸਿਖ ਰਸਾਲਾ ਛੌਣੀਓ, ਕਰ ਲਏ ਤਿਆਰਾ ।
ਘੋੜੇ ਫੇਰਨ ਵਾਸਤੇ, ਸੀ ਬਾਹਰ ਪਧਾਰਾ ।

ਸੋ ਥੀ ਏਥੇ ਆ ਗਿਆ, ਤਾਂ ਸਹਿਜੇ ਸਾਰਾ।
ਚਿਤ ਨ ਭਾਵੇਂ ਉਨ੍ਹਾਂ ਦੇ, ਕੋਈ ਵਰਤਾਰਾ ।
ਕੇਵਲ ਵੇਖਣ ਵਾਸਤੇ, ਆ ਗਏ ਨਜ਼ਾਰਾ।
ਜਿਸ ਕਰ ਪਲਾ ਹੋ ਗਿਆ, ਸਿਖਾਂ ਦਾ ਭਾਰਾ
ਹਾਕਮ ਹੋਏ ਹਿਰਾਨ ਤਾਂ, ਨਹਿ ਚਲਦਾ ਚਾਰਾ
ਓੜਕ ਕਿਸੇ ਨ ਪਕੜਿਆ, ਮੁੜ ਗਏ ਅਗਾਰਾ
ਤਕੜੇ ਹੋਕੇ ਸਾਂਭਿਆ, ਸਿਖਾਂ ਗੁਰਦੁਵਾਰਾ।
ਹਥ ਸੀਸ ਤੇ ਗੁਰ ਕਰਤਾਰਾ ॥ ੨੧ ॥

ਪਉੜੀ

ਭਾਵੇਂ ਅਜੇ ਜਗੀਰ ਦੇ, ਏਹ ਹੁਕਮ ਕਢਾਏ।
ਛੋਟਾ ਅਜੇ ਮਹੰਤ ਹੈ, ਨਹੀਂ ਹੋਸ਼ ਰਖਾਏ।
ਜਦ ਲੌ ਨਹੀਂ ਜੁਵਾਨ ਏਹ, ਹੁੰਦਾ ਸੁਖ ਪਾਏ।
ਨੌਕਰ ਸ਼ਾਹੀ ਆਪ ਹੀ, ਏਹ ਕਹੇ ਸੁਨਾਏ ।
ਤਦ ਲੌ ਏਹ ਜਗੀਰ ਦਾ, ਪਰਬੰਧ ਕਰਾਏ ।
ਕਰਨੀ ਏਸ ਸੁਦਾਗਰੀ, ਜਿਉਂ ਨਫਾ ਕਮਾਏ।
ਏਹੋ ਰਾਹ ਇਨਸਾਫ ਦਾ, ਹਰ ਥਾਂ ਦਰਸਾਏ।
ਦੇਸ਼ ਰਹੇ ਜਾਂ ਉਜੜੇ, ਏਹ ਮੌਜ ਉਡਾਏ।
ਪਾਟੋ ਧਾੜ ਮਚਾਇਕੇ, ਸਭ ਲੋਕ ਖਪਾਏ।
ਏਹੋ ਘੁੰਡੀ ਏਸ ਦੇ, ਹਥ ਵਡੀ ਆਏ।
ਹੁਨ ਸਭ ਲੋਕੀ ਰਹਿ ਸਮਝਾਏ ॥ ੨੨ ॥ ੧੪॥

ੴ ਸਤਿਗੁਰ ਪ੍ਰਸਾਦਿ ॥

# ਪੰਜਾ ਸਾਹਿਬ

ਦੋਹਰਾ ।

ਪੰਜੇ ਸਾਹਿਬ ਖਾਲਸਾ, ਕੈਸੇ ਪੂਜੇ ਜਾਇ ।
ਜੋ ਜੋ ਦੇਵੇ ਵ ਰਤਾ, ਸਭ ਹੀ ਕਹਾਂ ਸੁਨਾਇ । ੧॥

ਪਉੜੀ

ਸ੍ਰੀ ਗੁਰੂ ਨਾਨਕ ਦੇਵ ਜੀ, ਬਾਲਾ ਮਰਦਾਨਾ ।
ਪਛਮ ਪਾਸੇ ਸੈਰ ਨੂੰ, ਜਦ ਕੀਆ ਪਿਆਨਾ ।
ਧੰਨੀ ਪੋਠੋਹਾਰ ਦਾ, ਲੰਘ ਦੇਸ ਸੁਹਾਨਾ ।
ਘੋਬ ਇਲਾਕਾ ਤਾਰਦੇ, ਸਤਿ ਗੁਰ ਪ੍ਰਧਾਨਾ ।
ਸੇਵਕ ਸਿਖ ਨਿਹਾਲ ਕਰ, ਲੜ ਲਾ ਭਗਵਾਨਾ ।
ਪੈਂਦੇ ਪਰਮਲ ਪਾਰ ਮੋ, ਜੋ ਸਰਧਾ ਵਾਨਾ ।
ਭੇਦ ਭਰਮ ਛਡਵਾਇਕੇ, ਰਾਹ ਸਾਫ ਦਿਖਾਨਾ ।
ਮੋਮਨ ਹਿੰਦੂ ਮੰਨਦੇ, ਗੁਰ ਏਕ ਸਮਾਨਾ ।
ਸਰਨ ਪਏ ਦੀ ਰਖਦੇ, ਗੁਰ ਕ੍ਰਿਪਾ ਨਿਧਾਨਾ ।
ਸੁੰਦਰ ਦੇਸ ਸੁਹਾਵਣਾ, ਡਿਠਾ ਮਨ ਭਾਨਾ ।
ਪਰਉਪਕਾਰੀ ਗੁਰ ਨੇ ਜਾਨਾ ॥ ੨ ॥

ਪਉੜੀ

ਨਗਰ ਪੁਰਾਣਾ ਵੇਖਦੇ, ਹਸਨੰ ਅਬਦਾਲੇ।
ਪਰਬਤੇ ਉੱਪਰ ਮੋਹਣੇ, ਦਿਸ ਪੂਰਬ ਵਾਲੇ।
ਰਹਿੰਦਾ ਇਜ਼ ਫਕੀਰ ਸੋ, ਹੰਕਾਰ ਬਸਾਲੇ।
ਵਲੀ ਕੰਧਾਰੀ ਆਖਦੇ, ਬੁਢੇ ਤੇ ਬਾਲੇ।
ਕਰਾਮਾਤ ਕੁਝ ਦੱਸ ਕੇ, ਲੋਕਾਂ ਪਰਚਾਲੇ।
ਪੀਰ ਸਦਾਵੇ ਦੇਸ ਦਾ, ਅਜ਼ਮੱਤ ਵਖਾਲੇ।
ਜੰਗਲ ਗਿਰਦ ਪਹਾੜ ਦੇ, ਜੋ ਬਹੁਤ ਡਰਾਲੇ।
ਪਾਣੀ ਕਿਤੇ ਨ ਦਿਸਦਾ, ਬੀਬਾਨ ਵਿਚਾਲੇ।
ਕੇਵਲ ਪਾਸ ਫਕੀਰ ਦੇ, ਪਾਣੀ ਤਿਸ ਕਾਲੇ।
ਅੰਤਰ ਜਾਮੀ ਸਤਿਗੁਰੂ, ਸਭ ਦੇ ਰਖਵਾਲੇ।
ਦਿਸਨ ਤਿਸ ਦਾ ਗਰਭ ਨਿਕਾਲੇ ॥ ੩ ॥

ਪਉੜੀ।

ਦਿਲੀ ਪਿਆਰਾ ਗੁਰੂ ਦਾ, ਜੋ ਸੀ ਮਰਦਾਨਾ।
ਭੁਖਾ ਰਹੇ ਨ ਰੱਜਦਾ, ਰੁਚ ਕਲਾ ਮਹਾਨਾ।
ਜਾਤਿ ਮਿਰਾਸੀ ਲਾਂਗਾ ਦਾ, ਸੀ ਗੁਣੀ ਨਿਧਾਨਾ।
ਰਹੇ ਪਾਸਿ ਸਤਿਗੁਰੂ ਦੇ, ਕਿਉ ਭੁਖ ਮਰਾਨਾ।
ਭੋਗ ਮੋਖ ਦੇ ਸਤਿਗੁਰੂ, ਦਾਤੇ ਉਨਮਾਨਾ।
ਇਹਕਿਉਵਿਟਵਾ ਰਹਿਗਿਆ, ਹੈ ਸੰਕ ਉਠਾਨਾ।
ਗੁਰੂ ਭੰਡਾਰੇ ਪੂਰਦੇ, ਵਿਚ ਦੋਹਾਂ ਜਹਾਨਾਂ।

ਰਾਉ ਰੰਕ ਨੂੰ ਤਾਰਦੇ, ਕਰ ਨਜ਼ਰ ਸਮਾਨਾਂ।
ਸਰਨ ਪਏ ਦੀ ਰਖਦੇ, ਲੱਜਾ ਹਿਤ ਠਾਨਾਂ।
ਮਨ ਬਾਂਛਤਫਲ ਪਾਵਣਾਂ,ਜਿਨ ਦੁਵਾਰ ਤਕਾਨਾਂ।
ਪਿਆ ਕੁਰਮ ਸੋ ਕਰਾਂ ਮਿਟਾਨਾਂ ॥ ੪ ॥

ਪਉੜੀ

ਕੇਵਲ ਲੀਲਾ ਵਾਸਤੇ, ਏਹ ਕੌਤਕ ਕੀਨਾ।
ਭੁਖ ਤੇਹ ਤਿਸ ਦੇ ਰਖੀ, ਹਿਤ ਚਰਤ ਨਵੀਨਾ।
ਨਹੀ ਤੇ ਸਭ ਰੁਣ ਲੈਕੇ ਸੋ, ਚੰਗਾ ਪੁਰਬੀਨਾ।
ਰਾਗ ਸੁਨਾਇ ਪ੍ਰੇਮ ਦਾ, ਸਤਿਗੁਰ ਦਾ ਸੀਨਾ।
ਰਹਿੰਦਾ ਗੁਰੂ ਹਜ਼ੂਰ ਜੋ, ਤਿਸ ਰਹੇ ਕਮੀ ਨਾਂ।
ਏਹ ਤਾਂ ਗੁਰੂ ਪ੍ਰੇਮ ਦਾ, ਹੈ ਰਹਿੰਦਾ ਭੀਨਾਂ।
ਲੋਕਾਂ ਕਈ ਉਧਾਰ ਦਾ, ਇਹ ਕਾਰਨ ਚੀਨਾਂ।
ਵਲੀ ਕੰਧਾਰੀ ਪੀਰ ਦਾ, ਹੰਕਾਰ ਜੁਪੀਨਾਂ।
ਇਸ ਦੇ ਰਸਤੇ ਮਿਟੇਗਾ, ਹੈ ਝੂਠ ਕਬੀ ਨਾਂ।
ਭੁਖ ਤੇਹ ਇਸ ਵਾਸਤੇ, ਤਿਸ ਸਤਿਗੁਰ ਦੀਨਾਂ।
ਸੰਕਾਂ ਇਸ ਦੇ ।ਵਚ ਰਤੀ ਨਾਂ ॥ ੫ ॥

ਪਉੜੀ

ਜੰਗਲ ਸੋਹਣਾਂ ਵੇਖ ਕੇ, ਗੁਰ ਆਸਨ ਡਾਰੇ।
ਥੋੜਾ ਹੀ ਚਿਰ ਹੋਯਾ ਸੀ, ਕਰ ਚਿਤ ਕਰਤਾਰੇ।
ਤਾਂ ਮਰਦਾਨਾਂ ਗੁਰੂ ਪੈ, ਇਕ ਅਰਜ਼ ਗੁਜ਼ਾਰੇ।

ਤ੍ਰਿਖਾ ਲਗੀ ਹੈ ਗੁਰੂ ਜੀ, ਮੈਨੂ ਹੁਨ ਮਾਰੇ।
ਦਿਓ ਕਟੋਰਾ ਨੀਰ ਦਾ, ਜੇ ਕਿਰਪਾ ਧਾਰੇ।
ਜਿਉਂ ਅੱਕ ਦੀ ਖਖੜੀ, ਦੇ ਲਿਆ ਉਬਾਰੇ।
ਰੰਠੇ ਦੇ ਕੇ ਸਿਧ ਜਿਉਂ, ਰਖ ਲਏ ਸੁਵਾਰੇ।
ਤਿਉ ਹੁਨ ਮੈਨੂ ਰਖ ਲੌ, ਹਾਂ ਮਰਨ ਕਨਾਰੇ।
ਬਿਨ ਪਾਣੀ ਨਹਿ ਬਚਾਂਗਾ, ਕਿਸਹੀ ਪੁਕਾਰੇ।
ਵੇਲਾ ਨੇੜੇ ਅੰਤ ਦਾ, ਜਮ ਖੜਾ ਪੁਕਾਰੈ।
ਜੀਆ ਦਾਨ ਦੇ ਗੁਰੂ ਪਿਆਰੇ ॥ ੬ ॥

ਪਉੜੀ

ਸੁਣਿ ਗੁਰ ਅਗੋਂ ਹਸਕੇ, ਇਹ ਗਿਰਾ ਉਚਾਰੀ।
ਨੀਰ ਨ ਏਥੇ ਮਿਲੇਗਾ, ਹੈ ਜੰਗਲ ਭਾਰੀ।
ਉਤੇ ਪਰਬਤ ਰਹੇ ਜੋ, ਸੁਣ ਵਲੀ ਕੰਧਾਰੀ।
ਪਾਣੀ ਉਸ ਦੇ ਪਾਸ ਹੈ, ਜਾਹ ਹਿਮਤ ਧਾਰੀ।
ਮੰਗ ਉਸ ਤੋਂ ਜਾਇਕੇ, ਕਰ ਮਿੱਨਤ ਦਾਰੀ।
ਕੁਲਾ ਜੇ ਦੇਵੈ ਦਿਯਾ ਤੇ, ਕਰ ਤਰਸ ਅਪਾਰੀ।
ਸੁਣ ਮਰਦਾਨਾ ਜਾਵੰਦਾ, ਢਿਗ ਪੀਰ ਸਿਧਾਰੀ।
ਪਹਿਲਾਂ ਕਰੇ ਸਲਾਮ ਜਾ, ਫਿਰ ਅਰਜ਼ ਗੁਜਾਰੀ।
ਪਾਣੀ ਦੇਹਾਂ ਪੀਰ ਜੀ, ਹੈ ਬੜੀ ਲਚਾਰੀ।
ਤ੍ਰਿਖਾ ਨਾਲ ਹਾਂ ਮਰ ਰਿਹਾ, ਕਰਦੇ ਉਪਕਾਰੀ।
ਬੋਲੇ ਪੀਰ ਬਚੋ ਹੰਕਾਲੀ ॥ ੭ ॥

ਪਉੜੀ

ਕਿਥੋਂ ਆਯੋਂ ਚਲ ਕੇ, ਕੀ ਨਾਮ ਤੁਮਾਰਾ।
ਕਿਸਨੇ ਪਤਾ ਬਤਾਇਆ, ਦਸ ਦੇਹ ਹਮਾਰਾ।
ਕੌਣ ਤੇ ਕਿਥੇ ਵਸਦੀ, ਕਿਸ ਦੇਸ ਮਝਾਰਾ।
ਕਾਰਜ ਕਿਸ ਹਿਤ ਛਡਿਆ, ਘਰਬਾਰ ਪਿਆਰਾ।
ਅੱਗੇ ਕਿੱਧਰ ਜਾਵਣਾ, ਕੀ ਕਾਰ ਵਿਹਾਰਾ।
ਜਦੋਂ ਠੀਕ ਨਹੀ ਦਸਦਾ, ਸਭ ਭੇਤ ਅਪਾਰਾ।
ਆਸ ਨ ਰਖੇਂ ਨੀਰ ਦੀ, ਸੱਚੀ ਗੁਫਤਾਰਾ।
ਜਾਂਤੇ ਛੇਤੀ ਨਸ ਜਾਹ, ਮੈ ਕਹਾਂ ਪੁਕਾਰਾ।
ਮਾਰ ਖਾਂਇਗਾ ਨਹੀ ਤੇ, ਕੁਝ ਕਰ ਤਕਰਾਰਾ।
ਗਲਾਂ ਕਰੇਂ ਜੇ ਬਹੁਤੀਆਂ, ਤਾਂ ਜਾਸੇਂ ਮਾਰਾ।
ਹੋ ਹਿਰਾਨ ਚੁਪ ਰਿਹਾ ਵਿਚਾਰਾ ॥ ੮ ॥

ਪਉੜੀ

ਗੁਰ ਨਾਨਕ ਜਗਪ੍ਰਗਟਿਆ, ਸਤਿਪੁਖ ਮੁਾਨਾਂ।
ਜਗਤ ਉਧਾਰਨ ਕਾਦਨੇ ਭਾਦਾ ਏਲਿਵਾਨਾਂ।
ਵਿਚ ਪੰਜਾਬੇ ਵੱਸਦੇ ਤਲਵੰਡੀ ਜਾਨਾਂ।
ਬੇਦੀ ਬੰਸ ਸਦਵੰਦਾ ਅਵਤਾਰ ਸਮਾਨਾਂ।
ਲੋਕਾਂ ਦੇ ਹਿਤ ਤਾਦਨੇ ਫਿਰ ਦਹੇ ਜਹਾਨਾਂ।
ਹਿੰਦੂ ਸਤਿਗੁਰ ਆਖਦੇ ਪੀਰ ਮੁਸਲਮਾਨਾਂ।
ਜਾਤਿ ਮਿਰਾਸੀ ਸੇਵਕੋ ਮੈਂ ਹਾਂ ਮਰਦਾਨਾਂ।

ਓਸੇ ਮੈਨੂ ਘੱਲਿਆ ਦਸ ਪਤਾ ਟਕਾਨਾ।
ਬੈਠਾ ਹੋਨਾਂ ਪਰਬ ਤੋਂ ਵਿਚ ਸਾਫ ਮਿਦਾਨਾਂ।
ਪਾਣੀ ਮੈਨ ਦੇ ਦਿਓ ਨਾ ਕਰੋ ਹਿਰਮਾਂ।
ਪੀਰ ਜਨਾਵੈ ਬਹੁ ਅਭਿਮਨਾਂ ॥ ੯ ॥

ਪਉੜੀ

ਤੇਰਾ ਗੁਰੂ ਕਹਾਵੰਦਾ ਜੋ ਹੈ ਅਵਤਾਰੀ।
ਦੱਸੇ ਕੋਇਆ ਕਰਮਾਤ ਜੋ ਰਖਦਾ ਸਾਰੀ॥
ਤੂੰ ਹੈਂ ਮੋਮਨ ਕਾਸਦਾ ਕੋਈ ਕੁਫਰ ਕੁਫਾਰੀ॥
ਕਰੇਂ ਵਡਾਈ ਕ ਫਰਾਂ ਕੈਸੀ ਮਤ ਮਾਰੀ॥
ਮੇਰੇ ਪਾਸ ਕਿਉ ਤੋਰਿਆ ਤੈਨੂ ਹਿਤ ਬਾਰੀ॥
ਮੰਰਾ ਓਸ ਤੋਂ ਜਾਇ ਕੈ ਜੋ ਤ੍ਰਿਖਾ ਨਿਵਾਰੀ।
ਏਥੋਂ ਨੀਰ ਨ ਮਿਲੇਗਾ ਇਕ ਚੁਲੀ ਨਿਹਾਰੀ।
ਤ੍ਰਿਖਾ ਵੰਤ ਸੀ ਤੜਫਦਾ ਮਰਦਾਨਾਂ ਭਾਰੀ।
ਮੁੜੇ ਨਿਰਾਸਾ ਹੋਇ ਕੈ ਕਰ ਹਾ ਹਾ ਕਰੀ।
ਪਾਸ ਗੁਰੂ ਦੇ ਜਾਵੰਦਾ ਰੋ ਜ਼ਾਰੋ ਜ਼ਾਰੀ।
ਚਲੀ ਜਾਨ ਗੁਰੂ ਜੀ ਪਿਜਾਰੀ ॥ ੧੦ ॥

ਪਉੜੀ

ਫੇਰ ਗੁਰੂ ਜੀ ਬੋਲ ਦੇ, ਹਿਤ ਪਿਖਨ ਤਮ ਸਾ।
ਕਿਉ ਮਰਦਾਨੇ ਹੋਵੰਦਾ, ਤੂੰ ਖਰਾ ਨਿਰਾਸਾ।
ਪੀਰ ਹੈ ਸਾਨੂੰ ਦਿਸਦਾ, ਟੰਕਾਰੀ ਖਾਸਾ।

ਇਕ ਵੇਰ ਫਿਰ ਜਾਇਕੇ,ਕਰ ਬਖਨਬਿਲਾਸ।
ਦੇਕੇ ਧੀਰਜ ਤੋਰਿਆ, ਕਰ ਪਿਆਰ ਦਿਲਾਸ।
ਸੀ ਕੌਤਕ ਸਤਿ ਗੁਰੂ ਦਾ,ਧਰ ਗੁਰ ਭਰਵਾਸ।
ਜਾਕੇ ਆਖੇ ਪੀਰ ਜੀ, ਦੇਹ ਪਾਣੀ ਮਾਸ।
ਮੈ ਹਾਂ ਤੇਰੇ ਬੂਹੇ ਤੇ, ਮਰ ਰਿਹਾ ਪਿਆਸ।
ਪਥਰ ਤੇਰਾ ਚਿਤ ਹੈ, ਤਰ ਪਰਬਤ ਵਾਸ।
ਚਿੜੀਆਂ ਮਰਨ ਗਵਾਰਾਂ ਹਾਸ ॥੧੧॥

ਪਉੜੀ

ਗੁਸੇ ਹੋਕੇ ਪੀਰ ਨੇ, ਡੰਡਾ ਦਿਖਲਾਯਾ।
ਤਾਂ ਮਰਦਾਨਾਂ ਨਸਿਆ, ਨਹੀ ਖੜਾ ਰਹਾਯਾ।
ਡਿਗਦਾ ਢਹਿੰਦਾ ਤੁਰਤ ਹੀ,ਗੁਰੂ ਪਾਸ ਪੁਜਾਯਾ
ਹੇ ਜਜਮਾਨਾ ਮਾਰਨਾਂ, ਕਿਉ ਮੈਨੂੰ ਚਾਯਾ।
ਖਫਣ ਮੇਰੇ ਵਾਸਤੇ, ਹੁਣ ਲਵੋ ਮੰਗਾਯਾ।
ਸ਼ਾਹਰਗ ਜਾਂਦੀ ਟੁਟਦੀ, ਜਮ ਨੇੜੇ ਆਯਾ।
ਜਾਨ ਪਰਾਹੁਣੀ ਘੜੀ ਦੀ, ਉਹੋ ਦਰਸਾਯਾ।
ਕੀ ਏਹ ਪੀਰ ਦਿਸਾਵੰਦਾ,ਜਿਨ ਮੱਹਿ ਸਤਾਯਾ
ਜੈਸੇ ਮੱਕਾ ਫੇਰਿਆ, ਕਾਜ਼ੀ ਸ਼ਰਮਾਯਾ।
ਤਿਉ ਖਿਚੋ ਤਿਸ ਨੀਤ ਥੀ, ਕੀ ਸਮਾਂ ਤਕਾਯਾ
ਮੇਰਾ ਮਰਨਾ ਚਿਤ ਸੁਖਾਯਾ ॥ ੧੨ ॥

ਪਉੜੀ

ਗੁਰੂ ਅਹੇ ਮਰਦਾਨਿਆਂ, ਕਿਉ ਹਿਮਤ ਹਾਰੀ।
ਪੱਕਾ ਸਾਥੀ ਅਸਾਂ ਦਾ, ਤੂ ਹੈਂ ਅਧਿਕਾਰੀ।
ਤੈਨੂੰ ਮਰਨ ਨ ਦਿਆਂਗੇ, ਏਹ ਰਖ ਵਿਚਾਰੀ।
ਇਕ ਵੇਰ ਫਿਰ ਜਾਵਣਾਂ, ਤੇਰਾ ਦਰਕਾਰੀ।
ਹੋਸ਼ ਆਈ ਜੋ ਪੀਰ ਨੂੰ, ਸਮਝੇ ਇਸ ਵਾਰੀ।
ਨਹੀ ਤੇ ਉਸ ਨੂੰ ਕਰਾਂਗੇ, ਅਪਣੇ ਅਨੁਸਾਰੀ।
ਫਿਰ ਮਰਦਾਨਾਂ ਚਲਿਆ, ਗੁਰਵਾਕ ਚਿਤਾਰੀ।
ਜਾਕੇ ਕਹਿੰਦਾ ਪੀਰ ਨੂੰ, ਲੈ ਵਕਤ ਸੰਭਾਰੀ।
ਤੇਰੇ ਉਤੇ ਗੁਰੂ ਨੇ, ਬਹੁ ਕ੍ਰਿਪਾ ਧਾਰੀ।
ਨਹੀ ਤੇ ਫਿਰ ਪਛਤਾਂਇਗਾ, ਜਦ ਬਣੇ ਲਚਾਰੀ।
ਮੱਚੀ ਸੱਚੀ ਸੁਣ ਲੈ ਸਾਰੀ ॥੧੩॥

ਪਉੜੀ

ਇਸ ਹੰਕਾਰ ਨੇ ਡੋਬਿਆ, ਸ਼ੈਤਾਨ ਵਿਚਾਰਾ।
ਦਰਯੋਦਨ ਦਾ ਨਾਸ ਵੀ, ਕਰਦਾ ਬੁਰਿਆਰਾ।
ਨਾਮ ਨਿਸ਼ਾਨ ਮਿਟਾਵੰਦਾ, ਰਾਵਨ ਦਾ ਸਾਰਾ।
ਹਰਨਾਖਸ ਜਾਂ ਪਕੜੀਆ, ਪ੍ਰਹਿਲਾਦ ਸੁਬਾਰਾ।
ਥੰਮ ਪਾੜ ਕੇ ਪ੍ਰਗਟਿਆ, ਨਰ ਸਿੰਘ ਅਵਤਾਰਾ।
ਨਾਲ ਨੌਹਾਂ ਦੇ ਪਾੜਿਆ, ਦੁਰਗਤ ਕਰ ਮਾਰਾ।
ਸੂਰਾ ਸੋਈ ਸਦਾਵੰਦਾ, ਮਾਰੇ ਹੰਕਾਰਾ।

ਦੇਂਦਾ ਜਨਮ ਤੇ ਮ੍ਰਣ ਹੈ, ਇਹ ਵਿਚ ਸੰਸਾਰ॥
ਅੰਨਾਂ ਬੋਲਾ ਹੋਵੰਦਾ, ਹੈ ਜਿਸ ਨੇ ਧਾਰਾ।
ਸੋਈ ਸੁਖੀ ਹਰਾਵੰਦਾ, ਹੰਕਾਰਾ ਨਿਵਾਰਾ।
ਕਹੇ ਸਿਆਨੇ ਲੋਕ ਪੁਕਾਰਾ ॥ ੧੪ ॥

ਪਉੜੀ।

ਫਿਰ ਵੀ ਪੀਰ ਨ ਸਮਝਿਆ, ਹੋ ਤੰਗ ਬਖਾਨੇ।
ਮੁੜ ਮੜ ਕੇ ਤੂੰ ਆਵੰਦਾ, ਕੀ ਹੈਂ ਮਰਦਾਨੇ।
ਨ'ਰ ਨ ਏਥੋਂ ਮਿਲੈਗਾ, ਏਹ ਸਾਚ ਪਛਾਨੇ।
ਹੁਨ ਮਰਦਾਨਾ ਆਖਦਾ, ਸੁਣ ਪੀਰ ਦਿਵਾਨੇ।
ਪਾਣੀ ਮੈਂ ਲੈ ਲੇਵਣਾਂ, ਕੀ ਕਰੈਂ ਬਹਾਨੇ।
ਗੁਰੂ ਮੇਰਾ ਸਨਰਥ ਹੈ, ਗਲ ਅਗਲੀ ਜਾਨੇ
ਤੇਰੇ ਸਿਹੇ ਲਫੰਗਿਆਂ, ਤੋੜੇ ਅਭਿਮਾਨੇ।
ਫਿਰ ਤੂ ਪਿਛੋਂ ਰੋਵਣਾਂ, ਜਦ ਸਮੇਂ ਬਿਹਾਨੇ।
ਸਮਝ ਨ ਤੈਨੂੰ ਆਵੰਦੀ, ਮੁੱਠਾ ਅਗਿਆਨੇ।
ਹਥ ਗੁਰੂ ਦਾ ਵੇਖ ਹੁਨ, ਹੋਕੇ ਸਵਾ ਧਾਨੇ।
ਸਮਾਂਚਾਰ ਗੁਰ ਜਾਇ ਬਖਾਨੇ ॥ ੧੫ ॥

ਪਉੜੀ

ਜਦ ਮਰਦਾਨੇ ਦੱਸਿਆ, ਕਰਕੇ ਇਜ਼ਹਾਰਾ।
ਵਡ ਹੰਕਾਰੀ ਪੀਰ ਦਾ, ਸਾਡਾ ਵਰਤਾਰਾ।
ਸਤਿਗੁਰ ਲੰਮੀ ਨਜ਼ਰ ਤੋਂ,ਕਰ ਸੋਚ ਵਿਚਾਰਾ।

ਹੁਣ ਮਚਦਾਨਾਤ੍ਰਿਖਾ ਤੋਂ, ਹੈ ਔਖਾ ਭਾਰਾ।
ਪੀਰ ਨ ਪਾਣੀ ਦੇਂਵਦਾ, ਗਫਲਤ ਨੇ ਮਾਰਾ।
ਉਸਨੂੰ ਰਸਤੇ ਲਾਵਣਾਂ, ਕਰ ਪਾਰ ਉਤਾਰਾ।
ਦਾਤਣ ਕਰਦੇ ਸਤਿ ਗੁਰੂ, ਏਹ ਵਾਕ ਉਖਾਰਾ।
ਪਥਰ ਚੁਕ ਮਰਦਾਨਿਆਂ, ਹੋਕੇ ਹੁਸ਼ਿਆਰਾ।
ਤੇਰੇ ਬਦਲੇ ਘਲਿਆ, ਪਾਣੀ ਕਰਤਾਰਾ।
ਪੀ ਲੈ ਨਾਲ ਪ੍ਰੇਮ ਦੇ, ਕਰ ਖੁਸ਼ੀ ਅਪਾਰਾ।
ਨਾਲ ਅਖੀਆਂ ਵੇਖ ਨਿਜ਼ਾਰਾ ॥ ੧੬ ॥

## ਪਉੜੀ

ਜਦ ਮਰਦਾਨੇ ਚੁਕਿਆ, ਸੋ ਪਥਰ ਜਾਈ।
ਪਾਣੀ ਨਿਕਲ ਤੁਰਪਿਆ.ਥ ਨਹਿਰ ਵਗਾਈ।
ਪੀ ਮਰਦਾਨਾਂ ਹਰਖਿਆ, ਬਹੁ ਖੁਸ਼ੀ ਮਨਾਈ।
ਮੱਛੀ ਪਾਣੀ ਪੀਰ ਦਾ, ਗੁਰ ਕੁੰਡੀ ਲਾਈ।
ਸ਼ਕਤ ਗੁਰੂ ਦੀ ਚਮਕ ਸੀ,ਲੋਹਨੀਰ ਦਿਸਾਈ।
ਆਵੈ ਖਿਚਿਆ ਤੁਰਤ ਹੀ ਨਹੀ ਦੇਰ ਕਰਾਈ।
ਪੀਰ ਕਰੂਰਾ ਨਾਗ ਸੀ ਮਣਿ ਪਾਣੀ ਸਾਈ।
ਪੀਰ ਹਿਰਾਨੀ ਡੁੱਬਿਆ ਬਹੁ ਹਥ ਮਲਾਈ।
ਪਾਣੀ ਮੇਰਾ ਰਿਹਾ ਨਾ ਸਭ ਗਿਆ ਸੁਕਾਈ।
ਜੀਵਣ ਮੇਰਾ ਹੋ ਗਿਆ ਡਾਢਾ ਦੁਖ ਦਾਈ।
ਕਰਾਮਤ ਏਹ ਖੂਬ ਤੁਕਾਈ ॥ ੧੭ ॥

ਪਉੜੀ

ਮਨੀ ਗਸ਼ੀ ਜਿਉ ਸੱਪ ਤੋਂ ਡਾਢਾ ਤੜਫਾਵੈ।
ਮੱਛੀ ਬਾਹਰ ਨੀਰ ਜਿਉ ਕੈਸੇ ਸੁਖ ਪਾਵੈ।
ਧਨ ਜਾਂਦਾ ਜਿਉਂ ਸੂਮ ਤੋਂ ਮਰਨਾ ਭਿਸ ਆਵੈ।
ਸਤੀ ਗਵਾ ਕੇ ਪਤਜਿਵੇਂ ਨਹੀ ਉਮਰ ਕਟਾਵੈ।
ਆਸ਼ਕ ਸ਼ਾਦ ਮਸ਼ੂਕ ਦੇ ਜਿਉ ਕਸ਼ਟਉਠਾਵੈ।
ਨਾਰਿ ਪਤੀਬ੍ਰਤ ਬਿਨ ਪਤੀ ਨਹਿ ਖੁਸ਼ੀ ਮਨਾਵੈ।
ਏਕ ਪੁਤ ਜਿਸ ਮਾਂ ਮਰੈ ਕੈਸੇ ਹਰਖਾਵੈ।
ਪੀਰ ਨੀਰ ਬਿਨ ਧੀਰ ਨਹਿ ਬੈਠਾ ਬਿਲ ਖਾਵੈ।
ਕਈ ਤਰਾਂ ਦੀ ਗਿਨਤੀਆਂ ਮਨ ਵਿਚ ਦੜਾਵੈ।
ਪੈਸ਼ ਨ ਜਾਂਦੀ ਗੁਰੂ ਤੇ ਕੀ ਵਾਰ ਚਲਾਵੈ।
ਮਨ ਹੀ ਮਨ ਵਿਚ ਜਤਨ ਕਰਾਵੈ।।੧੮ ॥

ਪਉੜੀ

ਓੜਕ ਬਦਲਾ ਲੈਣ ਦੀ ਤਿਸ ਨੇ ਮਨ ਠਾਨੀ।
ਮੂਰਖ ਅਜੇ ਨ ਸਮਝਿਆ ਗੁਰ ਮਹਿਮਾਂ ਜਾਨੀ।
ਨਾਲ ਗੁਸੇ ਦੇ ਉਸਨੈ ਏਹ ਕਿਰਤ ਕਮਾਨੀ।
ਗੀਟੀ ਇਕ ਪਹਾੜ ਦੀ ਗੁਰ ਵਲ ਵਗਾਨੀ।
ਦਾਤਨ ਸਜੇ ਹਥ ਸੀ ਤਦ ਗੁਰ ਫੜਾਨੀ।
ਦੈ ਖਬਾ ਹਥ ਰੋਕਦੇ ਗੁਰ ਕਿਰਪਾ ਖਾਨੀ।
ਹਥ ਗੁਰ ਦਾ ਛੋਂਹਦਿਆਂ ਹੋ ਸੋਮ ਸਮਾਨੀ।

ਪੰਜਾ ਧਸਿਆ ਵਿਚ ਸੋ ਸਤਿ ਗੁਰੂ ਨਿਸ਼ਾਨੀ।
ਕਈ ਵਿਰੋਧੀ ਖੋਦ ਕੈ ਪਚ ਮੋਏ ਗੁਮਾਨੀ।
ਜਿਤਨਾ ਖੋਦਨ ਓੜਨਾ ਅਰੋਂ ਦਰਮਾਨੀ।
ਗੁਰ ਕੀਰਤ ਹੋ ਰਹੀ ਮਹਾਨੀ ॥ ੧੯॥

ਪਉੜੀ

ਵਿਚ ਕਲੇਜੇ ਪੀਰ ਦੇ ਗੁਰ ਖਿਚ ਲਗਾਈ।
ਕੰਡੀ ਘੱਤ ਪ੍ਰੇਮ ਦੀ ਲੈ ਦੇ ਮੰਗਵਾਈ।
ਮਹਿਮਾਂ ਗੁਰ ਦੀ ਵੇਖਦਾ ਅਜਮਤ ਅਧਿਕਾਈ।
ਹੋਇ ਨਿਰਾਸਾ ਤ੍ਰਹ ਪਿਆ ਗੁਰ ਸਰਨ ਤਕਾਈ।
ਆ ਚਰਨਾਂ ਤੇ ਡਿਗਦਾ ਭੁਲਾਂ ਬਖਸ਼ਾਈ।
ਚਰਚਾ ਕਰਕੇ ਸਤਿ ਗੁਰੂ ਦਿਤਾ ਸਮਝਾਈ।
ਹੋ ਨਿਰਮਾਣ ਸੁਕਟ ਲੈ ਦਿਨ ਏਥੇ ਕਾਈ।
ਹਰਿ ਹੰਕਾਰ ਨ ਭਾਵਈ, ਏਹ ਬੇਦ ਸੁਨਾਈ।
ਮੰਨ ਲਿਆ ਸੋ ਪੀਰ ਨੇ, ਅਭਿਮਾਨ ਗਵਾਈ।
ਦਿਤੀ ਧੀਰਜ ਸਤਿਗੁਰੂ, ਬੈਠਾ ਸੁਖ ਪਾਈ।
ਸਤਿਗੁਰ ਮੂਰਤਿ ਰਿਦੈ ਵਸਾਈ ॥ ੨੦ ॥

ਪਉੜੀ

ਜਿਥੇ ਸਤਿਗੁਰੂ ਬੈਠ ਕੇ, ਇਹ ਖੇਲ ਰਚਾਯਾ।
ਓਥੇ ਸੁੰਦਰ ਦਿਸਦਾ, ਦੁਨ ਤਾਲ ਸੁਹਾਯਾ।
ਗੁਰੂ ਦੁਵਾਰ ਸੁਹਾਵਦਾ, ਇਕ ਪਾਸ ਸਜਾਯਾ।

ਹਰੀ ਸਿੰਘ ਸਰਦਾਰ ਸੀ, ਜਦ ਨਲੂਆ ਆਯਾ
ਪਾਸਾ ਜਿਤ ਪਸ਼ੌਰ ਦਾ, ਤਿਸਨੇ ਬਨਵਾਯਾ।
ਲੰਗਰ ਬਦਲੇ ਓਸਨੇ, ਕੁਝ ਨਾਲ ਲਗਾਯਾ।
ਪੈਸਾ ਪੂਜਾ ਭੇਟ ਦਾ, ਤਿਸ ਤੋਂ ਅਧਿਕਾਯਾ।
ਸੰਗਤ ਆਕੇ ਪੂਜਦੀ, ਮਨ ਚ ਉ ਉਠਾਯਾ।
ਜਸ ਗੁਰੂ ਦਾ ਪਸਰਿਆ, ਵਿਚ ਦੇਸ ਸਬਾਯਾ।
ਸਰਧਾ ਕਰ ਜੋ ਆਵੰਦਾ, ਮਨ ਬਾਛਤ ਪਾਯਾ।
ਸਤਿਗੁਰ ਸਚੇ ਕਰਮ ਕਮਾਯਾ ॥ ੨੧ ॥

ਪਉੜੀ

ਅਜ ਕਲ ਜੋ ਓਸ ਥਾਂ, ਸਨ ਖਾਸ ਪੁਜਾਰੀ।
ਸ਼ਕਲ ਸਿਖ ਹੀ ਦਿਸਦੇ, ਭਾਰੇ ਬਿਭਚਾਰੀ।
ਸ਼ਰਧਾ ਚਿਤ ਨ ਉਨ੍ਹਾਂ ਦੇ, ਹੋ ਮਾਯਾ ਧਾਰੀ।
ਅਦਬ ਨ ਰਖਨ ਗੁਰੂ ਦਾ, ਬਨ ਕੇ ਹੰਕਾਰੀ।
ਦਰਸ਼ਨ ਹਿਤ ਜੋ ਆਵੰਦੇ, ਗੁਰ ਦੇ ਅਧਿਕਾਰੀ।
ਦੂਰੋਂ ਦੂਰੋਂ ਚਲਕੇ, ਕਰ ਪ੍ਰੇਮ ਅਪਾਰੀ।
ਏਥੇ ਆਕੇ ਵੇਖਦੇ, ਕੁਝ ਹੋਰ ਖੁਵਾਰੀ।
ਦੁਖੀ ਚਿਤ ਹੋ ਜਾਵੰਦੇ, ਬਹੁਤੇ ਨਰ ਨਾਰੀ।
ਮਨ ਤੋਂ ਲੋੜਨ ਸੰਗਤਾਂ, ਕਿਮ ਹੋਇ ਸੁਧਾਰ।
ਕਈ ਦਿਨਾਂ ਤੋਂ ਤਕਦੇ, ਹੋ ਰਹੀ ਮਕਾਰੀ।
ਲੀਲ੍ਹਾ ਗੁਰ ਦੀ ਅਪਰ ਅਪਾਰੀ ॥ ੨੨ ॥

ਪਉੜੀ

ਮਾਰੀ ਮਤ ਪੁਜਾਰੀਆਂ, ਨਿਭ ਕਰਨ ਬੁਰਾਈਆਂ।
ਪੈਸਾ ਪੂਜਾ ਚੜ੍ਹਤ ਦਾ, ਜਾ ਰਿਹਾ ਅਨਾਈਆਂ।
ਪਿਉ ਦਾਦੇ ਦੀ ਮਾਲਕੀ, ਲਈ ਜਾਨ ਸੁਦਾਈਆਂ।
ਬਾਤ ਕੋਈ ਨ ਪੁਛਦਾ, ਜੋ ਸੰਗਤਾਂ ਆਈਆਂ।
ਸਾਜ ਸਜਾਵਟ ਆਪਨੀ, ਕਰ ਖੁਸ਼ੀ ਮਨਾਈਆਂ
ਸਮਝ ਨ ਵੇਖੋ ਆਵੰਦੀ, ਕੁਝ ਇਨ੍ਹਾਂ ਕਮਾਈਆਂ।
ਜਿਸਦਾ ਦਿਤਾ ਖਾਵੰਦੈ, ਸਦ ਮੌਜ ਉਡਾਈਆਂ।
ਪੁਛੇ ਕੋਈ ਇਨਾਂ ਤੋਂ, ਕੀ ਚਿਤ ਵਸਾਈਆਂ।
ਛਡ ਸੇਵਾ ਗੁਰਧਾਮ ਦੀ, ਜੋ ਕਰਨ ਕੁਦਾਈਆਂ
ਪੰਥ ਨ ਸਿਰ ਤੇ ਸੁਝਦਾ, ਜੋ ਦਏ ਸਜ਼ਾਈਆਂ।
ਗਲਾਂ ਨੇਕੀ ਸ਼ਰਬ ਭੁਲਾਈਆਂ ॥ ੨੩ ॥

ਪਉੜੀ

ਅੰਮ੍ਰਿਤਸਰ ਵਿਚ ਆਨਕੇ, ਸਭ ਸੋਆਂ ਪੁਜਾਈਆਂ।
ਸੁਨ ਕੇ ਸਿੰਘਾਂ ਸਾਰਿਆਂ, ਸਨ ਬੁਰੀ ਮਨਾਈਆਂ।
ਰਲਕੇ ਸੋਚਾਂ ਤੁਰਤ ਹੀ, ਤਦ ਏਹ ਦੁੜਾਈਆਂ।
ਝਬਰ ਸਿੰਘ ਕਰਤਾਰ ਜੀ, ਕਰ ਦਏ ਚੜ੍ਹਾਈਆਂ।
ਜਥੇਦਾਰ ਸੋ ਥਾਪਿਆ, ਗੁਰ ਸੇਵਾ ਚਾਈਆਂ।
ਕਈ ਅਕਾਲੀ ਚਲਦੇ, ਨਹੀਂ ਢਿਲਾਂ ਲਾਈਆਂ
ਨਾਲੇ ਸੇਵਾ ਵਾਸਤੇ, ਕੁਝ ਤੁਰੀਆਂ ਮਾਈਆਂ।

ਵੇਖੋ ਇਨ੍ਹਾਂ ਪੁਜਾਰੀਆਂ, ਕੀ ਧੁੰਮਾਂ ਪਾਈਆਂ।
ਹੁਨ ਨ ਛੋਜਾਂਤੁਕਦੀਆਂ, ਜਦ ਉਠ ਸਿਧਾਈਆਂ
ਗਛੀ ਉਤੇ ਸੁਵਾਰ ਹੋਇ, ਹੁਨ ਤੋੜ ਪੁਜਾਈਆਂ।
ਆ ਗੁਰਧਾਮ ਵਿਖੇ ਠਹਿਰਾਈਆਂ ॥ ੨੪ ॥

ਪਉੜੀ

ਸੇਵਾ ਸੰਭਨ ਆਨ ਕੇ, ਜਦ ਸਿੰਘ ਪਿਆਰੇ।
ਲੰਗਰ ਅਪਨਾਂ ਵਖਰਾ, ਕਰ ਰਹੇ ਤਿਆਰੇ।
ਕੀਤੀ ਖਬਰ ਮਹੇਤ ਨੇ, ਜਾ ਵਿਚ ਸਰਕਾਰੇ।
ਪੁਲਿਸ ਸਹੈਤਾ ਵਾਸਤੇ, ਤਿਸ ਲਈ ਹਕਾਰੇ।
ਧਾੜ ਪੁਲਿਸ ਦੀ ਆਵੰਦੀ, ਬਹੁ ਤੇਜ ਤਰਾਰੇ।
ਸਿੰਘ ਜਥੇ ਸੀ ਉਤਰੇ, ਆ ਕਹੇ ਪੁਕਾਰੇ
ਨਿਕਲ ਜਾਵੋ ਤੁਰਤ ਹੀ, ਹੁਨ ਏਥੋਂ ਸਾਰੇ।
ਏਥੇ ਡੇਰੇ ਪੁਲਿਸ ਦੇ, ਚਨ ਲਰਨੇ ਭਾਰੇ।
ਤੁਸੀ ਫਸਾਦੀ ਦਿਸਦੇ, ਹੋ ਜਾਓ ਕਨਾਰੇ।
ਛਡੋ ਗੁਰੂ ਦੁਆਰ ਨੂੰ, ਕਿਉਂ ਰਹੇ ਸੰਭਾਰੇ।
ਅਸੀ ਆਖਦੇ ਤੁਸਾਂ ਵੰਗਾਰੇ ॥ ੨੫ ॥

ਪਉੜੀ

ਸਿੰਘਾਂ ਅਗੋਂ ਗਜਕੇ, ਤਦ ਖੂਬ ਸੁਨਾਯਾ।
ਕੌਣ ਹੋ ਸਾਨੂੰ ਕਢੱਦੇ, ਕੀ ਚਿਤ ਵਸਾਯਾ
ਕਿਥੇ ਨਜ਼ਰ ਤੁਸਾਡੜੀ, ਕਿਨ ਤੁਸਾਂ ਭੁਖਾਯਾ।

ਏਥੇ ਆਵਣ ਵਾਸਤੇ, ਕਿਉਂ ਧੋਖਾ ਖਾਜਾ।
ਸਿਖਾਂ ਦਾ ਗੁਰਧਾਮ ਹੈ, ਆਕੇ ਚੜ੍ਹ ਪਾਜਾ।
ਨਹੀਂ ਵਿਗਾੜਿਆ ਕਿਸੈ ਦਾ, ਕੁਝ ਨਹੀਂ ਚੁਰਾਯਾ
ਅਸੀਂ ਨ ਏਹ ਥਾਂ ਛਡਦੇ, ਕਰ ਲੋ ਮਨ ਭਾਯਾ
ਫੜੇ ਨ ਡਰਦੇ ਅਸੀਂ ਹਾਂ, ਕਿਉਂ ਸ਼ੋਰ ਮਚਾਯਾ
ਪੁਲਿਸ ਨ ਪਾਵੈ ਹਥ ਹੁਨ, ਚਲ ਅਫਸਰ ਆਯਾ।
ਆਨ ਪੁਲਿਸ ਨੂੰ ਰੋਕਦਾ, ਕਰ ਦੂਰ ਬਠਾਯਾ।
ਆਖੇ ਤਕੋ ਰੰਗ ਸਭਾਯਾ ॥ ੨੬ ॥

ਪਉੜੀ

ਜਿਉ ੨ ਖਬਰਾਂ ਪੁਜੀਆਂ, ਧੰਨੀ ਪੁਠ ਹਾਰੇ।
ਸੁਣਦੇ ਸਾਰ ਅਕਾਲੀਆਂ, ਛੋਡੇ ਜੈਕਾਰੇ ।
ਬਨ ਬਨ ਜਥੇ ਸਿਧਾਵੰਦੇ ਵਲ ਗੁਰੂ ਦੁਵਾਰੇ।
ਕਈ ਸੈਂਕੜੇ ਆ ਗਏ, ਸਿਖ ਸਿਦਕੀ ਭਾਰੇ।
ਗੁਰਬਾਨੀ ਨੂੰ ਗਾਵੰਦੇ, ਗੁਰ ਚਰਨ ਪਿਆਰੇ ॥
ਇਕ ਦੂਜੇ ਨੂੰ ਆਖਦੇ, ਸਭ ਰਖੋ ਸਹਾਰੇ।
ਹੱਥ ਨ ਅਗੋਂ ਚੁਕਣਾਂ, ਜੇ ਕੋਈ ਮਾਰੇ।
ਏਹੋ ਨੇਕੀ ਤੁਸਾਂ ਦੀ, ਰਹਿਣੀ ਸੰਸਾਰੇ।
ਸਭ ਨੇ ਪੱਕਾ ਧਾਰਿਆ, ਇਹ ਨੇਮ ਸੁਵਾਰੇ।
ਡਟ ਗਏ ਵਿਚ ਮੈਦਾਨ ਦੇ, ਸਤਿਗੁਰੂ ਦੁਲਾਰੇ।
ਗੁਰ ਸਚਾ ਸਭ ਕਾਰਜ ਸਾਰੇ ॥ ੨੭ ॥

ਪਉੜੀ

ਪਿਆ ਜ਼ੋਰ ਨਹੀਂ ਪੁਲਿਸ ਦਾ, ਮਾਂਤ ਤਕਾਵੈ।
ਮਿਠਾ ਸਿੰਘ ਤਿਸ ਨਾਮ ਸੀ, ਕੌੜਾ ਦਰਸਾਵੈ।
ਲਾਜ ਨ ਭੈੜੇ ਲਾਂਮ ਦੀ, ਮੂੰਹ ਦਾਗ ਲਗਾਵੈ।
ਮਨ ਵਿਚ ਬੈਠਾ ਝੁਰਦਾਂ, ਕੁਝ ਪੇਸ਼ ਨ ਜਾਵੈ।
ਭਾਈ ਛੋਟਾ ਉਸਦਾ, ਕੀ ਕਦਮ ਕਮਾਵੈ।
ਸੰਗਤ ਦੇ ਵਿਚ ਬੈਠਿਆਂ, ਪਸਤੋਲ ਚਲਾਵੈ।
ਇਕ ਸਿੰਘ ਦੀ ਲੱਤ ਨੂੰ, ਤਾਂ ਜ਼ਖਮ ਕਰਾਵੈ।
ਉਸ ਤੇ ਬਣੇ ਮੁਕਦਮਾਂ, ਕੀ ਗੁਰੂ ਦਿਖਾਵੈ।
ਅਫੜਾ ਦਫੜੀ ਮਚਦੀ, ਮਾਹੰਤ ਦੁੜਾਵੈ।।
ਕਈ ਬਹਾਨੇ ਲੋੜਦੇ, ਜਿਉਂ ਵੀਰ ਬਚਾਵੈ।
ਮੀਂਹ ਵਾਂਗੂੰ ਪੈਸਾ ਦਰਸਾਵੈ ॥ ੨੮ ॥

ਪਉੜੀ

ਏਧਰ ਹੋਰ ਮਹੰਤ ਨੇ, ਕੀ ਚਾਲ ਚਲਾਈ।
ਸਿੰਘ ਨ ਕਾਬੂ ਆਵੰਦੇ, ਇਹ ਸੋਚ ਦੁੜਾਈ।
ਮੁਸਲਮਾਨ ਕੁਝ ਦੇਸਦੇ, ਲੈ ਨਾਲ ਮਿਲਾਈ।
ਰਿਸ਼ਵਤ ਦਿਤੀ ਓਨ੍ਹਾਂ ਨੂੰ ਸਭ ਹਥ ਚੜ੍ਹਾਈ।
ਨਾਲ ਸਿੰਘਾਂ ਦੇ ਲੜਨ ਨੂੰ, ਸੋ ਦੇਤ ਭਖਾਈ।
ਸੋਬੀ ਮੂਰਖ ਆਵੰਦੇ, ਨਹਿ ਸੋਚੀ ਕਾਈ।
ਜਦ ਆ ਡਿਠਾ ਖਾਲਸਾ, ਤਾਂ ਹੋਸ਼ ਉਡਾਈ।

ਸੁਟੇ ਢਿਲੇ ਕੰਨ ਤਾਂ, ਬਹੁਤੇ ਸ਼ਰਮਾਈ।
ਭਾਵੇਂ ਹਥ ਨ ਚੁਕਣਾ, ਸਿੰਘਾਂ ਨੇ ਸਾਈ।
ਤਦ ਵੀ ਹਿੰਮਤ ਉਨ੍ਹਾਂ ਦੀ, ਸੀ ਸਰਬ ਨਸਾਈ।
ਪੈਜ ਗੁਰੂ ਨੇ ਆਪ ਰਖਾਈ ॥ ੨੯ ॥

ਪਉੜੀ

ਖਬਰ ਹੋਈ ਜਦ ਖਾਲਸੇ, ਏਹ ਸੋਚ ਦੁੜਾਂਦੇ।
ਮੋਮਨ ਕਈ ਭੁਖਾਇਕੈ, ਹਨ ਏਨ੍ਹਾਂ ਆਂਦੇ।
ਜਿਸ ਕਰ ਡਿਠੇ ਬਹੁਤ ਹੀ, ਸੋ ਰੋਲੇ ਪਾਂਦੇ।
ਰਾਵਲ ਪਿੰਡੀ ਤੁਰਤ ਹੀ, ਸਭ ਖਬਰ ਪੁਜਾਂਦੇ।
ਖਾਸ ਖਿਲਾਫਤ ਵਾਲਿਆਂ, ਇਹ ਬਾਤ ਜਤਾਂਦੇ।
ਪੰਜੇ ਸਾਹਿਬ ਵੇਖ ਲੌ, ਕੀ ਰੰਗ ਦਿਸਾਂਦੇ।
ਮੁਸਲਮਾਨ ਆ ਖਾਲਸੇ, ਬਹੁਤਾ ਦਬਕਾਂਦੇ।
ਮੌਲ ਮੁਹਬਤ ਦੁਧ ਤੇ, ਕਾਂਜੀ ਛੜਕਾਂਦੇ।
ਗੁਰ ਦਵਾਰ ਸੁਧਾਰ ਵਿਚ, ਰੌੜਾ ਅਟਿਕਾਂਦੇ।
ਪੁਰਖ ਸਿਆਨੇ ਜਾਇਕੈ, ਕਿਉ ਨਹੀ ਦਟਾਂਦੇ।
ਕਈ ਤਰਾਂ ਓਹ ਸੋਚ ਕਰਾਂਦੇ ॥ ੩੦ ॥
ਓਸੇ ਵੇਲੇ ਲੀਡਰਾਂ, ਮਜ਼ਮੂਨ ਬਨਾਯਾ।
ਦੈਕੇ ਵਿਚ ਪੇਸ ਦੇ, ਬਹੁਤਾ ਛਪਵਾਯਾ।
ਹਥੋ ਹਥੀ ਵੰਡ ਕੇ, ਵਿਚ ਦੇਸ ਖਿੰਡਾਯਾ।
ਪੁਜਾ ਪੰਜੇ ਸਾਹਿਬ ਵੀ, ਸਭ ਮਤਲਬ ਪਾਯਾ।

ਇਕ ਦੋ ਲੀਡਰ ਆਵੰਦੇ, ਗੁਰ ਧਾਮ ਤਕਾਯਾ।
ਮੁਸਲਮਾਨਾਂ ਸਦ ਕੇ, ਇਕ ਥਉ ਬਠਾਯਾ।
ਚੰਗ਼ੀ ਰੀਤੀ ਸਾਰਿਆਂ, ਹਿਤ ਕਰ ਸਮਝਾਯਾ।
ਸਿਖ ਖਿਲਾਫਤ ਵਾਸਤੇ, ਰਹਿ ਜ਼ੋਰ ਲਗਾਯਾ।
ਤੁਸਾਂ ਕਿਉ ਏਥੇ ਆਨ ਕੇ, ਹੈ ਸ਼ੋਰ ਮਚਾਯਾ।
ਗੁਰੂ ਦੁਵਾਰ ਸੁਧਾਰ ਦਾ, ਇਨ ਬੀੜਾ ਚਾਯਾ।
ਹਥ ਵਟਾਵੋ ਜੇ ਹੋਆਯਾ ॥ ੩੧ ॥

ਪਉੜੀ

ਏਨ੍ਹਾਂ ਨੇ ਸਮਝਾ ਲਏ, ਸਭ ਮੁਸਲਮਾਨੇ।
ਕਹਨੀ ਉਤੇ ਆਪਣੀ, ਬਹੁਤੇ ਪਛਤਾਨੇ।
ਆਖੇ ਲਗ ਮਹੰਤ ਦੇ, ਕੀ ਕਰਮ ਕਮਾਨੇ।
ਪਾਸ ਸਿਖਾਂ ਦੇ ਆਵੰਦੇ, ਕੁਝ ਮੋਮਨ ਦਾਨੇ।
ਅਖਸ਼ੋ ਭੁਲ ਅਸਾਡੜੀ, ਨਿਜ ਦਾਸ ਪਛਾਨੇ।
ਗਲਤੀ ਕੀਤੀ ਅਸਾਂ ਨੇ, ਹੋਗਏ ਨਿਦਾਨੇ।
ਏ ਹੁ ਬੀ ਗੋਂਦ ਮਹੰਤ ਦੀ, ਹੋ ਗਈ ਵਿਰਾਨੇ।
ਝੰਡੇ ਏਥੇ ਖਾਲਸੇ, ਮਜ਼ਬੂਤ ਗਡਾਨੇ।
ਇਹ ਬੀ ਥੋਥੇ ਹੋਗਏ, ਟੂਣੇ ਤੇ ਦਾਨੇ।
ਬੇਈਮਾਨੀ ਹੋਰ ਇਕ, ਹੁਨ ਲਗੇ ਕਰਾਨੇ।
ਸ੍ਰਭਿ ਗੁਰ ਅਪਨੇ ਸਿਖ ਬਚਾਨੇ ॥ ੩੨ ॥

ਪਉੜੀ

ਸਹਿਜ ਧਾਰੀਏ ਸਿਖ ਜੋ, ਵਿਚ ਨਗਰ ਵਸਾਂਦੇ।
ਦੋ ਇਕ ਤਰਫ ਅਕਾਲੀਆਂ,ਹੋਰ ਉਲਟੇ ਜਾਂਦੇ ।
ਕਰਦੇ ਪਖ ਮਹੰਤ ਦਾ, ਨਾਹੀ ਸ਼ਰਮਾਂਦੇ।
ਪਾਪੀ ਪਾਪ ਚਿਤਾਰ ਦੇ, ਏਹ ਮਤੇ ਪਕਾਂਦੇ।
ਜੋ ਸਨ ਵਲ ਅਕਾਲੀਆਂ, ਓਨਾ ਧਮਕਾਂਦੇ।
ਚੱਟੀ ਓਨਾਂ ਤਾੜ ਕੇ, ਚਾ ਅਗ ਲਗਾਂਦੇ।
ਉਨਾਂ ਜਾਤਾ ਆਨ ਕੇ, ਜਦ ਸਿਖ ਬੁਝਾਂਦੇ।
ਖਾਲੀ ਛਡ ਗੁਰ ਧਾਮ ਨੂੰ, ਏਧਰ ਉਠ ਧਾਂਦੇ।
ਤਦੋਂ ਸਾਂਭੀਏ ਚਲਕੇ, ਏਹ ਧੋਖਾ ਖਾਂਦੇ।
ਪਾਪ ਪਾਪੀਆਂ ਦੇ ਸਿਰ ਪਾਂਦੇ ॥ ੩੩॥

ਪਉੜੀ

ਚੱਟੀ ਵਲ ਜਾਂ ਗੁਰਮੁਖਾਂ,ਤਿਨ ਅਗਾਂਲਾਈਆਂ।
ਨਿਰ ਵੈਰੇ ਸੰਗ ਮੂਰਖਾਂ,ਕਰ ਬੁਰੀ ਬੁਰਾਈਆਂ
ਬੁਰਾ ਤਕੇ ਜੋ ਕਿਸੇ ਦਾ, ਸਭ ਅਗੇ ਆਈਆਂ ।
ਸਭ ਓਨ੍ਹਾਂ ਦੀ ਹਟੀਆਂ,ਅਗਨਾਲ ਸੜਾਈਆਂ ।
ਅਗ ਲਾਈ ਸੀ ਜਿਨ੍ਹਾਂ ਨੂੰ,ਸੋ ਗੁਰੂ ਬਚਾਈਆਂ ।
ਮਨ ਮੁਖ ਰੋਂਦੇ ਪਿਟਦੇ, ਸਿਰ ਧੂੜਾਂ ਪਾਈਆਂ।
ਦਿਨ ਅਗਲੇ ਗੁਰਵਰਿਆਂ,ਭੁਲਾਂ ਬਖਸ਼ਾਈਆਂ
ਕੀਤਾ ਪੱਖ ਮਹੰਤ ਦਾ ਕਿਉ ਅਸਾਂ ਸੁਦਾਈਆਂ ।

ਮੱਥੇ ਪਾਪ ਲਗਾਲਿਆ, ਵਿਚ ਪੈਚਾਂ ਭਾਈਆਂ।
ਅਸੀ ਨ ਸਿਖਾ ਰੋਕਦੇ,ਇਹ ਸਚ ਸੁਨਾਈਆਂ।
ਸਤਿ ਗੁਰ ਜਾਹਿਰ ਕਲਾ ਦਿਖਾਈਆਂ ॥ ੩੪ ॥

ਪਉੜੀ

ਮਿਠਾ ਸਿੰਘ ਬੀਮਾਰ ਸੀ, ਤਾਂ ਬਹੁਤਾ ਭਾਰਾ।
ਏਸੇ ਖਿੱਚ ਘਸੀਟ ਵਿਚ, ਪਰਲੋਕ ਸਿਧਾਰਾ।
ਛੋਟਾ ਵਿਚ ਮੁਕਦਮੇਂ, ਫਸ ਰਿਹਾ ਵਿਚਾਰਾ।
ਪੈਰ ਪੈਰ ਤੇ ਗੁਰੂ ਜੀ, ਰਹਿ ਤਾੜ ਅਪਾਰਾ।
ਤਾਂ ਬੀ ਮੂੜ ਨ ਸਮਝਦੇ, ਫਾਬੇ ਹੰਕਾਰਾ।
ਕਰਨ ਨਿਰਾਦਰ ਪੰਥ ਦਾ, ਆ ਵਾਰੋ ਵਾਰਾ।
ਜੋ ਭਿਗਦੇ ਨਿਰਮਾਨ ਹੋਇ, ਹੁੰਦਾ ਨਿਸ਼ਤਾਰਾ।
ਪੰਥ ਦਿਆਲੂ ਸਦਾ ਹੀ, ਕਰਦਾ ਪ੍ਰਤਿਪਾਰਾ।
ਸਰਨ ਪਿਆ ਦੀ ਰਖਦਾ, ਆਪੇ ਹੀ ਸਾਰਾ।
ਅੜਕੇ ਅੱਗੋ ਮੂਰਖਾਂ ਸਭ ਕਾਜ ਵਿਗਾਰਾ।
ਲਗੇ ਕਰਨ ਹੋਰ ਹੁਣ ਕਾਰਾ ॥ ੩੫ ॥

ਪਉੜੀ

ਤੀਵੀਂ ਓਸ ਮਹੰਤ ਦੀ ਕਰਦੀ ਚਤਰਾਈਆਂ।
ਨਾਰਾਂ ਸ਼ਹਿਰਨਿਵਾਸਣਾਂ ਨਿਜ ਸਾਥਮਲਾਈਆਂ।
ਉਠ ਸਵੇਰੇ ਘਰਾਂ ਤੋਂ ਗੁਰ ਧਾਮ ਸਿਧਾਈਆਂ।
ਆਨ ਸਿਖਾਤੇਬਿਜਲੀਆਂ ਵਾਂਗੁਰਕੜਕਾਈਆਂ।

ਗਲਾਂ ਮੂੰਹ ਤੋਂ ਇਨ੍ਹਾਂ ਨੇ ਸੀ ਬਹੁਤ ਸੁਨਾਈਆਂ।
ਹੱਥ ਨ ਚੁਕਣ ਨਾਂਹ ਤੇ ਇਹਸਿੰਘ ਅਦਾਈਆਂ
ਇਕਠ੍ਹ ਕਰੀ ਨਿਰਾਦਰੀ ਬਹੁ ਸਿਰੈ ਚੜ੍ਹਾਈਆਂ
ਤਦ ਸਿੰਘਾਂ ਨੇ ਸੋਚਿਆ ਏਹ ਕਰਨ ਕੁਦਾਈਆਂ
ਅੱਗੋਂ ਹੋਤ ਮੁਕਾਬਲੇ ਸਿੰਘਨੀਆਂ ਲਾਈਆਂ।
ਉਨ੍ਹਾਂ ਗਲਾਂ ਨਾਲ ਹੀ ਸਭੈ ਸ਼ਰਮਾਈਆਂ।
ਉਠ ਘਰਾਂ ਨੂੰ ਛੇਤੀ ਆਈਆਂ ॥ ੩੬ ॥

ਪਉੜੀ

ਸਭੈ ਆਸਾਂ ਟੁਟੀਆਂ ਨਹੀ ਪੂਰੀ ਚੋਈ।
ਹੁਨ ਪੁਜਾਰੀਆਂ ਵਾਸਤੇ ਆ ਔਖੀ ਹੋਈ।
ਕੋਈ ਨ ਪਾਸਾ ਸੁਝਦਾ ਪਏ ਸੋਚਨ ਸੋਈ।
ਹੁਨ ਅਗੇ ਸਰਕਾਰ ਦੇ ਕਰੀਏ ਅਰਜੋਈ।
ਚੁਕਣ ਵਾਲੇ ਚੁਕਦੇ ਉਠ ਨਾਲ ਤਰੋਈ।
ਆਖਣ ਅਰਜ਼ੀ ਕਰ ਦਿਓ ਸਰਕਾਰ ਸੁਨੋਈ।
ਮਾਰੇ ਹਕ ਨ ਤੁਸਾਂ ਦਾ, ਇਨਸਾਫ ਕਰੋਈ।
ਗੌਰਮਿੰਟ ਅੰਗ੍ਰੇਜ਼ ਦੀ, ਆਦਲ ਦਰਸੋਈ।
ਚੁਕ ਭਖਾਯਾ ਮੂਰਖਾਂ, ਗਲ ਬਿਰਥਾ ਰੋਈ।
ਸੋ ਬੀ ਕਰਨਤਿਆਰੀਆਂ,ਨਹੀ ਢਿਲ ਬਨੋਈ।
ਅਰਜ਼ੀ ਪਾਵਨ ਨੂੰ ਉਠਲੋਈ ॥ ੩੭ ॥

ਪਉੜੀ

ਚੰਗੇ ਨਾਮੀ ਚੁਣ ਲਏ, ਜੋ ਸਿਖ ਸਰਦਾਰੇ।
ਬਾਰਾਂਪੰਦਰਾਂ ਚੋਣਵੇਂ, ਸਨ ਲਏ ਨਿਤਾਰੇ।
ਅਰਜ਼ੀ ਦਾਹਵੇ ਉਨ੍ਹਾਂ ਤੇ, ਵੇਖੋ ਕਰ ਭਾਰੇ।
ਵੈਰੀ ਮੁਫਤ ਬਨਾ ਲਏ, ਸਭ ਕਿਸਪਰਕਾਰੇ।
ਰੋ ਰੋ ਅਰਜ਼ਾਂ ਕੀਤੀਆਂ, ਅਗੇ ਸਰਕਾਰੇ।
ਮਾਰ ਕੱਢਿਆ ਅਸਾਂ ਨੂੰ, ਸਿਖਾਂ ਦੁਰਕਾਰੇ।
ਜਬਰਨ ਸਾਥੋਂਖੋਹ ਲਿਆ, ਆ ਗੁਰੂ ਦੁਵਾਰੇ।
ਹੋਰ ਨ ਕੋਈ ਆਸਰਾ, ਕਿਉ ਹੋਨ ਗੁਜ਼ਾਰੇ।
ਮਾਈ ਬਾਪ ਸਰਕਾਰ ਹੈ, ਜੇ ਕਿਰਪਾ ਧਾਰੇ।
ਹਕ ਦੁਵਾਵੈ ਅਸਾਂ ਦਾ, ਹਾਂ ਦੁਖੀਏ ਭਾਰੇ।
ਡੁਬਦਾ ਬੇੜਾ ਪਾਰ ਉਤਾਰੇ॥ ੩੮ ॥

ਪਉੜੀ

ਸਦਣ ਬਦਲੇ ਸਾਰਿਆਂ, ਨਿਕਲੇ ਪਰਵਾਨੇ।
ਇਜ਼ਤ ਵਾਲੇ ਆਦਮੀ, ਮਸ਼ਹੂਰ ਘਰਾਨੇ।
ਮੂੰਹ ਲਗਦੇ ਸਰਕਾਰ ਦੇ, ਸਭ ਹੀ ਸਨਮਾਨੇ।
ਸਮਨ ਸਭਨਾ ਲੈ ਲਏ,ਨਹਾ ਉਜਰ ਕਰਾਨੇ।
ਵਿਚ ਕਚਹਿਰੀ ਜਾਇ ਕੈ, ਸਭ ਹੋ ਗੁਰਜਾਨੇ।
ਸ਼ੇਰਾਂ ਵਾਂਗੂੰ ਬੋਲਦੇ, ਨਾਹੀ ਡਰ ਖਾਨੇ।
ਇਕ ਦੋ ਪੈਕੇ ਪੇਸ਼ੀਆਂ, ਕਰ ਕਈ ਬਹਾਨੇ।

ਹਾਹਵਾ ਖਾਰਜ ਹੋ ਗਿਆ, ਝਗੜੇ ਨਿਪਟਾਨੇ।
ਬੈਠੇ ਘਰ ਵਿਚ ਆਨਕੇ, ਮੂੰਜੀ ਸ਼ਰਮਾਨੇ।
ਹਸਦਾ ਆਵੈ ਖਾਲਸਾ ਵਜਨ ਸ਼ਦਆਨੇ।
ਗੁਰ ਸਿਖਾਂ ਦੇ ਸਦ ਕੁਰਬਾਨੇ ॥ ੨੯ ॥

ਪਉੜੀ

ਛਤੇ ਮੋਰਚਾ ਖਾਲਸੇ, ਏਹ ਬੀ ਕਰ ਲੀਨਾਂ।
ਪਿਛੈ ਪੈਰ ਨ ਰਖਿਆ, ਡਾਹ ਅਗੇ ਸੀਨਾ।
ਕਰ ਸੇਵਾ ਗੁਰ ਧਾਮਦੀ, ਨਿਜ ਸਫਲਾ ਕੀਨਾਂ।
ਗੁਰ ਪਗ ਪਰਮ ਸਰੋਵਰੋ, ਸਿਖ ਵਾਂਗਰ ਮੀਨਾਂ।
ਰਜ ਗੁਰਮਾਲਾ ਸੋਹਣੀ, ਸਿਖ ਨੈਣ ਜਪੀਨਾਂ।
ਗੁਰ ਪਗ ਦਾਤੇ ਸਿਧੀਆਂ, ਫਿਰ ਤੋਟਕਭੀ ਨਾਂ।
ਹੁਨ ਮਹਿਮਾ ਗੁਰਧਾਮ ਦੀ, ਕਰ ਸਿਖ ਪੁਰਬੀਨਾਂ।
ਕਥਾ ਕੀਰਤਨ ਹੋਵੰਦਾ, ਗੁਰਮੱਤ ਆਧੀਨਾ।
ਲੰਗਰ ਚਲਦਾ ਗੁਰੂ ਦਾ, ਨਹੀ ਕਦੇ ਥੁੜੀਨਾਂ।
ਜਸ ਅਕਾਲੀਆਂ ਹੋ ਰਿਹਾ, ਸੁਭ ਸੇਵਕ ਚੀਨਾਂ।
ਸਤਿ ਗੁਰ ਪ੍ਰੇਮ ਸਦਾ ਉਹ ਭਾਨਾਂ ॥ ੪੦॥ ੧੫ ॥

੧ ੴ ਸਤਿਗੁਰ ਪ੍ਰਸਾਦਿ ॥

## ਗੁਰ ਦਵਾਰਾ ਜੋਗਾ ਸਿਘ

ਦੋਹਰਾ

ਜੋਗਾਸਿੰਘ ਸੋ ਬੀਤਿਆ, ਦਸਮ ਗੁਰੂ ਦਾ ਦਾਸ।
ਗੁਰੂ ਦਵਾਰਾ ਓਸਦਾ, ਵਿਚ ਪਸ਼ੌਰੇ ਖਾਸ ॥ ੧॥

ਪਉੜੀ

ਸਤਿਗੁਰ ਦਸਵੇਂ ਪਾਤਸ਼ਾਹ, ਰਹਿ ਪੁਰੀਅਨੰਦ ਦਾ।
ਸ਼ਾਹਨ ਸ਼ਾਹੀ ਤਖਤ ਤੇ, ਬੈਠੇ ਸੁਖ ਕੰਦਾ।
ਦਰਸਨ ਨੂੰ ਸਿਖ ਆਵੰਦੇ, ਉਠ ਪ੍ਰੇਮ ਅਨੰਦਾ।
ਸਿਖ ਚਕੋਰ ਉਰਜ਼ੋਰ ਵੈ, ਮੁਖ ਸਤਿਗੁਰ ਚੰਦਾ।
ਡੋਰੀ ਵੱਸ ਪਰੇਮ ਦੇ, ਜੋ ਤੋੜ ਪੁਜੰਦਾ।
ਦਾਤੇ ਚਾਰ ਪਦਾਰਥਾਂ, ਦੇ ਮਨ ਛਵੰਦਾ।
ਵਾਨ ਸਬਦ ਅਗਿਆਨ ਦਾ, ਗੁਰ ਨਾਸ ਕਰੰਦਾ।
ਹਿੰਦੂ ਮੋਮਨ ਨਾਰ ਨਰ, ਇਕ ਨਬ੍ਹ ਤਕੰਦਾ।
ਕੁੰਜੀ ਸੁਰਤ ਲਗਾਇਕੇ, ਭੁੰਨ ਭ੍ਰਮਾਂ ਜੰਦਾ।
ਦਯਾ ਦ੍ਰਿਸਟ ਜਗ ਤਾਰਨਾ, ਏਹ ਬਾਨ ਧਰੰਦਾ।
ਸਤਿਗੁਰ ਪੂਰਾ ਹੈ ਬਖਸ਼ੰਦਾ ॥ ੨ ॥

ਪਉੜੀ

ਦੂਰ ਦੂਰ ਤੋਂ ਸੰਗਤਾਂ, ਚਲ ਦਰਸਨ ਪਾਵੈਂ।

ਤਨ ਮਨ ਧਨ ਅਰ ਪਾਵੰਦੇ,ਗੁਰ ਖੁਸ਼ੀ ਕਰਾਵੈਂ।
ਭਾਗ ਵਡੇਰੇ ਜਾਨਦੇ, ਜਦ ਨੈਨ ਤਕਾਵੈਂ।
ਏਕ ਦ੍ਰਿਸਟ ਗੁਰ ਤਾਰਦੀ, ਏਹ ਟੇਕ ਟਕਾਵੈਂ।
ਪੂਰਬ ਪਛਮ ਉਤਰੋਂ, ਉਰ ਪਰੇਮ ਸਿਧਾਵੈਂ।
ਸੰਗਤ ਬਹੁਤ ਪਸ਼ੌਰ ਤੋਂ, ਏਹ ਮਤਾ ਪਕਾਵੈਂ।
ਪੋਹ ਸਤਮੀ ਸੁਦੀ ਦਾ, ਗੁਰ ਪੁਰਬ ਮਨਾਵੈਂ।
ਚਲ ਗੁਰੂ ਦੇ ਪਾਸ ਹੋ, ਏਹ ਸਭ ਨੂੰ ਭਾਵੈਂ।
ਭੇਟਾ ਆਪੋ ਅਪਣੀ, ਲੈ ਤੁਰਤ ਤੁਰਾਵੈਂ।
ਗੁਰ ਹਜੂਰ ਜਾ ਪੁਜਦੇ, ਰਜ ਰਜ ਦਰਸਾਵੈਂ।
ਜਨਮ ਜਨਮ ਦੇ ਪਾਪ ਮਿਟਾਵੈਂ ॥ ੩ ॥

ਪਉੜੀ

ਇਕ ਪ੍ਰੇਮੀ ਸਿਖ ਦਾ, ਇਕ ਬਾਲ ਇਆਨਾ।
ਸੂਰਤ ਸੁੰਦਰ ਮੋਹਣੀ, ਸਭ ਦੇ ਮਨ ਭਾਨਾਂ।
ਬਾਤਾਂ ਕਰੇ ਸਤੋਤਲੀ, ਪਰ ਢੰਗ ਸਿਆਨਾਂ।
ਇਕਦਿਨ ਗੁਰਢਿਗ ਬੈਠਿਆਂ, ਕੀ ਕ੍ਰਮ ਕ੍ਰਾਨਾਂ।
ਸੰਗਤ ਬੈਠੀ ਬਹੁਤ ਸੀ, ਸਜ ਰਿਹਾ ਦਿਵਾਨਾਂ।
ਏਹ ਬਾਲਕ ਗੁਰ ਦੀਖ ਦਾ, ਖੇਡੇ ਪਰਵਾਨਾਂ।
ਰੁਪ ਰੁਪ ਮਾਰ ਉਡਾਰੀਆਂ, ਚਾਹੇ ਢਿਗ ਜਾਨਾਂ।
ਮਾ ਪਿਉ ਫੜ ਫੜ ਰੋਕਦੇ, ਹੋਇ ਪੈਣ ਸਮਾਨਾਂ।
ਓੜਕ ਹਥੋਂ ਨਿਕਲੇ, ਗੁਰ ਪਾਸ ਪੁਜਾਨਾਂ।

ਨੇੜੇ ਜਾ ਗੁਰ ਤਖਤ ਦੇ, ਚੁਪ ਚਾਪ ਬਠਾਨਾਂ।
ਹਥ ਸੀਸ ਧਰ ਗੁਰੂ ਬੁਲਾਨਾਂ ॥ ੪ ॥

ਪਉੜੀ

ਧੰਨ ਭਾਗ ਗੁਰ ਬਾਲ ਦੇ, ਕਰ ਮਸਤਕ ਧਾਰਾ।
ਭਵਜਲ ਵਿਚੋਂ ਕੱਢਿਆ, ਹੋਯਾ ਨਿਸਤਾਰਾ।
ਅੰਦਰ ਹੋਯਾ ਚਾਨਣਾ, ਮਿਟਿਆ ਅੰਧਿਆਰਾ।
ਧੰਨਮਾਈ ਜਿਨਜਨਮਿਆ,ਸੁਤਐਸਾ ਪਿਆਰਾ।
ਇਕੀ ਕੁਲਾਂ ਤਰਾਵਸੀ, ਬਨ ਖੇਵਟ ਭਾਰਾ।
ਢਿਦਾ ਮੀਨ ਗੁਰ ਦਰਸਨਾਂ,ਰਹਿ ਨੀਰ ਅਧਾਰਾ।
ਕੁੰਡੀ ਪਾਇ ਪਰੇਮ ਦੀ, ਗੁਰ ਖਿੱਚਨ ਹਾਰਾ।
ਮੁੜੇ ਪਤੰਗ ਨ ਦੀਪ ਤੋਂ, ਕਰ ਘਾਇਲ ਝਾਰਾ।
ਸਤਿਗੁਰ ਨਾਲ ਪਿਆਰਦੇ,ਮੁਖ ਬਚਨ ਉਚਾਰਾ।
ਕਿਥੋਂ ਆਇਓਂ ਬਾਲਕਾ, ਕੀ ਨਾਮ ਤੁਮਾਰਾ ॥
ਦਸ ਖੋਲ੍ਹ ਕੇ ਕਰ ਇਜ਼ਹਾਰਾ ॥ ੫ ॥

ਪਉੜੀ

ਹਥ ਜੋੜ ਤਿਸ ਬਾਲ ਨੇ, ਸਿਰ ਦੀਆ ਝੁਕਾਈ।
ਕਰ ਕੇ ਬਾਣੀ ਤੋਤਲੀ, ਮੁਖ ਗਿਰਾ ਅਲਾਈ।
ਜੋਗਾ ਮੇਰਾ ਨਾਮ ਹੈ, ਸਤਿ ਗੁਰ ਸੁਖਦਾਈ।
ਆਏ ਚਲ ਪਸ਼ੌਰ ਤੋਂ, ਪਿਤ ਮੇਰੀ ਮਾਈ।
ਗੁਰ ਦਰਸਨ ਦੀ ਲਾਲਸਾ, ਜੋ ਖਿੱਚ ਲਿਆਈ।

ਗੁਰੂ ਕਹੇਂ ਸੁਨ ਜੋਗਿਆ, ਦੈ ਸਭ ਸਮਝਾਈ।
ਕਿਸਦੇ ਜੋਗਾ ਜਾਨੀਏ ? ਤੈਨੂ ਹੁਨ ਭਾਈ।
ਗੁਰ ਜੀ ਸੇਵਕ ਆਪ ਦਾ, ਮੈਂ ਸਾਚੀ ਗਾਈ।
ਚੁਕ ਗੁਰੂ ਗਲ ਲਾਵੰਦੇ, ਦਿਤੀ ਵਡਿਆਈ।
ਹੁੰਦੇ ਬੇੜੇ ਪਾਰ ਨੇ, ਸੰਕਾ ਨਹਿ ਰਾਈ।
ਦਾਤ ਸਤਿਗੁਰੂ ਪਾਸੋਂ ਪਾਈ॥ ੬ ॥

ਪਉੜੀ

ਪਾਸ ਗੁਰੂ ਦੇ ਭਾਵਨਾਂ, ਧਰ ਸਮਾਂ ਬਤਾ ਕੇ।
ਸੰਗਤ ਵਿਦਿਆ ਹੋ ਤੁਰੀ, ਮਨ ਵਿਚ ਸੁਖ ਪਾਕੇ।
ਲਈ ਗੁਰੂ ਪ੍ਰਸੰਨਤਾ, ਮੁਖ ਫਤੇ ਗਜਾ ਕੇ।
ਮਾਂ ਪਿਉ ਮੁੜੇ ਪਸ਼ੌਰ ਨੂੰ, ਗੁਰ ਦਰਸ਼ਨ ਪਾਕੇ।
ਆਖਣ ਪੁਤ੍ਰ ਜੋਗਿਆ, ਤੁਰ ਨਾਲ ਰਲਾ ਕੇ।
ਮੱਛੀ ਨੀਰੋਂ ਬਾਹਿਰੀ, ਕਿਉ ਰਹੇ ਬਚਾ ਕੇ।
ਬੂੰਦ ਵਿਹੂਨਾ ਚਾਤ ਕੋ, ਮਰਦਾ ਭੜਫਾ ਕੇ।
ਜੋਗਾ ਗੁਰ ਤੋਂ ਵਿਛੜੇ, ਕੈਸੇ ਭਰਮਾ ਕੇ।
ਮਾਪੇ ਜ਼ੋਰ ਲਗਾਵੰਦੇ, ਬਹੁਤਾ ਸਮਝਾ ਕੇ।
ਜੋਗਾ ਜੋਗ ਨ ਮੰਨਦਾ, ਰਹਿ ਵਜ ਵਜਾਕੇ।
ਗੁਰ ਚਰਨਾਂ ਦੀ ਆਸ ਤਕਾ ਕੇ॥ ੭ ॥

ਪਉੜੀ

ਓੜਕ ਸਤਿਗੁਰ ਵੇਖਦੇ, ਪ੍ਰੇਮੀ ਅਧਿਕਾਜਾ।

ਮਾਤ ਪਿਤਾ ਤਿਸ ਬਾਲਦੇ, ਚੰਗਾ ਸਮਝਾਯਾ।
ਰਹਿਣ ਦਿਓ ਇਸ ਬਾਲ ਨੂੰ, ਏਥੇ ਸੁਖ ਪਾਯਾ।
ਓਨ੍ਹਾਂ ਨੇ ਵੀ ਮੰਨਿਆ, ਨਹਿ ਵਾਕ ਫਿਰਾਯਾ।
ਰਿਹਾ ਬਾਲ ਗੁਰ ਪਾਸਹੀ, ਵਡ ਨਾਗ ਦਿਸਾਯਾ।
ਰਹਿੰਦਾ ਗੁਰੂ ਹਜ਼ੂਰ ਸੋ, ਨਹੀ ਚਿਤ ਭੁਲਾਯਾ।
ਛੋਟੀ ਉਮਰੇ ਏਸ ਨੂੰ, ਗੁਰ ਸੁਧਾ ਛਕਾਯਾ।
ਜੋਗਾਸਿੰਘ ਹੁਨ ਬਨਗਿਆ, ਸੇਵਾ ਚਿਤ ਲਾਯਾ।
ਸੇਵਾਦਾਰ ਹਜੂਰ ਦੇ, ਹੋ ਚਿਤ ਨੂੰ ਭਾਯਾ।
ਦਾਤ ਅਕਾਲੀ ਬਖਸ਼ਦੇ, ਨਿਜ ਰੂਪ ਮਲਾਯਾ।
ਪੂਰ ਅਨੰਦ ਕੁਝ ਸਮਾਂ ਬਤਾਯਾ ॥ ੯ ॥

ਪਉੜੀ

ਜੋਗਾਸਿੰਘ ਜਦ ਪੁਜਿਆ, ਆ ਨੇੜ ਜੁਵਾਨੀ।
ਮਾਤ ਪਿਤਾ ਚਲ ਆਵੰਦੇ, ਗੁਰ ਦਰਸਨ ਜਾਨੀ।
ਪਾਸ ਗੁਰੂ ਦੇ ਖਾਸ ਏਹ, ਤਿਨ ਬਿਨੈ ਬਖਾਨੀ।
ਜੋਗਾ ਸਿੰਘ ਨੂੰ ਤੋਰਨਾਂ, ਗੁਰ ਕਿਰਪਾ ਖਾਨੀ।
ਸ਼ਾਦੀ ਇਸਦੀ ਹੋਗਿਆ, ਦਿਨ ਪੱਕ ਪਛਾਨੀ।
ਕਰ ਸ਼ਾਦੀ ਆ ਜਾਵਸੀ, ਏਥੇ ਸੁਖਦਾਨੀ।
ਜੋਗਾ ਸਿੰਘ ਨ ਮੰਨਦੇ, ਜਾਵਨ ਦੀ ਬਾਨੀ।
ਤਾਂ ਸਤਿਗੁਰ ਨੇ ਆਖਿਆ, ਜਾਵੋ ਹਿਤ ਸਾਨੀ।
ਸ਼ਾਦੀ ਕਰ ਆ ਜਾਵਨਾਂ, ਏਸੋ ਅਸਥਾਨੀ।

ਪਰ ਏਹ ਚੇਤੇ ਰਖਣੀ, ਨਹਿ ਕਦੇ ਭੁਲਾਨੀ।
ਸੱਦੇ ਆਓ ਨ ਢਿਲ ਲਗਾਨੀ ॥ ੯ ॥

ਪਉੜੀ

ਜੋਗਾਸਿੰਘ ਤਾਂ ਤੁਰ ਪਿਆ, ਗੁਰ ਆਇਸ ਪਾਈ।
ਚਿਤ ਗੁਰੂ ਦੇ ਪਾਸ ਹੈ, ਧੜ ਤੁਰਿਆ ਜਾਣਾ।
ਪੁਜੇ ਵਿਚ ਪਸ਼ੌਰ ਦੇ, ਰਾਹ ਸਫਰ ਮੁਕਾਈ।
ਦਿਨ ਸਾਦੀ ਦਾ ਆਗਿਆ, ਬਹੁ ਖੁਸ਼ੀ ਮਨਾਈ।
ਸਾਕ ਸਬੰਧੀ ਆ ਜੁੜੇ, ਮਿਲ ਮੰਗਲ ਗਾਈ।
ਸਾਜ ਸਮਾਜ ਸੁਧਾਰ ਕੇ, ਇਕ ਜੰਞ ਬਨਾਈ।
ਢੁਕੇ ਜਾ ਘਰ ਧੇਤਿਆਂ, ਸਭ ਗੀਤ ਕਰਾਈ।
ਖਾ ਪੀ ਸੁਤੇ ਰਾਤ ਨੂੰ, ਕਰ ਸਗਨ ਸਬਾਈ।
ਅੰਮ੍ਰਤ ਵੇਲੇ ਉਠ ਕੇ, ਏਹ ਕਿਰਤ ਕਮਾਈ।
ਲਾਵਾਂ ਦੋ ਹੋ ਜਾਂਦੀਆਂ, ਦੋ ਅਜੇ ਰਹਾਈ।
ਖੇਡ ਗੁਰੂ ਨੇ ਕੀ ਵਰਤਾਈ ॥ ੧੦ ॥

ਪਉੜੀ

ਜੋਗਾ ਸਿੰਘ ਜਦ ਤੋਰਿਆ, ਸੀ ਗੁਰ ਕ੍ਰਿਪਾਲੇ।
ਸ਼ਾਦੀ ਕਰਨ ਵਾਸਤੇ, ਪਿਤ ਮਾਤਾ ਨਾਲੇ।
ਮੰਤਰ ਜੋਗਾ ਸਿੰਘ ਨੂੰ, ਸਭ ਏਹ ਸਿਖਾਲੇ।
ਸੱਦਾ ਪੁਜੇ ਅਸਾਂ ਦਾ, ਆਵੇ ਤੜ ਕਾਲੇ।
ਇਕ ਸਿਖ ਨੂੰ ਮਗਰ ਹੀ, ਗੁਰ ਦੇਵ ਪਠਾਲੇ।

ਲਿਖ ਪਰਵਾਨਾਂ ਓਸਦੇ, ਕਰ ਦੇਣ ਹਵਾਲੇ।
ਵੇਖਦਿਆਂ ਤੁਰ ਆਵਣਾ, ਏਹ ਲੇਖ ਲਿਖਾਲੇ।
ਲਾਂਵਾਂ ਉਪਰ ਬੈਠਿਆਂ, ਤਿਸ ਦਿਓ ਸੁਖਾਲੇ।
ਵੇਲੇ ਉਪਰ ਪੁਜਦਾ, ਸੋ ਸਿਖ ਉਤਾਲੇ।
ਲਾਵਾਂ ਦੋ ਸਨ ਰਹਿੰਦੀਆਂ, ਗੁਰ ਹੁਕਮ ਵਖਾਲੇ
ਜੋਗਾ ਸਿੰਘ ਪਿਖ ਹੋਇ ਨਿਹਾਲੇ ॥ ੧੧ ॥

ਪਉੜੀ

ਡਿਠਾ ਖਾਸ ਹਜੂਰ ਦਾ, ਜਦ ਹੀ ਪਰਵਾਨਾਂ।
ਲੈਕੇ ਪਹਿਲਾਂ ਚੁੰਮਿਆਂ, ਫਿਰ ਸੀਸ ਟਿਕਾਨਾਂ।
ਪੜਿਆ ਨਾਲ ਪ੍ਰੇਮ ਦੇ, ਬਹੁਤਾ ਹਰਖਾਨਾਂ।
ਓਸੇ ਵੇਲੇ ਉਠਦਾ, ਨਹੀਂ ਰੁਕੇ ਰੁਕਾਨਾਂ।
ਫਤੇ ਗਜਾ ਕੇ ਸਾਜਿਆਂ, ਹੋ ਪਿਆ ਰਵਾਨਾਂ।
ਹਥ ਜੋੜ ਸਨਬੰਧੀਆਂ, ਸੀ ਬਚਨ ਬਖਾਨਾਂ।
ਦੋ ਲਾਵਾਂ ਕਰ ਪੂਰੀਆਂ, ਤੁਰ ਜਾਓ ਸੁਜਾਨਾਂ।
ਸਿੰਘ ਨ ਮੰਨੇ ਸੀਸ ਤੇ, ਗੁਰ ਹੁਕਮ ਧਰਾਨਾਂ।
ਸਾਕ ਸਬੰਧੀ ਲੋੜਦੇ, ਮੋਹ ਜਾਲ ਫਸਾਨਾਂ।
ਸਤਿਗੁਰ ਨੇ ਤਿਸ ਕਢਣਾਂ, ਨਿਰਲੇਪ ਰਖਾਨਾਂ।
ਰਹੇ ਸਿਖ ਜਲ ਕਮਲ ਸਮਾਨਾਂ ॥ ੧੨ ।

ਪਉੜੀ

ਜ਼ੋਰਾ ਜ਼ਬਰੀ ਤੁਰ ਪਿਆ, ਸਿਖ ਗੁਰੂ ਚਿਤਾਰੇ

ਮਜ਼ਲਾਂ ਕਟ ਜਾ ਪੁਜਿਆ, ਵਿਚ ਪੁਰ ਹੁਸ਼ਿਆਰੇ
ਜਦੋਂ ਲੰਘਜਾ ਜਾਵੰਦਾ, ਵਿਚਕਾਰ ਬਜ਼ਾਰੇ ।
ਵੇਖੀ ਬੈਠੀ ਵੇਸਵਾ, ਲਾ ਹਾਰ ਸਿੰਗਾਰੇ ।
ਰਾਹ ਜਾਂਦੇ ਪੰਖੇਰੂਆਂ, ਸਰ ਤਿਖੇ ਮਾਰੇ ।
ਤੀਰ ਨਿਗਾਹ ਦੇ ਨਾਲ ਹੀ ਘਾਇਲ ਕਰ ਡਾਰੇ
ਜੋਗਾ ਸਿੰਘ ਵੀ ਫਟਿਆ, ਖਾ ਬਾਣ ਕਰਾਰੇ ।
ਕਾਮ ਦੇਵ ਆ ਛਡਦਾ, ਸਰ ਫੁਲਾਂ ਸਾਰੇ ।
ਮੋਹ ਆਦਿਕ ਤਿਸ ਸੂਰਮੇਂ, ਮਾਰਨ ਲਲਕਾਰੇ।
ਬਿਰਹੋਂ ਚਿੰਗਾੜੀ ਚਮਕਦੀ,ਰਿਦ ਸਿਖ ਦਾਜਾਰੇ।
ਤੜਫੇ ਮੱਛੀ ਨਦੀ ਕਨਾਰੇ॥ ੧੩ ॥

ਪਉੜੀ

ਹਾਹਾ ਨਾਰ ਛਿਨਾਰ ਨੇ, ਸਿਖ ਘਾਇਲ ਕਰਿਆ
ਵੇਖਦਿਆਂ ਲੈ ਹਾਉਕਾ; ਸਾਹ ਠੰਡਾ ਭਰਿਆ ।
ਲਗਾ ਰੋਗ ਕੁਵੱਲੜਾ, ਨਹਿ ਜਾਂਦਾ ਜਰਿਆ ।
ਆਖੇ ਮੈਂ ਪਰਮੇਸ਼ਰਾ, ਬਿਨ ਮੌਤੋਂ ਮਰਿਆ ।
ਵਿਸ਼ਾ ਸਮੁੰਦਰ ਅਗਾ ਦਾ, ਕੋ ਵਿਰਲਾ ਤਰਿਆ ।
ਘਾਸ ਫੂਸ ਮੰਦ ਵਾਸ਼ਨਾਂ, ਹੈ ਗਿਰਦੇ ਭਰਿਆ ।
ਸਿਖੀ ਵਲ ਨਿਹਾਰ ਕੇ, ਚਿਤ ਬਹੁਤਾ ਡਰਿਆ ।
ਓੜਕ ਚਿਤ ਵਿਚ ਓਸਨੇ, ਇਹ ਨਿਸ਼ਚਾ ਧਰਿਆ
ਏਥੇ ਰਾਤ ਗੁਜ਼ਾਰੀਏ, ਜੇ ਕਾਰਜ ਸਰਿਆ ।

ਗਾਤ ਨ ਵੇਖੇ ਕੋਈ ਜਾਂ, ਚਿਤ ਕਰੀਏ ਹਰਿਆ
ਵਿਚ ਸ਼ਰਾਂ ਦੇ ਆਨ ਉਤਰਿਆ ॥ ੧੪ ॥

ਪਉੜੀ

ਨਾਰਿ ਨਾਰ ਹੋ ਜਾਰਦੀ, ਜੋ ਨੇਤ ਲਗਾਨਾਂ ।
ਰਿਖੀ ਮੁਨੀ ਅਵਤਾਰ ਜੋ, ਜੋਧੇ ਬਲਿਵਾਨਾਂ ।
ਪੀਰ ਪਕੰਬਰ ਔਲੀਏ, ਕੇਤੇ ਗੁਣ ਵਾਨਾਂ ।
ਜੋਗੀ ਜਤੀ ਤਪੀਸਰਾਂ, ਭਪ ਧਾਰੀ ਜਾਨਾਂ ।
ਹੋਇ ਸ਼ੇਰਨੀ ਸਾਰਿਆਂ, ਲਯ ਮਿਰਗ ਸਮਾਨਾਂ।
ਜਿਤ ਵਲੈਤਾਂ ਸਾਰੀਆਂ, ਫੜਕੇ ਕਿਰਪਾਨਾਂ ।
ਘਰ ਵਿਚ ਨਾਰ ਅਧੀਨ ਹੋ, ਰਹਿ ਸੇਵ ਕਮਾਨਾ
ਏਸੇ ਕਰਕੇ ਨੀਤ ਨੇ, ਇਕ ਬਚਨ ਬਖਾਨਾਂ ।
ਨੱਕ ਬੁਲਾਕ ਸੁ ਨਾਰ ਦੇ, ਕਹਿ ਚਿਹਾ ਹਿਲਾਨਾ
ਜੈਸੇ ਭੁਜਾ ਸਨੰਦਰੀ, ਕਰ ਦਹੀ ਰੁਕਾਨਾਂ ।
ਆਵੈ ਫੇਰ ਨਹੀਂ ਨਿਕਸਾਨਾਂ ॥ ੧੫ ॥

ਪਉੜੀ

ਫੋੜਾ ਨਿਕਲੇ ਬਾਲ ਨੂੰ, ਮਾਤਾ ਦੁਖ ਭਾਰੀ ।
ਨਾਸ ਓਸਦਾ ਲੋੜਦੀ, ਮਮਤਾ ਦੀ ਮਾਰੀ ।
ਸਤਿਗੁਰ ਸਚੇ ਪਾਤਸ਼ਾਹ, ਏਹ ਬਾਤ ਵਿਚਾਰੀ ।
ਫੋੜਾ ਇਹ ਹੰਕਾਰ ਦਾ, ਭਾਰਾ ਦੁਖਦਾਰੀ ।
ਸਿਖ ਰਿਦੇ ਸੀ ਉਠਿਆ, ਜਦ ਕਰੀ ਤਿਆਰੀ ।

ਮੇਰੇ ਵਾਂਗਰ ਕੌਣ ਹੈ, ਸਿਖ ਸਿਦਕ ਸੰਭਾਰੀ।
ਛਡ ਵਿਆਹ ਹਾਂ ਤੁਰ ਪਿਆ, ਮਨ ਸ਼ੇਖੀ ਭਾਰੀ
ਏਹ ਡੋਬੇਗਾ ਸਿਖ ਨੂੰ, ਭਵ ਸਿੰਘ ਮਝਾਰੀ।
ਚਾਹੀਏ ਸਿਖ ਬਚਾਵਣਾਂ, ਹੋਕੇ ਚਿਤ ਕਾਰੀ।
ਭਾਵੇਂ ਬਦਲੇ ਏਸਦੇ, ਨਿਜ ਕਸ਼ਟ ਸਹਾਰੀ।
ਰੂਪ ਲਿਆ ਦਰਬਾਨਾਂ ਧਾਰੀ ॥ ੧੬ ॥

ਪਉੜੀ

ਸੌ ਸੌ ਵਾਰੀ ਜਾਵੰਦਾ, ਮੈਂ ਸਦ ਕੁਰਬਾਂਨਾਂ।
ਤੇਰੇ ਬਾਝੋਂ ਦੂਸਰਾ, ਨ ਕੋਈ ਜਾਨਾਂ।
ਘੜਦੇ ਸਿਖਾਂ ਕੱਜਦਾ, ਕਰ ਮੇਹਰ ਮਹਾਨਾਂ।
ਇਕ ਵੇਰ ਜਿਸ ਆਪਣਾ, ਹੈ ਮੁਖੋਂ ਬਖਾਨਾਂ।
ਫੇਰ ਨ ਉਸਨੂੰ ਛਡਿਆ, ਸਦ ਗਲੇ ਲਗਾਨਾਂ।
ਭੁਲ ਨ ਵੇਖੇ ਸਿਖ ਦੀ, ਲਖ ਅਪਣਾ ਬਾਨਾਂ।
ਬਵਜਲ ਵਿਚੋਂ ਕਢਣਾਂ, ਇਹ ਨੇਮ ਪੁਰਾਨਾਂ।
ਤੇਰਾ ਹੀ ਜਸ ਗਾਵੰਦੇ, ਸਭ ਬੇਦ ਕੁਰਾਨਾਂ।
ਸੇਵਾ ਸਿੰਘ ਨੂੰ ਬਖਸ਼ਜੋ, ਨਿਤ ਮੰਗ ਮੰਗਾਨਾਂ।
ਦੇ ਚਰਨਾਂ ਦਾ ਆਸਰਾਂ, ਵਿਚ ਦੁਹਾਂ ਜਹਾਨਾਂ।
ਮੋਹਣੇ ਰੂਪ ਧਰੇ ਦਰਬਾਨਾਂ ॥ ੧੭ ॥

ਪਉੜੀ

ਤਲੋਂ ਮੱਛੀ ਤੜਫ਼ਦੇ, ਦੋ ਪਹਿਰ ਬਤਾਏ।

ਰਾਤ ਹਨੇਰਾ ਹੁੰਦਿਆਂ, ਉਠ ਸਿੰਘ ਸਿਧਾਏ।
ਜਾਇ ਦੁਵਾਰੇ ਵੇਸਵਾ, ਡਾਢਾ ਉਤਲਾਏ।
ਆਖੇ ਪੁਜਾਂ ਉਡਕੇ, ਜੇ ਵਸ ਚਲਾਏ।
ਜਾਕੇ ਵੇਖੇ ਟਹਿਲ ਦੇ, ਦਰਬਾਨ ਸਜਾਏ।
ਆਸਾ ਹਥ ਸੁਨਹਿਰੀਆਂ; ਬਰਦੀ ਚਮਕਾਏ।
ਦੂਰੋਂ ਹੀ ਸਿੰਘ ਰੋਕਿਆ, ਏਹ ਵਾਕ ਸੁਨਾਏ।
ਮਹਾਂਰਾਜ ਗਏ ਉਪਰੇ; ਨਹੀ ਜਾਣਾ ਪਾਏ।
ਕੌਣ ਤੂੰ ? ਕਿਥੋਂ ਆ ਗਿਆ ਆਖਾਂ ਸਮਝਾਏ।
ਮੁੜ ਜਾ ਅਪਣੇ ਥਾਨ ਤੇ, ਜੀ ਥੈਰ ਮਨਾਏ।
ਨਹੀਂ ਤੇ ਔਖੀ ਸਿਰ ਤੇ ਆਏ ॥ ੧੮ ॥

ਪਉੜੀ

ਨੀਵੀਂ ਅਖੀਂ ਮੁੜ ਪਿਆ,ਚਿਤ ਸੋਚ ਕਰੰਦਾ।
ਪਹਿਰ ਕਟ ਕੇ ਆਵਸਾਂ, ਜੇ ਵਕਤ ਮਿਲੰਦਾ।
ਫਿਰ ਆਇਆ ਤੇ ਬੂਹੇ ਤੇ, ਦਰਬਾਨ ਦਿਸੰਦਾ।
ਮੁੜਿਆ, ਤੀਜੀ ਵਾਰ ਨੂੰ, ਜਦ ਫੇਰ ਭਵੰਦਾ।
ਗਜਾਨਧਜਾਨਸਭ ਘੁਸਰਿਆ, ਨਹਿਰਤੀ ਰਹੰਦਾ
ਬੁਧਿ ਮਲੀਨ ਹੋ ਵੱਜਿਆ, ਅਗਿਆਨੇ ਜੰਦਾ
ਤਾਂ ਦਰਬਾਨੇ ਡਾਟਿਆ, ਇਉ ਬੋਲ ਬਲੰਦਾ।
ਸੋਈ ਸਿਖ ਤੂੰ ਜਾਪਦਾ, ਗੁਰ ਪਾਸ ਬਹੰਦਾ।
ਸੱਜੇ ਪਾਸੇ ਗੁਰੂ ਦੇ, ਜੋ ਖੂਬ ਸਜੰਦਾ।

ਸੁਣ ਸਿਰ ਪਾਣੀ ਪੈ ਗਿਆ, ਹੋਕੇ ਸ਼ਰਮਿੰਦਾ।
ਮੜਿਆ ਗਿਣਤੀ ਕਈ ਗਣੰਦਾ ॥ ੧੯ ॥

ਪਉੜੀ

ਪੁਰ ਅਨੰਦ ਵਲ ਤੁਰ ਪਿਆ, ਨਹਿ ਜ਼ਰਾ ਰੁਕਾਂਦਾ
ਮੈਂ ਮੂਰਖ ਸਾਂ ਭੁਖਿਆ ਨਹੀ ਭਾਣ ਰਹਾਂਦਾ।
ਵਿਸ਼ੇ ਅਗਨ ਦੇ ਸੇਕ ਤੋਂ ਸੀ ਰਿਦਾ ਤਪਾਂਦਾ।
ਸਤਿਗੁਰ ਮੈਨੂੰ ਆਨ ਕੇ ਦੇ ਹਥ ਬਚਾਂਦਾ।
ਹਾਂ ਹਾਂ ਮੇਰੇ ਵਾਸਤੇ ਦਰਬਾਨ ਬਨਾਂਦਾ।
ਮੇਰੀ ਕਰਨੀ ਛੋਡ ਕੇ ਨਿਜ ਬਿਰਦ ਰਖਾਂਦਾ।
ਸਿਖਾਂ ਬਦਲੇ ਸਤਿਗੁਰੂ ਪਰਵਾਰ ਲਗਾਂਦਾ।
ਏਹੋ ਜੈਸੀ ਗਿਨਤੀਆਂ ਕਈ ਗਿਨਦਾ ਜਾਂਦਾ।
ਨੇੜੇ ਪੁਰੀ ਅਨੰਦ ਦੇ ਸਦ ਆਨ ਢੁਕਾਂਦਾ।
ਦੂਰੋਂ ਉਪਰ ਤਖਤ ਦੇ ਸਤਿਗੁਰੂ ਦਿਸਾਂਦਾ।
ਹਰਖ ਸ਼ੋਕ ਦੋਵੈ ਪਛਤਾਂਦਾ ॥ ੨੦ ॥

ਪਉੜੀ

ਸਿਧਾ ਵਿਚ ਦੀਵਾਨ ਦੇ ਜਾ ਦਰਸਨ ਪਾਵੈ।
ਦੂਰੋਂ ਕਰ ਡੰਡੋਤ ਨੂੰ ਮੁਖ ਫਤੇ ਗਜਾਵੈ।
ਛਮ ੨ ਹੰਝੂ ਕੇਰਦਾ ਨਹਿ ਹੋਰ ਬੁਲਾਵੈ।
ਨੇੜੇ ਸਤਿਗੁਰੂ ਜਾਣ ਤੋ ਬਹੁਤਾ ਸੁਕਚਾਵੈ।
ਆਪ ਗੁਰੂ ਜੀ ਸਦਿਆ ਕਰ ਦਯਾ ਤਕਾਵੈ।

ਰਾਜ਼ੀ ਜੋਗਾ ਸਿੰਘ ਜੀ ਕਿਸ ਸਮਾਂ ਬਤਾਵੈ ।
ਸ਼ਾਦੀ ਦੀ ਕ੍ਰਿਤ ਕਾਰ ਜੋ ਕਹੁ ਕਿਵੈ ਨਿਭਾਵੈ ।
ਅੱਖ ਨ ਉਚੀ ਤਕਦਾ ਧਰ ਨੌਹਾਂ ਖੁਨਾਵੈ ।
ਓੜਕ ਡਿਗਾ ਚਰਨ ਤੇ, ਡਾਢਾ ਬਿਲਖਾਵੈ ।
ਹੋ ਪ੍ਰੰਨ ਗੁਰ ਚੁਕਿਆ ਗਲ ਨਾਲ ਲਗਾਵੈ।
ਔਗਣ ਕੀਤ ਸਭ ਬਖਸ਼ਾਵੇ ॥ ੨੧ ॥

ਪਉੜੀ

ਸਤਿਗੁਰ ਨਰਕੋਂ ਕਢਿਆ ਧੂਹ ਸਿਖ ਵਿਚਾਰਾ
ਪਿਛਲੇ ਔਗਣ ਮੇਟਕੇ, ਰਾਹ ਅਗੇ ਡਾਰਾ ।
ਘਲਿਆ ਵਿਚ ਪਹੋਰ ਦੇ ਬਦਲੇ ਪਰਚਾਰਾ ।
ਓਥੇ ਆਨ ਸਜਾਵੰਦਾ ਇਕ ਗੁਰੂ ਦੁਵਾਰਾ ।
ਹਿੰਦੂ ਸਿਖ ਸਭ ਪੂਜਦੇ ਆਕੇ ਨਰ ਨਾਰਾ ।
ਮਹਿਮਾਂ ਤਿਸ ਅਸਥਾਨ ਦੀ ਹੈ ਅਪਰ ਅਪਾਰਾ ।
ਨਾਲ ਮਦਾਰਥ ਓਸਦੇ, ਹੈ ਬਹੁਤਾ ਸਾਰਾ ।
ਕਥਾ ਕੀਰਤਨ ਹੋਵੰਦਾ, ਦਿਨ ਰਾਤ ਸੁਵਾਰਾ।
ਸਭੈ ਗਲਾਂ ਚੰਗੀਆਂ, ਪਰਬੰਧ ਨਿਕਾਰਾ ।
ਵਿਚ ਸਿਖਾਂ ਦੇ ਮੱਚਿਆ, ਬਹੁ ਸ਼ੋਰ ਪੁਕਾਰਾ ।
ਲੋੜਨ ਇਸਦਾ ਕਰਨ ਸੁਧਾਰ॥ ੨੨ ॥

ਪਉੜੀ

ਕੁਦਕ ਪਸ਼ੋਰੀ ਸਿਖ ਜੋ, ਸਨ ਗੁਰੂ ਪਿਆਰੇ ।

ਦਿਲੋਂ ਸੁਧਾਰ ਸੋ ਲੋੜਦੇ, ਤਿਸ ਗੁਰੂ ਦੁਵਾਰੇ।
ਪੇਸ਼ ਨ ਓਨ੍ਹਾਂ ਜਾਵੈਦੀ, ਨਿਰਮਾਨ ਵਿਚਾਰੇ।
ਬਣੀ ਕਮੇਟੀ ਹੋਈ ਸੀ, ਜੋ ਕਰੈ ਸੰਭਾਰੇ।
ਹਿੰਦੂ ਕੋਈ ਸਮਾਜੀਏ, ਹੈਸਨ ਇਹ ਸਾਰੇ।
ਗੁਰਮਤ ਇਨ੍ਹਾਂ ਨ ਭਾਵੰਦੀ, ਮਨ ਮਤੀਏ ਭਾਰੇ
ਜਿਸ ਕਰ ਹੁੰਦੇ ਵੇਖ ਕੇ, ਸਨ ਸਿਖ ਦੁਖਾਰੇ।
ਸੁਧਾ ਸਰੋਵਰ ਪੂਜਦੇ, ਸਾਰੇ ਵਰਤਾਰੇ।
ਭੁਚਰ ਤੇਜਾ ਸਿੰਘ ਜੀ, ਕਰ ਲੈਣ ਤਿਆਰੇ।
ਨਾਲ ਅਕਾਲੀ ਹੋਰ ਬੀ, ਹੈਸਨ ਵੇ ਚਾਰੇ।
ਛੇਤੀ ਵਲ ਪਸ਼ੌਰ ਪਧਾਰੇ ॥ ੨੩ ॥

ਪਉੜੀ

ਅਗੋਂ ਰਲਦੇ ਹੋਰ ਬੀ, ਕੁਝ ਸਿੰਘ ਅਕਾਲੀ।
ਪੁੰਜੇ ਗੁਰੂ ਦੁਵਾਰ ਤੇ, ਜਾ ਕਾਰ ਸੰਭਾਲੀ।
ਸੇਵਾ ਨੂੰ ਹਥ ਪਾਵੰਦੇ, ਛਡ ਹੋਰ ਖਿਆਲੀ।
ਅਗਲੇ ਲਾਂਭੇ ਹੋ ਗਏ, ਜੋ ਬੁਰੇ ਅਮਾਲੀ।
ਲਗੇ ਛੇੜਾਂ ਛੇੜਨੇ, ਜੋ ਬੁਰਿਆਂ ਚਾਲੀ।
ਚੁਕ ਭੁਖਾਵਨ ਹਿੰਦੂਆਂ, ਇਹ ਜੁਗਤ ਨਿਕਾਲੀ
ਸੋ ਥੀ ਮੱਚ ਖਲੋਂਵੰਦੇ, ਕਤਤੂਤ ਵਿਖਾਲੀ।
ਆਖਣ ਸਿੰਘਾਂ ਕਢਣਾਂ, ਹੁਨ ਹਿਮਤ ਨਾਲੀ।
ਲਗੇ ਸ਼ੋਰ ਮਚਾਵਣੇ, ਏਹ ਫੜੀ ਕੁਚਾਲੀ।

ਇਕ ਦੋ ਗੁਰੂ ਦੁਵਾਰਿਆਂ, ਕਰ ਦੇਵਨ ਖਾਲੀ।
ਕਰਨ ਬੇਅਦਬੀ ਗਰ ਜੀ ਵਾਲੀ ।। ੨੪ ॥

ਪਉੜੀ

ਕਰਦੇ ਕਈ ਸ਼ਰਾਰਤਾਂ, ਰਲ ਹਿੰਦੂ ਸਾਰੇ।
ਸਾਂਭਨ ਬਦਲੇ ਸ਼ਹਿਰ ਦੇ, ਸਭ ਗੁਰੂ ਦੁਵਾਰੇ।
ਰਜੀ ਵਾਲੀ ਧਰਮਸਾਲ, ਜੋ ਕਹਿਨ ਪੁਕਾਰੇ।
ਉਥੋਂ ਗੁਰੂ ਗ੍ਰੰਥ ਜੀ, ਚੁਕ ਬਾਹਰ ਨਿਕਾਰੇ।
ਰਾਏ ਸਿਖ ਤੇ ਉਨਾਂ ਨੂੰ, ਦੁਰਵਾਕ ਉਚਾਰੇ!
ਫੌਜੀ ਸਿਖਾਂ ਜਾਂ ਸੁਣੇ, ਇਹ ਉਲਟੇ ਕਾਰੇ।
ਓਨ੍ਹਾਂ ਓਥੇ ਜਾਣ ਨੂੰ, ਕਰ ਲਏ ਤਿਆਰੇ।
ਮਦਦ ਸਿਖਾਂ ਵਾਸਤੇ, ਕਰਕੇ ਹਿਤ ਭਾਰੇ।
ਸੁਣਕੇ ਗਲਾਂ ਐਸੀਆਂ, ਕੀ ਸਿਖ ਸਹਾਰੇ।
ਪਰ ਹੁਨ ਏਥੇ ਹੋਰ ਹੀ, ਹੁੰਦੇ ਵਰਤਾਰੇ ।
ਕਾਰਜ ਸਤਿਗੁਰ ਆਪ ਸਵਾਰੇ ॥ ੨੫ ॥

ਪਉੜੀ

ਨੌਕਰ ਸ਼ਾਹੀ ਆਪਣਾ, ਇਕ ਹੁਕਮ ਚੜਾਵੈ।
ਸਾਰੇ ਫੌਜਾਂ ਖਾਲਸੇ, ਇਹ ਖਾਸ ਸੁਨਾਵੈ।
ਭੰਡ ਮਿਲੇ ਗਾ ਓਸਨੂੰ, ਜੋ ਸ਼ਹਿਰ ਸਿਧਾਵੈ।
ਫੌਜੀ ਰੋਕੇ ਇਸਤਰਾਂ, ਰੋੜਾ ਅਟਕਾਵੈ।
ਓਧਰ ਘਲੇ ਪੁਲਿਸ ਨੂੰ, ਜਾ ਜ਼ੋਰ ਵਖਾਵੈ।

ਸਿਖਾਂ ਸੇਵਾ ਕਰਦਿਆਂ, ਏਵੇਂ ਧਮਕਾਵੈ ।
ਭੁਲਾ ਡਰਨ ਸੋ ਕਾਸਨੂੰ, ਗੁਰ ਸੰਗ ਰਹਾਵੈ ।
ਏਸ ਵੇਰ ਨ ਕੋਈ ਥੀ, ਪੁਲਸੀ ਹਥ ਪਾਵੈ ।
ਇਕ ਖਤਰੀ ਸ਼ਹਿਰ ਦਾ ਰਾਈਸ ਸਦਾਵੈ ।
ਨਿਸਚਾ ਖਾਸ ਸਮਾਜ ਦਾ ਮਨ ਵਿਚ ਰਖਾਵੈ ।
ਕਈ ਤਰਾਂ ਦੇ ਢੰਗ ਚਲਾਵੈ ॥ ੨੬ ॥

ਪਉੜੀ

ਇਕ ਦਿਨ ਹਿੰਦੂ ਆਵੰਦੇ ਬਹੁ ਹੋਇ ਇਕੱਠੇ ।
ਹਥਾਂ ਵਿਚ ਸੀ ਬਹੁਤਿਆਂ ਸੋਟੇ ਤੇ ਲੱਠੇ ।
ਚਰਸੀ ਭੁੰਗੀ ਨੜੀ ਮਾਰ ਰਾਹ ਤੁਰਨ ਉਪੱਠੇ ।
ਸਿਖਾਂ ਨੂੰ ਮੰਦ ਬੋਲਦੇ ਕਰਦੇ ਬਹੁ ਠੱਠੇ ।
ਆਏ ਗੁਰੂ ਦੁਵਾਰ ਤੇ ਰਲ ਵੇਖੋ ਸੱਠੇ ।
ਇਵਾਂ ਢੀਮਾਂ ਮਾਰਦੇ ਹੰਕਾਰੀ ਹੱਠੇ ।
ਨੇੜੇ ਲਗ ਨ ਸਕਦੇ ਰਹਿ ਦੂਰ ਤਰੱਠੇ ।
ਗਾਲਾਂ ਤੀਰ ਚਲਾਵੰਦੇ ਇਹ ਸ਼ਹਿਰੀ ਪੱਠੇ ।
ਕਈਆਂ ਹਥ ਵਧਾ ਲਿਆ ਮਾਰਨ ਨੂੰ ਡੱਠੇ ।
ਬੂਥੇ ਭੰਨੇ ਖਾਲਸੇ ਪੈਰਾਂ ਸਿਰ ਨੱਠੇ ।
ਦੋ ਤਿੰਨ ਮਿੰਘਾਂ ਖ਼ਬ ਗੱਠੇ ॥ ੨੭ ॥

ਪਉੜੀ

ਹਿੰਦੂ ਸੀ ਕਈ ਸੈਂਕੜੇ ਸਿਖ ਤਿੰਨੇ ਚਾਰੇ ।

ਜੋ ਅੰਦਰ ਅਸਥਾਨ ਦੇ ਸਨ ਸੇਵਾ ਦਾਰੇ।
ਟੁਟ ਪਏ ਸੀ ਉਨ੍ਹਾਂ ਤੇ ਇਕੇ ਹੀ ਵਾਰੇ।
ਬੈਠੀ ਉਪਰ ਕੋਠਿਆਂ ਹਿੰਦਣੀਆਂ ਨਾਰੇ।
ਇਟਾਂ ਵੱਟੇ ਮਾਰਦੀ ਬਹੁ ਕਢੱਣ ਗਾਰੇ।
ਫਰਕ ਨ ਕੀਤਾ ਹਿੰਦੂਆਂ ਮਾਰਨ ਵਿਚ ਕਾਰੇ।
ਸ਼ਾਬਾ ਤੈਨੂੰ ਖਾ'ਲਸਾ ਜਿਨ ਰਖੇ ਸਹਾਰੇ।
ਅਪਨੀ ਰਖਿਆ ਵਾਸਤੇ ਕੁਝ ਹਥ ਵਧਾਰੇ।
ਕਈਆਂ ਸਟਾਂ ਲਗੀਆਂ ਇਸ ਸ਼ੋਰ ਮਝਾਰੇ।
ਗਰੂ ਥਾਨ ਦੇ ਨਿਕਟ ਨਾ ਪੁਜ ਸਕੇ ਨਿਕਾਰੇ।
ਪਾਕੇ ਭੰਡੀ ਮੜੇ ਵਿਚਾਰੇ ॥ ੨੮ ॥

ਪਉੜੀ

ਨੌਕਰ ਸ਼ਾਹੀ ਆਨਕੇ ਵਿਚ ਹਥ ਅੜਾਯਾ।
ਰਖ ਬਹਾਨਾਂ ਅਮਨ ਦਾ ਕੀ ਕੰਮ ਕਰਾਯਾ।
ਆਨ ਸਿਖਾਂ ਨੂੰ ਪਕੜਿਆ ਹੁਨ ਜ਼ੋਰ ਵਿਖਾਯਾ।
ਓੜਕ ਵਾਧਾ ਹਿੰਦੂਆ ਜਦ ਨਜ਼ਰੀ ਆ'ਯਾ।
ਹਥ ਨ ਸਿਖਾਂ ਚੁਕਿਆ ਹੈ ਆਪ ਬਚਾਯਾ।
ਵੇਖਣ ਵਾਲੇ ਦਸਦੇ ਜਦ ਹਾਲ ਸਬਾਯਾ।
ਨੌਕਰ ਸ਼ਾਹੀ ਆਪ ਨੂੰ ਹੁਨ ਝੂਠਾ ਪਾਯਾ।
ਝੱਟ ਸਿਖਾਂ ਨੂੰ ਛਡਿਆ ਨਹੀ ਬੰਦ ਰਖਾਯਾ।
ਸਿਖਾਂ ਵਿਚ ਅਸਥਾਨ ਦੇ ਆ ਡੇਰਾ ਲਾਯਾ।

ਅਗੇ ਵਾਂਗੁਰ ਆਪਣਾਂ ਸਭ ਕੰਮ ਚਲਾਯਾ।
ਧੀਰਜ ਧਰੀ ਨ ਚਿਤ ਭੁਲਾਯਾ ॥ ੨੯ ॥

ਪਉੜੀ

ਨੌਕਰ ਸ਼ਾਹੀ ਚਾਟੜੇ ਭਾਰੇ ਅਭਿਮਾਨੀ।
ਉਲਟਾ ਹੁਕਮ ਚੜ੍ਹਾਵੰਦੇ ਸਿਖਾਂ ਦੁਖਦਾਨੀ।
ਰੋਕ ਕਰੀ ਕ੍ਰਿਪਾਨ ਦੀ ਕਿਹੜੀ ਜੀ ਜਾਨੀ।
ਏਥੇ ਵਿਚ ਪਸ਼ੌਰ ਦੇ ਨਹਿ ਕਿਸੈ ਰਖਾਨੀ।
ਅਮਰ ਸਿੰਘ ਜਸਵੰਤ ਸਿੰਘ ਰਹਿ ਸੇਵ ਕਮਾਨੀ।
ਸ਼ੇਰ ਸਿੰਘ ਜੀ ਤੀਸਰਾ ਜੋ ਬੜਾ ਗਿਆਨੀ।
ਪੁਜੇ ਵਿਚ ਪਸ਼ੌਰ ਦੇ ਜਾ ਧੂੰਮ ਮਚਾਨੀ।
ਦਿਤੇ ਲੈਕਚਰ ਜ਼ੋਰ ਦੇ ਗੁਰਮਤਿ ਪ੍ਰਗਟਾਨੀ।
ਨੌਕਰ ਸ਼ਾਹੀ ਮੰਨਿਆਂ ਸਿਕਾ ਹਿਤ ਸ਼ਾਨੀ।
ਓੜਕ ਨੂੰ ਕ੍ਰਿਪਾਨ ਦੀ ਤਿਸ ਖੁਲ ਕਰਾਨੀ।
ਕੀਤੇ ਅਪਨੇ ਬ੍ਰਹੁ ਪਛਤਾਨੀ ॥ ੩੦ ॥

ਪਉੜੀ

ਹਿੰਦੂ ਛੋੜਾਂ ਛੋੜਦੇ ਨਿਤ ਨਵੀ ਸੁਵਾਈਆਂ।
ਲੋੜਨ ਸਿਖਾਂ ਕਢਣਾਂ ਏਹ ਚਿਤ ਵਸਾਈਆਂ।
ਪੇਸ਼ ਨ ਜਾਂਦੀ ਵੇਖਦੇ, ਤਾਂ ਹੋਰ ਪਕਾਈਆਂ।
ਵਿਚ ਬਾਜ਼ਾਰੇ ਕੁਦਿਆ, ਇਕ ਸਿਖ ਸੁਦਾਈਆਂ।
ਦਿਨਦਿਨ ਪਾਟਕ ਪਾਵੰਦੇ, ਨਹੀ ਸੋਚਾਂ ਆਈਆਂ।

ਹਿੰਦੂ ਸਿਖਾਂ ਪਾੜ ਕੇ, ਸਭ ਕਰਨ ਕੁਦਾਈਆਂ।
ਖਬਰਾਂ ਵਿਚ ਪੰਜਾਬ ਦੇ, ਜਦ ਏਹ ਧੁਮਾਈਆਂ।
ਕੌਮੀ ਲੀਡਰ ਸੋਚਦੇ, ਸਮਝਾਵਣ ਭਾਈਆਂ।
ਆਕੇ ਵਿਚ ਪਸ਼ੌਰ ਦੇ, ਠੰਡਾਂ ਵਰਤਾਇਆਂ।
ਹਿੰਦੂ ਸਿਖਾਂ ਵਾਲੀਆਂ, ਗਲਾਂ ਨਿਪਟਾਈਆਂ।
ਦੋਹਾਂ ਤੋਂ ਸ਼ਰਤਾਂ ਲਿਖਵਾਈਆਂ ॥ ੩੧ ॥

ਪਉੜੀ

ਸਿਖ ਖਲੋਤੇ ਸ਼ਰਤ ਤੇ, ਮੰਨੀ ਮਨ ਲਾਈ।
ਜੋ ਕੁਝ ਕਹਾ ਲੀਡਰਾਂ, ਸੋ ਸੀਸ ਟਕਾਈ।
ਧਰਮ ਬੀਰ ਨਹੀ ਡੋਲਦੇ, ਇਹ ਰਖ ਵਖਾਈ।
ਬਚਨ ਹਾਰਨਾ ਸਿਖਦਾ, ਨਹਿ ਧਰਮ ਕਦਾਈ।
ਪਰ ਹਿੰਦੂ ਫਿਰ ਫਿਰ ਗਏ, ਰਹਿ ਸ਼ੋਰ ਮਚਾਈ।
ਇਕ ਦਿਨ ਖੋਟੀ ਆਨਕੇ, ਕੀ ਰੀਤ ਕਮਾਈ।
ਆਕੇ ਇਸ ਅਸਥਾਨ ਨੂੰ, ਸੀ ਅੱਗ ਲਗਾਈ।
ਸੋਚ ਨ ਆਈ ਮੂਰਖਾਂ, ਨਹਿ ਬੁਧ ਨ ਸਾਈ।
ਕੇਡੀ ਭਾਰੀ ਨੀਚਤਾ, ਇਹ ਕਰਨ ਕਸਾਈ।
ਲਗੀ ਅਗ ਪਸ਼ੌਰ ਦੀ, ਫਿਰ ਕੌਣ ਬੁਝਾਈ।
ਭਸਮ ਮਹੱਲਾ ਕਰੈ ਸਦਾਈ ॥ ੩੨ ॥

ਪਉੜੀ

ਸ਼ੇਰ ਗੁਰੂ ਦਾ ਖਾਲਸਾ, ਮੈਦਾਨ ਗਜੰਦਾ।

ਕਮਰਕਸਾ ਕਰ ਡਟਿਗਿਆ, ਨਹਿ ਧੀਰ ਧਰੰਦਾ ।
ਦੱਸੀ ਓਹ ਮਰਦਾਨਗੀ, ਸਭ ਲੋਕ ਤਕੰਦਾ ।
ਨਾਲ ਅਗ ਦੇ ਟਾਕਰਾ, ਕਰ ਖੂਬ ਵਖੰਦਾ ।
ਆਪ ਮੁਸੀਬਤ ਝਲਕੇ, ਸਭ ਅਗ ਬੁਝੰਦਾ ।
ਰਾਖੀ ਗੁਰ ਅਸਥਾਨ ਦੀ, ਗੁਰ ਪੰਥ ਕਰੰਦਾ ।
ਕਰਤਾ ਜਿਸਨੂੰ ਰਖਦਾ, ਕੋ ਚਿਤਵੈ ਮੰਦਾ ।
ਨਾਲ ਮਹੱਲਾ ਬਚ ਰਿਹਾ, ਸੁਖ ਵਸੇ ਅਨੰਦਾ ।
ਬੁਰਾ ਜੁ ਆਖੇ ਖਾਲਸੇ, ਸੋ ਮੂਰਖ ਗੰਦਾ ।
ਪੰਥ ਪਿਆਰਾ ਦਿਸਦਾ, ਸਭਨਾਂ ਹੀ ਮੰਦਾ ।
ਸਤਿਗੁਰ ਸਦਾ ਅਟੱਲ ਰਖੰਦਾ ॥ ੩੩ ॥

ਪਉੜੀ

ਏਹ ਹਮਦਰਦੀ ਵੇਖਕੇ, ਸਭ ਲੋਕ ਸਿਆਨੇ ।
ਕਰੀਏ ਸਿਖਾਂ ਨਾਲ ਕਿਓਂ, ਇਹ ਵੈਰ ਧਿੰਗਾਨੇ ।
ਏਹ ਹਿਤਕਾਰੀ ਦਿਸਦੇ, ਸਭ ਏਕ ਸਮਾਨੇ ।
ਵੈਰੀ ਕਿਸੈ ਨ ਜਾਨਦੇ, ਚਿਤ ਨਰਮ ਸਦਾ ਨੇ ।
ਦਸਵੇਂ ਗੁਰਨੇ ਇਨ੍ਹਾਂਨੂੰ, ਇਹ ਸਬਕ ਸਖਾਨੇ ।
ਰਾਖੇ ਸਾਡੇ ਸਦਾ ਹੀ, ਨਿਸਚੇ ਕਰ ਜਾਨੇ ।
ਏਵੇਂ ਅਸੀ ਸਤਾਵੰਦੇ, ਡੁੱਬੇ ਅਗਿਆਨੇ ।
ਦੇਖੋ ਹਿਮਤ ਇਨ੍ਹਾਂ ਦੀ, ਲਗਿ ਅੱਗ ਬੁਝਾਨੇ ।
ਵੈਰੀ ਮਿਤ ਨ ਵੇਖਿਆ, ਉਪਕਾਰ ਧਿਆਨੇ ।

ਗਲਾਂ ਏਹੋ ਜੈਸੀਆਂ, ਕਰ ਰਹੇ ਬਖਾਨੇ।
ਕੀਤੇ ਅਪਣੇ ਤੇ ਪਛਤਾਨੇ ॥ ੩੪ ॥

ਪਉੜੀ

ਬਹੁਤੇ ਹਿੰਦੂ ਬੈਠਦੇ, ਹੁਨ ਹੋ ਕੇ ਠੰਡੇ।
ਜੋ ਸੀ ਪਹਲਾਂ ਬੀਜਦੇ, ਰਹ ਸਿਖਾਂ ਕੰਡੇ।
ਖੂਬੀ ਏਹ ਉਪਕਾਰ ਦੀ, ਹਮਦਰਦੀ ਵੰਡੇ।
ਬੰਦ ਹੋ ਗਏ ਚਲਨੇ, ਸੋਟੇ ਤੇ ਡੰਡੇ।
ਇਕ ਦੂਸਰੇ ਆਪ ਹੀ, ਰਹਿ ਹਿੰਦੂ ਭਿਡ।
ਨਿੰਦਕ ਦੁਸ਼ਟ ਹਰਾਮਖੋਰ, ਰਹਿ ਘਰ ੨ ਛਿੰਡੇ।
ਸਿਆਂ ਪੱਕੇ ਆਪਣੇ, ਹੁਨ ਗੱਡੇ ਝੰਡੇ।
ਕਥਾ ਕੀਰਤਨ ਹੋਵੰਦਾ, ਗੁਰ ਜਸ ਪ੍ਰਚੰਡੇ।
ਲੰਗਰ ਖੁਲਾ ਵਰਤਦਾ, ਗੁਰ ਟੇਕ ਅਖੰਡੇ।
ਗੁਰੂ ਖਾਲਸਾ ਪੰਥ ਦੀ, ਮਹਿਮਾਂ ਬ੍ਰਹਮੰਡੇ।
ਗੁਰਮਤ ਚਾਲੀ ਦੂਰ ਪਖੰਡੇ ॥ ੩੫ ॥

ਪਉੜੀ

ਹੁਨ ਸਭ ਲੋਕ ਪਸ਼ੌਰ ਦੇ, ਜਿਤਨੇ ਨਰ ਨਾਰੀ।
ਜਦ ਸਿੰਘਾਂ ਦੀ ਵੇਖਦੇ, ਸਭ ਕਾਰ ਗੁਜਾਰੀ।
ਸਬਦ ਕੀਰਤਨ ਹੋਵੰਦਾ, ਸਤ ਸੰਗਤ ਭਾਰੀ।
ਗੁਰੂ ਦਵਾਰੇ ਆਨੇ, ਜਦ ਕਰਨ ਦਿਦਾਰੀ।
ਭੁਲਾਂ ਨੂੰ ਬਖਸ਼ਾਵੰਦੇ, ਹੋ ਸਦਕੇ ਵਾਰੀ।

ਧੰਨ ਗੁਰੂ ਦਾ ਪੰਥ ਹੈ, ਮੁਖ ਤਰਨ ਉਚਾਰੀ ।
ਸਚ ਮੁਚ ਪਰਮਾਤਮਾਂ, ਸਿਖ ਪਰ ਉਪਕਾਰੀ ।
ਭੌਰੇ ਗੁਰ ਪਗ ਪ੍ਰਾਗ ਦੇ, ਸਭ ਦੇ ਹਿਤਕਾਰੀ ।
ਨਿਤ ਰਖਵਾਲੇ ਹੋਰਨਾਂ, ਨਿਜ ਕਸ਼ਟ ਸਹਾਰੀ ।
ਧੰਨ ਜਨਮ ਗੁਰ ਸਿਖਾਂ ਦਾ, ਜੋਧੇ ਬਲਕਾਰੀ ।
ਗੁਰੂ ਚਰਨ ਢਾਡੀ ਬਲਿਹਾਰੀ ॥ ੩੬ ॥ ੧੬ ॥

ੴ ਸਤਿ ਗੁਰ ਪ੍ਰਸਾਦਿ ॥

# ਸੀ ਨਨਕਾਣਾ ਸਾਹਿਬ ਜੀ

ਦੋਹਰਾ

ਸ੍ਰੀ ਨਨਕਾਣੇ ਵਿਚ ਜਾਇ, ਸਿੰਘ ਸ਼ਹੀਦੀ ਪਾਇ
ਦੁਸ਼ਟ ਨਰੈਣੂ ਨੀਚਤਾ, ਸੋ ਸਭ ਦਿਆਂ ਬਤਾਇ । ੧ ॥

ਪਉੜੀ

ਸ੍ਰੀ ਗੁਰੂ ਨਾਨਕ ਪ੍ਰਗਟਿਆ, ਸ਼ਾਂਤੀ ਅਵਤਾਰਾ ।
ਸਾਰੀ ਉਮਰ ਸੁ ਰਖਿਆ, ਏਹੋ ਵਰਤਾਰਾ ।
ਜੀਵਾਂ ਦਾ ਜਗ ਮਾਂ ਨੇ, ਕਰਨਾ ਨਿਸਤਾਰਾ ।
ਹਿੰਦੂ ਮੁਸਲਮਾਨ ਦਾ, ਨਹੀ ਭੇਦ ਵਿਚਾਰਾ ।
ਜੇ ਜਾਂ ਪੁਜੇ ਤੀਰਥਾਂ, ਮੱਕਾ ਵੀ ਪਿਆਰਾ ।

ਸਭਨਾ ਨੂੰ ਰਾਹ ਦੱਸਿਆ, ਸਚਾ ਇਕ ਸਾਰਾ।
ਕਿਸੈ ਨ ਮੰਦਾ ਆਖਿਆ, ਹਰਿ ਰੂਪ ਨਿਹਾਰਾ।
ਨਾਲ ਗਰੀਬਾਂ ਪਾਲਿਆ, ਹਿਤ ਬਹੁਤਾ ਭਾਰਾ।
ਧਨੀ ਭਿਆਰੋ ਦੂਰ ਹੀ, ਡੁਬੇ ਹੰਕਾਰਾ।
ਆਵੈ ਜੋ ਨਿਰਮਾਨ ਹੋ, ਨਹਿ ਪਰੈ ਨਿਵਾਰਾ।
ਗੁਰ ਨਾਨਕ ਦਾ ਖੁਲਾ ਦੁਵਾਰਾ ॥ ੨ ॥

ਪਉੜੀ

ਛੋਟੀ ਉਮਰ ਬਤਾਵੰਦੇ, ਅੰਦਰ ਨਨਕਾਣੇ।
ਲੀਲਾ ਬਾਲਕ ਪੁਨੇ ਦਾ, ਕਰਦੇ ਮਨ ਭਾਣੇ।
ਜਦੋਂ ਪਿਤਾ ਨੇ ਘੱਲਿਆ, ਸੀ ਮਾਲ ਚਰਾਨੇ।
ਖੇਤੀ ਚਾਰ ਵਖਾਲਦੇ, ਜਿਉ ਤਿਉ ਕ੍ਰਿਸਾਨੇ।
ਛਾਂਉ ਕਰੀ ਸਿਰ ਨਾਗ ਨੇ, ਪਿਖ ਰਾਉ ਲੁਭਾਨੇ।
ਸੂਰਜ ਢਲਿਆਂ ਬਿਰਛਦੀ, ਰਹਾਂ ਛਾਂਉ ਟਿਕਾਨੇ।
ਹੁੰਦੇ ਬਹੁਤ ਨਿਹਾਲ ਸੀ, ਬਾਲਕ ਤੇ ਸਿਆਨੇ।
ਜਿਥੇ ਇਹ ਕੇ ਗੁਰੂ ਨੇ, ਜੀ ਕੌਤਕ ਠਾਨੇ।
ਓਥੇ ਗੁਰ ਅਸਥਾਨ ਹੁਨ ਸਭ ਥਨੇ ਸੁਹਾਨੇ।
ਨਿਸ ਦਿਨ ਮੇਲੇ ਲਗਦੇ ਗੁਰ ਮਹਮਾਂ ਜਾਨੇ।
ਕਲਾ ਸਹਿਤ ਸਤਿਰੂਰ ਭਗਵਾਨੇ ॥ ੩ ॥

ਪਉੜੀ

ਗੁਰੂਦਵਾਰ ਸੀ ਸਜ ਰਿਹਾ ਜੋ ਜਨਮ ਸਥਾਨਾ।

ਹੋਰ ਵੀ ਗੁਰੂਦਆਰ ਸਨ ਏਥੇ ਪ੍ਰਗਟਾਨਾਂ।
ਸਭਨਾਂ ਨਾਲ ਜਗੀਰ ਹੈ ਬਹੁ ਲੋਕਾਂ ਜਾਨਾਂ।
ਇਸ ਤੋਂ ਬਿਨਾ ਜ਼ਮੀਨ ਵੀ ਦੇਵੈ ਬਹੁ ਦਾਨਾਂ।
ਪਰ ਜੋ ਜਨਮ ਸਥਾਨ ਹੈ ਤਿਸ ਦੀ ਬਹੁ ਸ਼ਾਨਾਂ।
ਕਈ ਲਖ ਜਗੀਰ ਦਾ ਹੈ ਨਾਲ ਗਾਨਾਂ।
ਭਾਵੈ ਏਨ੍ਹਾਂ ਸਾਰਿਆਂ, ਮਾਹੰਤ ਨਿਦਾਨਾ।
ਪਰ ਜੋ ਜਨਮ ਸਥਾਨ ਹੈ, ਸੋ ਬੜਾ ਸ਼ਤਾਨਾਂ।
ਸਾਰੇ ਸਾਲਕ ਬਨ ਰਹੇ, ਡਰ ਪੰਥ ਭੁਲਾਨਾਂ।
ਕਰਨ ਅਵੱਗਜਾ ਗੁਰੂ ਦੀ, ਨਹੀ ਮਰਨ ਪਛਾਨਾਂ।
ਮੂਰਖ ਡੁਬੇ ਵਿਚ ਅਭਿਮਾਨਾਂ ॥ ੪ ॥

ਪਉੜੀ

ਦੁਸ਼ਟ ਨਰੈਣੂੰ ਹੋ ਰਿਹਾ, ਡਾਢਾ ਬਿਭਚਾਰੀ।
ਦਰਸਨ ਆਈ ਸੰਗਤਾਂ, ਸੰਜ ਕਰੈ ਖੁਵਾਰੀ।
ਪੰਥ ਰੋਜ਼ ਹੀ ਸੁਣ ਰਿਹਾ, ਇਸ ਦੀ ਦੁਰਚਾਰੀ।
ਕਈ ਸਿਆਨੇ ਏਸ ਨੂੰ, ਸਮਝਾਵਨ ਭਾਰੀ।
ਪਰ ਏਹ ਕਾਹਨੂੰ ਸਮਝਦਾ, ਬਨਿਆ ਹੰਕਾਰੀ।
ਬਦਨਾਮੀ ਗੁਰਧਾਮ ਦੀ, ਹੋਰਹੀ ਕਰਾਰੀ।
ਸੁਨ ਸੁਨ ਪੰਥ ਵਿਚਾਰਦਾ, ਕਰੀਏ ਉਪਚਾਰੀ।
ਅਹੋ ਥਾਨ ਉਸ ਗੁਰੂ ਦਾ, ਨਾਨਕ ਨਿਰੰਕਾਰੀ।
ਜਿਸ ਨੇ ਬਦੀ ਜਹਾਨ ਤੋਂ, ਪੁਟ ਬਾਹਰ ਮਾਰੀ।

ਤਿਸ ਥਾਂ ਐਸੀ ਨੀਚਤਾ, ਕੌਣ ਸਿਖ ਸਹਾਰੀ।
ਏਹ ਮਾਯਾ ਡਾਢੀ ਬੁਰਿਆਰੀ ॥ ੫ ॥

ਪਉੜੀ

ਯਾਰੋ ਮਾਯਾ ਮੋਹਣੀ,ਜਿਨ ਜਗਤ ਭੁਲਾਯਾ ।
ਬਿਨ ਦੰਦਾਂ ਏਸ ਨੇ, ਹੈ ਸਭ ਨੂੰ ਖਾਯਾ ।
ਰਿਖੀ ਮੁਨੀ ਅਵਤਾਰ ਦਾ,ਨਹੀ ਪਖ ਰਖਾਯਾ।
ਚੜ੍ਹਦੀ ਬਿਨਾ ਲਗਾਮ ਤੋਂ,ਇਨਕਹਿਰਕਮਾਯਾ।
ਉਠਨ ਜੋਗ ਨ ਛੱਡਿਆ,ਹਥ ਜਿਸਨੂੰ ਪਾਯਾ ।
ਖਾਂਦੀ ਉਸਨੂੰ ਰਜ ਕੇ, ਜਿਨ ਪ੍ਰੇਮ ਲਗਾਯਾ ।
ਵਾਂਗ ਸਰਪਣੀ ਸੋਹਣੀ,ਉਰ ਜ਼ਹਿਰ ਲੁਕਾਯਾ ।
ਇਸ ਦੀ ਸੇਵਾ ਜੋ ਕਰੈ, ਤਿਸ ਡੰਗ ਚਲਾਯਾ ।
ਈਸਰ ਵਲੋਂ ਇਸ ਨੇ, ਬੇ ਮੁਖ ਬਨਾਯਾ।
ਸੁਧ ਸਚ ਦਾ ਨੰਦ ਨੂੰ, ਕਰ ਜੀਵ ਬਹਾਯਾ ।
ਜਿਥੇ ਇਸ ਨੇ ਰੂਪ ਦਿਖਾਯਾ ॥ ੬ ॥

ਪਉੜੀ

ਨਾਲ ਨ ਚਲਦੀ ਉਸਦੇ, ਜੇ ਪ੍ਰੀਤ ਲਗਾਵੈ ।
ਨੱਸੇ ਛੋਤੀ ਫੜਦਿਆਂ, ਨਹੀ ਪਕੜੀ ਜਾਵੈ।
ਜਾਦੂ ਗਰਨ ਬੰਗਾਲ ਦੀ, ਕਈ ਦਾਉ ਚਲਾਵੈ।
ਜਹਿੜਾ ਸੇਵਕ ਜਾਨ ਕੇ, ਹੈ ਸੇਵ ਕਰਾਵੈ।
ਅਗੇ ਉਸਦੇ ਸਦਾ ਹੀ, ਸੋ ਹਥ ਜੁੜਾਵੈ।

ਦਾਸੀ ਹੋਕੇ ਵਰਤਦੀ, ਨਹਿ ਅੱਖ ਉਠਾਵੈ।
ਨਾਲ ਅਸ਼ਾਰੇ ਚਲਦੀ, ਜੋ ਕਹੇ ਕਮਾਵੈ।
ਦੁਸਟ ਨਰੈਂ੍ਹ ਜੈਸਿਆਂ, ਕਦ ਕਾਬੂ ਆਵੈ।
ਜਾਦੂ ਅਪਣਾ ਓਸਦੇ,, ਸਿਰ ਪੁੜ ਵਿਖਾਵੈ।
ਰਾਹ ਬੁਰੇ ਤੇ ਤੋਰਆ, ਸਭ ਬੁਧਿਨਸਾਵੈ।
ਦਿੱਸੈ ਕੀ ਹੁਨ ਚੰਦ ਚੜ੍ਹਾਵੈ॥ ੭॥

ਪਉੜੀ

ਪਿਛੈ ਸੀ ਜੋ ਕੀਤੀਆਂ,ਇਕ ਨਵੀ ਕਮਾਂਦਾ।
ਮੁਰਖ ਰਸਤੇ ਆਪਣੇ, ਵਿਚ ਕੰਡੇ ਲਾਂਦਾ।
ਸਿੰਧੀ ਸਿਖ ਸਤਿਗੁਰੂ ਦਾ,ਦਰਸ਼ਨ ਹਿਤ ਆਂਦਾ।
ਨਾਲ ਕੰਨਿਆਂ ਓਸਦੀ,, ਜਦ ਦੁਸ਼ਟਤਕਾਂਦਾ।
ਘਲ ਭੂਮਣੀ ਆਪਣੀ, ਘਰ ਵਿਚ ਬੁਲਾਂਦਾ।
ਜੋਰਾ ਜਬਰੀ ਓਸਦੀ, ਇਜ਼ਤ ਉਤਰਾਂਦਾ।
ਖਬਰ ਸੁਣੇ ਜਾਂ ਖਾਲਸਾ, ਤਦ ਰੋਸ਼ ਵਧਾਂਦਾ।
ਇਕ ਦੋ ਵੇਰ ਅਕਾਲੀਆਂ, ਬਹੁ ਤੰਗ ਕਰਾਂਦਾਂ।
ਪਿਖ ਕਰਪਾਨਾਂ ਲਗੀਆਂ, ਮੂੰਹ ਮੰਦ ਸੁਨਾਂਦਾ।
ਇਕ ਦੋ ਸਿੰਘਾ ਪਕੜਕੇ, ਧਕੇ ਮਰਵਾਂਦਾਂ।
ਗੁਰ ਅਸਥਾਨੋਂ ਬਾਹਰ ਕਢਾਂਦਾ॥ ੮॥

ਪਉੜੀ

ਹਦੋਂ ਵਧੀ ਮਹੰਤ ਦੀ, ਜਦ ਏਹ ਕੁਚਾਲੀ।

ਵਚ ਨਨਕਾਣੇ ਵਰਤਦੀ, ਨਿਸ ਬੋਲੀ ਕਾਲੀ।
ਨਿੰਦਾ ਗੁਰ ਅਸਥਾਨਦੀ, ਹੋਰ ਹੀ ਬਿਸਾਲੀ।
ਹੁਨ ਤਾਂ ਚਹੀਏ ਹੋਵਣੀ, ਚਲਕੇ ਰਖਵਾਲੀ।
ਮਾਰੀ ਮਜ਼ਬੀ ਜੋਸ਼ ਨੇ; ਇਕ ਵੇਰ ਉਛਾਲੀ।
ਹੁਨਨਹੀ ਜੇਰਾ ਕਰੈਗਾ, ਗੁਰ ਪੰਥ ਅਕਾਲੀ।
ਹੋਠ ਫਰਕਦੇ ਖਾਲਸੇ; ਅਖਾਂ ਵਿਚ ਲਾਲੀ।
ਆਖਣ ਗੁਰੂ ਦੁਵਾਰੇ ਨੂੰ. ਲੌਚਲ ਸੰਭਾਲੀ।
ਧੀਰਜ ਫੇਰ ਧਰਾਵੰਦੇ; ਕਰ ਏਹ ਖਿਆਲੀ।
ਕਹੋ ਵਕਤ ਦੇ ਦੁਸ਼ਟ ਨੂੰ; ਤਜ ਬੁਰੈ ਅਮਾਲੀ।
ਗੁਰੂ ਪੰਥ ਦੀ ਰੀਤ ਨਿਹਾਲੀ ॥ ੯॥

ਕਰੈ ਕਮੇਟੀ ਸੋਚ ਕੈ. ਇਕ ਨੋਟਸ ਜਾਰੀ।
ਦੁਸ਼ਟ ਨਰੈਨੂੰ ਆਖਦੇ, ਲੌ ਸਮਝ ਵਿਕਾਵੀ।
ਛੱਡੋ ਸਾਰੀ ਨੀਚਤਾ, ਕਹਿੰਦੇ ਇਕ ਵਾਰੀ।
ਮਹੁਲਤ ਦੇਇ ਮਹੀਨਆਂ, ਵਿਚ ਰਖੀ ਸਾਰੀ।
ਅਪਨਾ ਆਪ ਸ਼ੁਧਾਰ ਲੈ,ਇਹ ਕਿਹਾ ਵੰਗਾਰੀ।
ਨਹੀ ਤੇ ਆਕੇ ਖਾਲਸਾ, ਲੈ ਖਾਨ ਸੰਭਾਂਰੀ।
ਫੇਰ ਨ ਕੋਈ ਚਲਣੀ, ਹੈ ਪੇਸ਼ ਤੁਮਾਰੀ।
ਕੀਤੀ ਪੰਥ ਦਿਆਲਤਾ, ਇਹ ਵੱਡੀ ਭਾਰੀ।
ਜੋਕਰ ਮੂਰਖ ਸਮਝਦਾ, ਕਰਕੇ ਹੁਸ਼ਿਆਰੀ।
ਸਾਰੇ ਕੰਮ ਸਵਾਰ ਦਾ, ਕਰ ਮਿੱਠਤ ਦਾਰੀ।

ਉਲਟੀ ਲਗਾ ਕਰਨ ਤਿਆਰੀ ॥ ੧੦ ॥

ਪਉੜੀ

ਦੁਸਟ ਨਰੈਨੂੰ ਮੱਤਿਆਂ. ਬਧੀ ਗੁਰ ਮਾਰੇ।
ਸਿਖਾਂ ਨੇਕ ਸਲਾਹ ਨੂੰ, ਮਨ ਵਿਚ ਨਧਾਰੇ।
ਉਲਟਾ ਹੋਤ ਮੁਕਾਬਲੇ, ਹੋ ਗਿਆ ਤਿਆਰੇ।
ਸਾਧੂ ਕਈ ਬੁਲਾਵੰਦਾ, ਜੋ ਮਿਤ ਪਿਆਰੇ।
ਕਈ ਤਰਾਂ ਦੇ ਰੀਛਦੇ, ਮਸਲੇ ਹਤਿਆਰੇ।
ਚੰਦਾ ਸ਼ਾਰੇ ਜੋੜਦੇ. ਇਸ ਹੇਤ ਵਿਚਾਰੇ।
ਸੰਤ ਸੇਵਕ ਕਢਦੇ, ਰਲਕੇ ਅਖਬਾਰੇ।
ਲਗਾ ਏਹ ਵੰਗਾਰ ਨੇ. ਦੈ ਦੈ ਲਲਕਾਰੇ।
ਸਾਧੋ ਤਕੜੇ ਹੋ ਰਹੋ. ਨ ਬਣੇ ਨਿਕਾਰੇ।
ਮਾਰੋ ਸਿਖਾਂ ਰੋਲਕੇ., ਦਿਨ ਰਾਤ ਪੁਕਾਰੇ।
ਛਛੋ ਨਾਹੀ ਗੁਰੂ ਦੁਵਾਰੇ ॥ ੧੧ ॥

ਪਉੜੀ

ਨਾਲ ਇਨ੍ਹਾਂਦੇ ਰਲਗਿਆ; ਬੇਦੀ ਕਰਤਾਰੂ।
ਦੁਸ਼ਟ ਚੌਕੜੀ ਹੋਗਈ, ਸਿਖਾਂ ਦੀ ਮਾਰੂ।
ਬਦਲੇ ਏਸ ਮਕਾਬਲੇ, ਹੋ ਕੈ ਹੁਸ਼ਿਆਰੂ।
ਮਿਲਦੇ ਵਡੇ ਅਫਸਰਾਂ ਜੋਹੜੇ ਸਰਕਾਰੂ।
ਥਾਪੀ ਦਿਤੀ ਉਨ੍ਹਾਂ ਨੇ, ਲਿਖ ਚਿਠੀ ਬਾਰੂ।
ਜਿਸ ਨੂੰ ਏਹ ਛਪਾਇਕੈ, ਵੰਡ ਬੈ ਸੁਮਾਰੂ।

ਸਭਠਾਂ ਸਾਂਧ ਪੁਜਾਰੀਆਂ, ਪੁਜੀ ਇਕ ਸਾਰੁ।
ਛੁਟੇ ਕਈ ਵਿਚ ਆਦਮੀ, ਧਰ ਭੇਸ ਸ਼ਿਕਾਰੁ।
ਗਿਰਦੇ ਗੁਰੁ ਦੁਵਾਰ ਦੇ, ਦੀਵਾਰ ਉਸਾਰੁ।
ਵਿਚ ਮੋਰਚੇ ਰਖਦੇ, ਕਿਲਿਆਂ ਪਰਕਾਰੁ।
ਭਿਤ ਲੋਹੇ ਦੇ ਲੋਰੇ ਅਪਾਰੁ ॥ ੧੨ ॥

ਪਉੜੀ

ਕਰਨ ਬੰਦੂਕਾਂ ਕਠੀਆਂ, ਗੋਲੀ ਬਨਵਾਈ।
ਕਾਚ ਤੁਸ ਭਰ ਪੇਟੀਆਂ, ਰਾਖੀ ਮੰਗਵਾਈ।
ਛਵੀ ਰੰਡਾਂਸੇ ਕਈਹੀ, ਚੰਗੇ ਚਮਕਾਈ।
ਜਮਾਂ ਕਰਾਕੇ ਰਖਿਆਂ, ਪਰਬੰਧ ਸਬਾਈ।
ਸਾਰੇ ਵਿਚ ਪੰਜਾਬ ਦੇ, ਏਹ ਖਬਰ ਪੁਮਾਈ।
ਨਨਕਾਣੇ ਵਿਚ ਹੋ ਵਸੀ, ਇਕ ਬੜੀ ਲੜਾਈ।
ਸਿਖਾਂ ਨੇ ਵੀ ਸੁਨਲਈ, ਸਭ ਏਹ ਖੁਟਾਈ।
ਵਡਾ ਭਾਰਾ ਇਸਤ੍ਰਿਹਾਰ ਦਿਕ ਦੇਣ ਕਢਾਈ।
ਗੌਰਮਿੰਟ ਨੂੰ ਦਸਿਆ, ਸਭ ਕੁਝ ਸਮਝਾਈ।
ਜੋ ਮਹੰਤ ਸੀ ਕਰ ਰਿਹਾ, ਡਾਕੂ ਬੁਲਵਾਈ।
ਗੌਰਮਿੰਟ ਕਰ ਲੈ ਤਕੜਾਈ ॥ ੧੩ ॥

ਪਉੜੀ

ਸਿਖਾਂ ਨੌਕਰ ਸ਼ਾਹੀ ਨੂੰ, ਸਭ ਗਲ ਜਤਾਈ।
ਪੰਥ ਮਘਰੋਂ ਪੰਜਵੀਂ, ਨਨਕਾਣੇ ਜਾਈ।

ਕਰਨੀ ਸੋਧ ਮਹੰਤ ਜੀ, ਦੀਵਾਨ ਸਜਾਈ।
ਨੌਕਰ ਸ਼ਾਹੀ ਓਸ ਨੂੰ, ਰੋਕੇ ਧਮਕਾਈ।
ਖੂਨ ਖਰਾਬਾ ਕਰਨ ਨੂੰ, ਜੋ ਵਿਹਾ ਤਕਾਈ।
ਕਰੀ ਖਰਾਬੀ ਓਸਨੇ, ਜੋ ਰਥ ਉਠਾਈ।
ਜ਼ੁਮੇ ਏਹ ਸਰਕਾਰ ਦੇ, ਸਭ ਹੀ ਆਜਾਈ।
ਫਰਜ਼ ਆਪਨਾ ਜਾਨਕੇ, ਹੈ ਖਬਰ ਪੁਚਾਈ।
ਨੌਕਰ ਸ਼ਾਹੀ ਸੁਨੈ ਨਾ, ਜਿਨਚੁਪ ਵਟਾਈ।
ਬੈਠੀ ਲਾਂਬੇ ਵੇਖਦੀ; ਜੱ ਕਰੇ ਬੁਰਾਈ।
ਖੋਟੀ ਨੀਤ ਚਿਤ ਵਿਚ ਆਈ।

ਪਉੜੀ

ਦੁਸਟ ਚੋਂਭੜੀ ਰਲੀ ਏਹ. ਭਾਰੀ ਬਲਿਵਾਨੇ।
ਵੱਡੇ ਵੱਡੇ ਆਦਮੀ, ਵਿਚ ਇਸ ਦੇ ਜਾਨੇ।
ਢੰਗ ਰਚਾਯਾ ਇਨ੍ਹਾਂ ਨੇ, ਇਕ ਹੋਰ ਸੁਆਨੇ।
ਕਾਨਫੂੰਸ ਇਕ ਰਚਲਈ, ਕਰ ਰਈ ਬਹਾਨੇ।
ਬੇਦੀ ਸਿੰਘ ਕਰਤਾਰ ਦੇ, ਸਭ ਸਾਕ ਪਛਾਨੇ।
ਵੀਹ ਫਰਵਰੀ ਵਾਸਤੇ, ਘੱਲੇ ਪਰਵਾਨੇ।
ਬਾਵੈਸਾਧੁ ਸਦਣੇ, ਆਸੇ ਪਰਗਟਾਨੇ।
ਓਧਰ ਖੁਫੀਆ ਆਦਮੀ,ਵਿਚ ਬਾਰ ਪਨਾਨੇ।
ਰੁਪ ਆਕਾਲੀ ਧਾਰ ਕੈ, ਜਾ ਰਲੇ ਸ਼ਿਤਾਨੇ।
ਚੁਕਣ ਹੇਤ ਅਕਾਲੀਆ,ਏਹ ਚਤਰ ਸਿਆਨੇ।

ਵਿਚ ਦਾਵੀਨ। ਦੈ, ਵਖਿਆਨੇ ॥ ੧੫ ॥

ਪਉੜੀ

ਕਾਨਫ਼ੈਂਸ ਲਾਹੌਰ ਜੋ, ਹੋ ਸ਼ਾਧਾਂ ਵਾਲੀ।
ਜਾਇ ਨਰੈਣ ਓਸਤੋ, ਇਹ ਪਕ ਖਿਆਲੀ।
ਫ਼ਿਸ ਦਿਹਾੜੇ ਸਾਂਭੀਏ, ਨਨਕਾਣਾਂ ਖਾਲੀ।
ਭੋਲੇ ਕਰਨ ਤਿਆਰੀਆਂ,ਸੁਨ ਸੁਨ ਆਕਾਲੀ
ਗਲ ਨ ਲਭੀ ਕਿਸੇ ਨੰ, ਜੋ ਅੰਦਰ ਵਾਲੀ।
ਵਿਚ ਲਹੌਰੇ ਸੁਣੀ ਦੀ, ਸਭ ਏਹ ਕੁਚਾਲੀ।
ਸਿਖਾਂ ਮਾਰਨ ਵਾਸਤੇ, ਏਹ ਤਾਣੀ ਜਾਲੀ।
ਮੁਖੀ ਪੰਚ ਦੇ ਮਾਰਿਆਂ, ਕਰ ਬੜੀ ਓਤਾਲੀ।
ਤੁਰਤ ਦੁੜਾਏ ਆਦਮੀ, ਕਰਨੀਂ ਰਖਵਾਲੀ।
ਰੋਕੋ ਜਾਕੇ ਖਾਲਸਾ, ਏਹ ਕੰਮ ਮੁਹਾਲੀ।
ਸਿਖਖਾਂ ਜੁਗਤੀ ਏਹ ਨਿਕਾਲੀ ॥ ੧੬ ॥

ਪਉੜੀ

ਦੋਰ ਇਕ ਗਲ ਸੁਣੀ ਦੀ,ਹੈ ਪਰਗਟ ਸਾਰੇ।
ਦੁਸ਼ਟ ਚੌਕੜੀ ਨੀਚਤਾ, ਇਕ ਏਹ ਚਿਤਾਰੇ।
ਇਸ ਵੇਲੇ ਵਿਚ ਦੇਸਦੇ, ਜੋ ਲੀਡਰ ਭਾਰੇ।
ਲਾਜ ਪਤਿ ਨੂੰ ਮਾਖਕੇ, ਇਕ ਦਿਤੀ ਤਾਰੇ।
ਗਾਂਧੀ ਸੱਦਣ ਵਾਸਤੇ, ਕਰ ਖੱਟ ਕਰਾਰੇ।
ਨਾਲ ਓਸਦੇ ਹੋਨਗੇ, ਕਈ ਦੇਸ ਪਿਆਰੇ।

ਇਕੋ ਥਾਂ ਬਿਠਾਲਕੈ, ਦਿਉ ਪਾਰ ਉਤਾਰੇ ।
ਪਰ ਸੋ ਪੂਜ ਨ ਸਕਦੇ, ਸਠ ਏਸ ਵਿਚਾਰੇ ।
ਐਡਾ ਪਾਪ ਚਿਤਾਰ ਦੇ, ਪਾਪਾਂ ਹਤਿਆਰੇ ।
ਦੇਸ ਦ੍ਰੋਹੀ ਕ੍ਰਿਤਘਨ, ਕਰਮਾਂ ਦੇ ਮਾਰੇ ।
ਸਾਧ ਵੈਦੀਆਂ ਦੇ ਏਹ ਕਾਰੇ ॥ ੧੭ ॥

ਪਉੜੀ

ਲਛਮਨ ਸਿੰਘ ਸ਼ਹੀਦ ਜੋ,ਸੰਗ ਜਥਾ ਲਗਾਨਾ
ਸੰਕਰ ਵਲ ਸ੍ਰੀਂਹ ਦੇ,ਸੋ ਇਸ ਨੇ ਜਾਨਾਂ।
ਹੈ ਸੀ ਉਥੇ ਸੁਣੀ ਦਾ,ਇਕ ਹੋਇ ਦਿਵਾਨਾਂ ।
ਸੇਵਾ ਬਦਲੇ ਇਨ੍ਹਾਂ ਨੇ, ਸੀ ਉਦਮ ਠਾਨਾ ।
ਲੰਘੇ ਜਾਂਦੇ ਰਾਹ ਵਿਚ, ਆਵੈ ਨਨਕਾਨਾਂ ।
ਦੂਰੋਂ ਲੋਕਾਂ ਦੁਸ਼ਟ ਦਾ, ਸਭ ਭੇਤ ਬਤਾਨਾਂ ।
ਅਜ ਨ ਉਥੇ ਜਾਵੰਣਾਂ, ਹੋਸੀ ਨੁਕਸਾਨਾ ।
ਦੁਸ਼ਟ ਖਲੋਤਾ ਬੁਰੀ ਤੇ, ਕਰਸੀ ਅਮਸਾਨਾ ।
ਸੁਨ ਕੇਸਿੰਘਨਕੰਬਿਆ,ਗੁਰ ਸਿਦਕ ਮਹਾਨਾਂ ।
ਅਜ ਖਾਲਸੇ ਜਾਇਕੈ, ਹੈ ਦਰਸਨ ਪਾਨਾ ।
ਭਕੇ ਦੀਪ ਕੀ ਹਟ ਪਰਵਾਨਾ ॥ ੧੮ ॥

ਪਉੜੀ

ਓਸੇ ਵੇਲੇ ਸਿੰਘ ਨੇ, ਦਿਕ ਲੀਕ ਖਿਚਾਈ ।
ਜਥੇਸਾਹ ਨੂੰ ਆਖਦਾ, ਧੁੰਨ ਉਚ ਕਰਾਈ ।

ਅਜ ਸ਼ਹੀਦੀ ਵੰਡਣੀ, ਸਭਿ ਗੁਰ ਨੇ ਭਾਈ।
ਜਹਿੜਾ ਲੈਣੀ ਲੋੜਦਾ, ਸੋ ਲੀਕ ਟਪਾਈ।
ਆਵੈ ਵਲ ਆਸਾਡੜੇ, ਸਭ ਡਰ ਬਿਸਰਾਈ।
ਨਾਲੇ ਰਖੇ ਹੌਸਲਾ, ਨਹਿ ਹਥ ਊਠਾਈ।
ਨਾ ਮਿਲਵਰਤਨ ਲਹਿਰਨੂੰ, ਨਹਿ ਦਾਗ ਲਗਾਨੀ
ਵਾਂਗ ਸਹਾਰਾਂ ਪ੍ਰਿਥਵੀ, ਰਾਖੇ ਹਰਖਾਈ।
ਜਿਸ ਨੇ ਚਿਤ ਡੋਲਾਵਣਾਂ, ਸੋ ਪਰੈ ਹਟਾਈ।
ਲੀਕ ਏਹ ਹੈ ਧਰਮ ਦੀ, ਜੋ ਪਾਲ ਵਖਾਈ।
ਗੁਰ ਹਜੂਰ ਜਾ ਆਦਰ ਪਾਈ ॥ ੧੬ ॥

ਪਉੜੀ

ਜਥੇਦਾਰ ਦੇ ਵਾਕ ਨੂੰ, ਸੁਨ ਸਭ ਹਰਖਾਏ।
ਸਿੰਘ ਨ ਗੀਚੀ ਅਖੀਏ, ਕਿਉ ਸੂਰ ਸਦਾਏ।
ਨਾਮ ਸ਼ਹੀਦੀ ਸੁਣ ਦਿਆਂ, ਜੋ ਪਰੈ ਹਟਾਏ।
ਨਾਦ ਸੁਨੇ ਮ੍ਰਿਗ ਮਾਨ ਹਟੇ, ਜਾ ਆਪ ਬੰਧਾਏ।
ਸਤੀ ਚਿਖਾ ਤੇ ਚੜਦਿਆਂ, ਕਿਓਂ ਚਿਤ ਡੁਲਾਏ।
ਦੀਪਕ ਦੇਖ ਪਤੰਗ ਜਿਓਂ, ਮਰਕੇ ਗਤ ਪਾਏ।
ਦਿਤਾ ਅੰਮ੍ਰਿਤ ਗੁਰੂ ਨੇ, ਡਰ ਮੌਤ ਚੁਕਾਏ।
ਜਥਾ ਸਾਰਾ ਹੀ ਲੀਕ ਤੋਂ, ਹੋ ਪਾਰ ਥਿਰਾਏ।
ਦੋ ਤਿੰਨ ਛੋਟੇ ਬਾਲਕੇ, ਸੋ ਭੀ ਸੰਗ ਆਏ।
ਇਕ ਛੋਟੀ ਸੀ ਕੰਨਿਆ, ਰਲ ਉਹ ਭੀ ਜਾਏ।

ਸਿੰਘ ਕੋਣ ਜੋ ਮੁੰਹ ਫਿਟਾਏ ॥ ੨੦ ॥

ਪਉੜੀ

ਪੁਜੇ ਗੁਰ ਦੇ ਤਾਲ ਤੇ, ਅਸਨਾਨ ਕਰਾਂਦੇ।
ਨਿਤ ਨੇਮ ਕਰ ਆਪਣਾ. ਦਸਤਾਰ ਸਜਾਂਦੇ।
ਲਾੜਾ ਲਛਮਨ ਸਿੰਘ ਨੂੰ ਰਲ ਸਭੈ ਸਜਾਂਦੇ।
ਸਿਹਰਾ ਸਿਰ ਤੇ ਸਿਦਕ ਦਾ ਧਰ ਪ੍ਰੇਮ ਬਨ੍ਹਾਂਦੇ।
ਕਮਰ ਪਟੇ ਇਕ ਸਬਰ ਦੇ ਲਕ ਨਾਲ ਸੁਹਾਂਦੇ।
ਨਾਮਿਲਵਰਤਨ ਤੇਗ ਨੂੰ ਜੋਧੇ ਚਮਕ੍ਰਾਂਦੇ।
ਘੋੜੇ ਖਾਸ ਵੈਰਾਗ ਦੇ ਸਰਦਾਰ ਚੜ੍ਹਾਂਦੇ।
ਜੈਵ ਸ਼ਹੀਦਾਂ ਤੁਰ ਪਈ ਜੈਕਾਰੇ ਲਾਂਦੇ।
ਡੋਲੀ ਮੁਕਤ ਲਿਆਵਣੀ ਸਿੰਘ ਉਠ ਸਿਧਾਂਦੇ।
ਖੜੇ ਹੋਏ ਅਰਦਾਸ ਸੁਧਾਂਦੇ ॥ ੨੧ ॥

ਪਉੜੀ

ਤੁਰਨੇ ਵੇਲੇ ਖਾਲਸੇ ਜੈਕਾਰੇ ਗੱਜੇ।
ਢੋਲਕ ਛੈਂਣੇ ਖੜਕਦੇ ਏਹ ਵਾਜੇ ਵੱਜੇ।
ਗੀਤ ਗਵੀਏ ਗਾਵੰਦੇ ਜੋ ਲੋਕ ਵਰੱਜੇ।
ਸਗਨ ਹੋਵੰਦੇ ਸੋਹਣੇ, ਖੱਬੇ ਤੇ ਸੱਜੇ।
ਕਾਇਰਤਾ ਨਸ ਜਾਂਦੀਆਂ ਰਾਹ ਸਿੰਘਾਂ ਤੱਜੇ।
ਪੁਜੇ ਗੁਰ ਅਸਥਾਨ ਤੇ, ਪਾ ਦਰਸਨ ਨੱਜੇ।
ਦੁਸ਼ਟ ਨਰੈਣੂ ਉਠਿਆ ਮਿਲਣੀ ਦੇ ਪੱਜੇ।

ਜੋ ਪ੍ਰਸਾਦਿ ਲਿਆਵੰਦਾ ਹੈ ਕਹਿੰਦਾ ਲੱਜੇ।
ਆਗੋਂ ਪਿਛੋਂ ਉਸ ਦੇ ਆ ਸਾਥੀ ਭੱਜੇ।
ਦੰਦ ਬੂਹੇ ਸਭ ਹੋ ਗਏ ਚੁਕ ਜੰਦੇ ਵੱਜੇ ।
ਸਿੰਘ ਨ ਸੱਮਝੇ ਚਾਲਾਂ ਅੱਜੇ ॥ ੨੨ ॥

ਪਉੜੀ

ਪਹਿਲਾਂ ਹੀ ਸਨ ਉਸ ਨੇ ਸਭ ਕੰਮ ਕਰਾਏ ।
ਲੰਡੇ ਲੁਚੇ ਆਦਮੀ ਬਦਮਾਸ਼ ਬੁਲਾਏ ।
ਲਕੜੀਆਂ ਤੇ ਤੇਲ ਦੇ ਪੀਪੇ ਮੰਗਵਾਏ ।
ਇੱਟਾਂ ਵੱਟੇ ਕੋਠਿਆਂ ਉਤੇ ਰਖਵਾਏ ।
ਨਿਕਲਦੇ ਗੁਰੂ ਥਾਨ ਦੇਂ ਹਥਿਆਰ ਵੰਡਾਏ।
ਮਾਲੋ ਸਿਖਾਂ ਸਾਰਿਆਂ ਨਹੀਂ ਇਕ ਬਚਾਏ।
ਤਾੜ ਤਾੜ ਗੋਲੀ ਛੁਟਦੀ ਤਾਣਾ ਤਿੜਕਾਏ ।
ਪਥਰ ਕਈ ਚਲਾਵੰਦੇ ਜਦ ਹੁਕਮ ਚੜ੍ਹਾਏ।
ਜਿਥੇ ਵਾਰ ਸੀ ਚਲਦਾ ਸਭ ਮਾਰ ਗਿਰਾਏ ।
ਜਥੇਦਾਰ ਗੁਰੂ ਗ੍ਰੰਥ ਦੀ ਤਾਬੇ ਬਠਲਾਏ ।
ਬੂਹੇ ਇਸ ਕਰ ਬੰਦ ਕਰਾਏ ॥ ੨੩ ॥

ਪਉੜੀ

ਹੋਏ ਬੇ ਅਦਬੀ ਗੁਰੂ ਨਾ ਸਿੰਘਾਂ ਦੇ ਆਸੇ।
ਬਾਹਰ ਚੁਖੰਡੀ ਵਿਚ ਜਾਂ ਸਿੰਘ ਸੋਏ ਖਾਸੇ।
ਕੋਠੇ ਉਤੋਂ ਉਤਰੇ ਸਭ ਹੀ ਬਦਮਾਸੇ ।

ਲਭ ਲਭ ਸਿੰਘਾਂ ਮਾਰਦੇ ਇਹ ਖੂਨ ਪਿਆਸੇ ।
ਨੱਗਰ ਸਾਰਾ ਵੇਖਦਾ ਸੋ ਅਜ਼ਬ ਤਮਾਸੇ ।
ਕਈ ਮਾਰੇ ਕੋ ਸਹਿਕਦੇ ਕੁਝ ਬਾਕੀ ਸਾਸੇ ।
ਟਾਲ ਲਾਇਕੇ ਲਕੜਾ ਲਾਂਭੇ ਇਕ ਪਾਸੇ ।
ਧੂਹ ੨ ਉਤੇ ਸੁਟਦੇ ਨਹਿੰ ਖਾਇ ਤਰਾਸੇ ।
ਹਥ ਨ ਕੋਈ ਚੁਕਦਾ ਸਤਿਗੁਰ ਪਰਵਾਸੇ ।
ਵਾਹਿਗੁਰੂ ਹੀ ਮੁੰਹ ਤੋਂ ਇਕ ਵਾਕ ਪ੍ਰਕਾਸੇ ।
ਧੰਨ ਸਿਖ ਸਤਿਗੁਰ ਦੇ ਦਾਸੇ ॥ ੨੪ ॥

ਪਉੜੀ

ਬਾਹਰੋਂ ਸਿਖਾਂ ਮਾਰ ਕੇ ਵਲ ਮੰਦਰ ਆਏ ।
ਬੂਹੇ ਮੰਦਰ ਬੰਦ ਸੀ ਕੀ ਚਹੇ ਤਾਏ ।
ਸਦ ਭਰਪਾਣ ਸੁ ਬੂਹੇ ਨੂੰ ਮੋਰੀ ਕਢਵਾਏ ।
ਲਗੇ ਮਰਨ ਗੋਲੀਆਂ ਨਹਿ ਢਿਲ ਲਗਾਏ ।
ਲਛਮਣ ਸਿੰਘ ਸਰਦਾਰ ਸੀ ਤਾਬੇ ਬਠਲਾਏ ।
ਤਕ ਨਿਸ਼ਾਨ ਉਸ ਨੂੰ ਗੋਲੀ ਬਰਸਾਏ ।
ਗੁਰ ਬਚਾਵਨ ਸਿੰਘ ਨੂੰ ਨਿਜ ਅੰਗ ਛਦਾਏ ।
ਨੂੰ ਗੰਥ ਨੂੰ ਵਜ ਕੇ ਗੋਲੀ ਨਿਕਸਾਏ ।
ਜਾਕੇ ਵਜੇ ਸਿੰਘ ਦੇ ਜੁਸੇ ਵਿਚਕਾਏ ।
ਸਤ ਗੋਲੀਆਂ ਵਜੀਆਂ ਗੁਰ ਸਿਖ ਫਟਾਏ ।
ਸਿਖਾਂ ਹਿਤ 'ਗੁਰ' ਆਪ ਕਟਾਏ ॥ ੨੫ ॥

ਪਉੜੀ

ਓੜਕ ਬੂਹੇ ਭੰਨ ਕੇ ਸਭ ਅੰਦਰ ਵੜਦੇ ।
ਸਿਖ ਗੁਰੂ ਦੇ ਦੇਵਤੇ ਇਹ ਰਾਖਸ਼ ਚੜਦੇ।
ਵਾਰੋ ਵਾਰੀ ਸਾਰਿਆਂ ਕਰ ਇਕ ਇਕ ਫੜਦੇ।
ਧੂਹ ੨ ਉਤੇ ਲਕੜਾਂ ਸਭ ਲੋਥਾਂ ਖੜਦੇ।
ਤੇਲ ਮਿਟੀ ਦਾ ਪਾਇਕੈ ਫਿਰ ਅੱਗਾਂ ਸੜਦੇ।
ਸਤਿਨਾਮ ਮੁਖ ਬੋਲ ਕੈ ਸਿਖ ਸਿਦਕੀ ਸੜਦੇ।
ਜਥੇਦਾਰ ਨੂੰ ਪਕੜ ਕੈ ਪਾ ਰੱਸਾ ਕੜਦੇ ।
ਪਹਿਲਾਂ ਸਿਰ ਤਿਸ ਵਢ ਕੇ ਸੰਗ ਜੰਡੇ ਨੜਦੇ।
ਹੇਠਾਂ ਅੱਗ ਜਲਾਂਵਦੇ ਮਚ ਭਾਂਬੜ ਹੱੜਦੇ ।
ਸਿੰਘ ਵਾਂਗ ਮਨ ਸੂਰ ਦੇ ਜਾ ਸੂਲੀ ਅੱੜਦੇ ।
ਅੰਤ ਤੀਕ ਮੁਖ ਬਾਣੀ ਪੜਦੇ ॥ ੨੬ ॥

ਪਉੜੀ

ਚਾਚਾ ਇਕ ਮਹੰਤ ਦਾ ਪਰਤੱਖ ਚੰਡਾਲਾ ।
ਜਥੇਦਾਰ ਦੇ ਲਹੂ ਦਾ ਭਰ ਲਏ ਪਿਆਲਾ
ਪੀਕੇ ਨਾਲ ਪਰੇਮ ਦੇ ਕਹਿ ਬਚਨ ਸੁਖਾਲਾ।
ਅਜ ਵੈਰੀਆਂ ਮਾਰ ਕੇ ਚਿਤ ਗੁਬਰ ਨਿਕਾਲਾ।
ਆਯਾ ਗੱਦੀ ਲੈਣ ਸੀ ਬਹੁ ਹੋਏ ਉਤਾਲਾ ।
ਸਿਰ ਫੜ ਲਿਆ ਮਹੰਤ ਨੇ ਕੀ ਕਰੇ ਕੁਚਾਲਾ।
ਘੋੜੇ ਉਤੇ ਚੜ੍ਹ ਪਿਆ ਵਿਚ ਨਗਰ ਵਖਾਲਾ।

ਉਤੇ ਮੂੰਹ ਦੇ ਥੁਕਦਾ ਹੰਕਾਰੀ ਭ੍ਹਾਲਾ ।
ਨਾਲੇ ਧਫੇ ਮਾਰਦਾ ਮਾਯਾ ਮਤਵਾਲਾ ।
ਮੌਯਾ ਮਾਰ ਸਦਾਵੰਦਾ ਜੋਧਾ ਬਲਿਵਾਲਾ ।
ਮਰਨ ਅਪਨਾ ਨਹੀ ਬਿਖਾਲਾ ॥ ੨੭ ॥

ਪਉੜੀ

ਫੜ ਕੇ ਟੋਕੇ ਕਈਆਂ ਦਾ ਕੀਮਾ ਕਰਵਾਯਾ ।
ਕਈਆਂ ਨੂੰ ਫੜ ਜੀਉਂਦੇ ਵਿਚ ਅੱਗ ਸੁਟਾਯਾ।
ਕੇਡਾ ਭ੍ਹਾਰਾ ਦੁਸ਼ਟ ਨੇ ਏਹ ਕੈਹਰ ਕਮਾਯਾ ।
ਕਈ ਸ਼ਹੀਦਾਂ ਪਕੜ ਕੇ ਮੂੰਹ ਸਿਰ ਮੁੰਡਵਾਯਾ।
ਆਖਾਂ ਮਰ ਗਏ ਸਾਧ ਨੇ ਇਹ ਚਿਤ ਵਸਾਯਾ ।
ਵਡਾ ਅੰਗੀਠਾ ਭੁਖ ਰਿਹਾ ਜਿਓਂ ਜਗ ਰਚਾਯਾ।
ਸਾਫ ਕਰਨ ਗੁਰਧਾਮ ਨੂੰ ਏਹ ਹੋਮ ਸਜਾਯਾ ।
ਬਲੀ ਦਾਨ ਹੋ ਖਾਲਸੇ ਸਭ ਕੰਮ ਨਿਭਾਯਾ ।
ਨਾਲ ਲਹੂ ਦੇ ਧੋਇ ਕੈ ਗੁਰ ਧਾਮ ਬਚਾਯਾ ।
ਸਾਕਾ ਪਰਗਟ ਹੋ ਗਿਆ ਨਹੀ ਸ਼ਕ ਰਹਾਯਾ ।
ਚਿਤ ਗੁਰੂ ਦੇ ਏਵੇਂ ਭਾਯਾ ॥ ੨੮ ॥

ਪਉੜੀ

ਲੜਕੀ ਛੋਟੀ ਇਕ ਸੀ ਜੋ ਵੇਖ ਡਰਾਈ ।
ਵਿਚ ਅਲਮਾਰੀ ਗੁਰੂ ਦੇ ਸੋ ਰਹੀ ਛਪਾਈ ।
ਦੁਸ਼ਟਾਂ ਸੋ ਭੀ ਕਢ ਕੇ ਤਦ ਮਾਰ ਮੁਕਾਈ।

ਦੋ ਤਿੰਨ ਬਚੇ ਨਾਲ ਸੀ ਸਿਖਾਂ ਦੇ ਭਾਈ ।
ਚੁਕ ੨ ਸੁ ਜੀਵੰਦੇ, ਵਿਚ ਅਗ ਸੁਟਾਈ ।
ਖੂਨ ਪਾਪੀਆਂ ਸੀਸ ਤੇ, ਸੀ ਰਿਹਾ ਚੜ੍ਹਾਈ ।
ਅਗੇ ਪਿਛੇ ਕਿਸੈ ਨ ਇਹ ਕਿਰਤ ਕਮਾਈ ।
ਜੈਸੀ ਦੁਸ਼ਟ ਮਹੰਤ ਨੇ ਕਰਤੂਤ ਵਖਾਈ ।
ਸਾਰੀ ਦੁਨੀਆਂ ਕੰਬਦੀ ਏਹ ਰਾਲ ਸੁਨਾਈ ।
ਪਤਾ ਨਹੀ ਇਸ ਦੁਸ਼ਟ ਨੇ ਕੀ ਚਿਤ ਵਸਾਈ ।
ਲਾਨਤ ਸਾਰੇ ਜਗ ਨੇ ਪਾਈ ॥ ੨੯ ॥

## ਪਉੜੀ

ਭਰਿ ਦਲੀਪ ਗੁਰ ਸੇਵਕੋ, ਸਰਦਾਰ ਸਦਾਏ ।
ਸਾਹੋਵਾਲੇ ਵਸਦਾ ਗੁਰ ਪ੍ਰੇਮ ਰਖਾਏ ।
ਪੁਜਾ ਵਿਚ ਲਾਹੌਰ ਸੀ ਸਚ ਗਲ ਸੁਨਾਏ ।
ਦੋ ਦਿਨ ਪਹਿਲਾ ਏਸ ਨੂੰ ਏਹ ਪਤੇ ਲਗਾਏ ।
ਰੋਕਨ ਬਦਲੇ ਖਾਲਸੇ ਮੁੜ ਬਾਰ ਸਿਧਾਏ ।
ਰਾਤ ਬਰਾਤੇ ਫਿਰਦਿਆਂ ਦੇ ਰੋਜ ਬਤਾਏ ।
ਵੀਹ ਤਰੀਕ ਸਵੇਰ ਨੂੰ ਏਹ ਭੇਤ ਸੁ ਪਾਏ ।
ਲਛਮਨ ਸਿੰਘ ਹੈ ਪੁਜਿਆ ਨਨਕਾਣੇ ਜਾਏ ।
ਝਟ ਪਟ ਸਰਦਾਰ ਵੀ ਜਾ ਕਦਮ ਉਠਾਏ ।
ਉਤਮ ਸਿੰਘ ਸਰਦਾਰ ਦੇ ਜਾ ਪਾਸ ਬਠਾਏ ।
ਭਾਖੇ ਸਤਿਗੁਰ ਕੀ ਵਰਤਾਏ ॥ ੩੦ ॥

ਪਉੜੀ

ਕਹਿਰ ਤਦੋਂ ਏਹ ਦੁਸ਼ਟ ਸੀ ਰਿਹਾ ਵਰਤਾਈ।
ਠਾਹ ੨ ਗੋਲੀ ਛੁਟਦੀ ਛਵੀਆਂ ਖੜਕਾਈ।
ਦੋਵੇਂ ਸੋਚਾਂ ਸੋਚਦੇ ਕੀ ਕਰੀਏ ਭਾਈ।
ਕੌਣ ਰੁਕਾਵੇ ਜਾਇਕੈ ਉਸ ਦੁਸ਼ਟ ਕਸਾਈ।
ਜੋ ਜਾਵੇ ਗਾ ਬਚੇ ਨ ਏਹ ਪਕ ਦਿਸਾਈ।
ਹਰ ਦਲੀਪ ਨ ਰੁਕੇ ਗਾ ਆਖੇ ਸਮਝਾਈ।
ਜਾਂ ਰੋਕਾਂ ਜਾਂ ਮਰਾਂਗਾ, ਸ਼ਹੀਦੀ ਪਾਈ।
ਛੇਤੀ ਉਠ ਕੇ ਤੁਰ ਪਿਆ ਜਿਸ ਮੌਤ ਬੁਲਾਈ।
ਮੈਂ ਜਾਂ ਰੋਕਾਂ ਉਸ ਨੂੰ ਹਿਮਤ ਦਿਖਲਾਈ।
ਅੱਗੇ ਜਾ ਗੁਰਧਾਮ ਦੇ ਏਹ ਗਿਰਾ ਅਲਾਈ।
ਦੁਸਟ ਨਰੈਣੂ ਵਲ ਤਕਾਈ ॥ ੩੧ ॥

ਪਉੜੀ

ਦੁਸਟ ਨਰੈਣੂ ਪਾਪੀਆ ਕੀ ਚਿਤ ਸਮਾਈਆਂ।
ਫੜ ੨ ਲੋਥਾਂ ਮੁਰਦਿਆਂ ਇਸ ਰੀਤ ਜਲਾਈਆਂ।
ਕਰ ਕਰ ਕੀਮਾ ਟੁਕੀਆਂ ਵਿਚ ਧੂਰ ਰੁਲਾਈਆਂ
ਮੋਇਆਂ ਨੂੰ ਫਿਰ ਮਾਰਨਾ ਹੈ ਕੰਮ ਸੁਦਾਈਆਂ।
ਐਡੀ ਪੰਡਾਂ ਪਾਪ ਦੀ ਕਿਉਂ ਸੀਸ ਉਠਾਂਈਆਂ।
ਜਦ ਏਹ ਗਲਾਂ ਸਿੰਘ ਤੋਂ ਸਠ ਦੁਸ਼ਟ ਸੁਨਾਈਆਂ
ਉਤੇ ਉਸਦੇ ਅਖੀਆਂ ਲੱਥੇ ਲਾਲ ਵਖਾਈਆਂ।

ਮੈਨੂ ਕੀ ਸਮਝਾਵੈਂਦਾ ਹੈ ਪਿਆ ਅਜਾਈਆਂ।
ਸਿਖ ਨ ਕੋਈ ਛਡਣਾ ਮੇਰੇ ਮਨ ਆਈਆਂ।
ਤੂੰ ਭੀ ਤਕੜਾ ਹੋ ਰਹੋ ਮੌਤਾਂ ਨੀ ਛਾਈਆਂ।
ਆਖ ਗੋਲੀਆਂ ਤੁਰਤ ਚਲਾਈਆਂ ॥ ੩੨ ॥

ਪਉੜੀ

ਝੱਟ ਆਨ ਕੇ ਲਗਦੀ ਸੀਨੇ ਵਿਚ ਗੋਲੀ।
ਸਤਿਨਾਮ ਸਿਖ ਬੋਲਦਾ ਨਹੀ ਬ੍ਰਿਤਿ ਡੋਲੀ।
ਸੀ ਘੁਮਜਾਂਰਾਂ ਭੁਖ ਰਹੀ ਆਵੀ ਇਕ ਕੋਲੀ।
ਵਿਚ ਓਸਦੇ ਸਟਦੇ ਸਿਖ ਦੇਹ ਅਮੋਲੀ।
ਵਾਹਿਗੁਰੂ ਫਿਰ ਬੋਲਿਆ ਹੋ ਸਦਕੇ ਘੋਲੀ।
ਜੇਬ ਵਿਚ ਕੁਝ ਨੋਟ ਸੀ ਕਢ ਸੁਟੇ ਬੋਲੀ।
ਲੈ ਲੋ ਦੁਸ਼ਟੋ ਵਰਤਜੋ ਵੰਡੋ ਹਮ ਜੋਲੀ।
ਜਦੋਂ ਭੀਕ ਰਹੀ ਜਾਨ ਸੀ ਨਾਂਹ ਬਿਪਤਾ ਫੋਲੀ।
ਵਾਹਿਗੁਰੂ ਸਤਿਨਾਮ ਦੀ ਇਕ ਪੂੰਜੀ ਤੋਲੀ।
ਸੁਟੇ ਇਕ ਦੋ ਹੋਰ ਭੀ ਇਸ ਰਾਖਸ ਟੋਲੀ।
ਸਿਖ ਛਡਾਵੈ ਮੌਤ ਨ ਲੋਲੀਂ ॥ ੩੩ ॥

ਪਉੜੀ

ਉਤਮ ਸਿੰਘ ਸਰਦਾਰ ਨੇ ਤਾਰਾਂ ਖੜਕਾਈਆਂ।
ਜਿੱਥੇ ਸਭਾ ਸੁਸੈਟੀਆਂ ਸਭ ਥਾਉ ਪੁਜਾਈਆਂ।
ਰਕਮ ਬੁਹਤੀ ਏਸ ਨੇ ਸਨ ਖਰਚ ਕਰਾਈਆਂ।

ਦੁਸ਼ਟ ਨਰੈਂਙੂ ਸਾਥੀਆਂ ਏਹ ਆਖ ਸੁਨਾਈਆਂ ।
ਮਾਰੇ ਉਤਮ ਸਿੰਘ ਨੂੰ ਜੋ ਕਰੈ ਕਮਾਈਆਂ ।
ਫਿਰ ਕਾਰਖਾਨਾ ਸਾੜ ਕੇ ਆ ਦਏ ਵਧਾਈਆਂ।
ਦਸੜਾ ਲਖ ਇਨਾਮ ਦਾ ਦੇਵਾਂ ਸਮਝਾਈਆਂ ।
ਆਏ ਏਸ ਨੂੰ ਮਾਰਨੇ ਗੁਰ ਹੋਰ ਬਨਾਈਆਂ ।
ਰੇਲ ਇਕ ਤਦ ਆ ਗਈ ਲਖ ਫੌਜਾਂ ਆਈਆਂ ।
ਪੂਰੀ ਗਲ ਨ ਕਰ ਸਕੈ ਰਹਿ ਗਈ ਕਸਾਈਆਂ।
ਜਾਨਾ ਗੁਰ ਨੇ ਆਪ ਬਚਾਈਆਂ ॥ ੩੪ ॥

ਪਉੜੀ

ਲੋਬਾ ਹੈਸਨ ਸਾੜਦੇ ਦੋ ਪੁਲਸੀ ਆਏ ।
ਆਕੇ ਏਸ ਅਤੀਤ ਤੋਂ ਨਹੀ ਹਟਕਾਏ ।
ਦੇਂਦੇ ਸਰੋਂ ਦਲੇਰੀਆਂ ਉਨਾਂ ਸਮਝਾਏ ।
ਤਕੜੇ ਹੋਵੋ ਆਵੰਦੇ ਬਹੁ ਸਿਖ ਚੜਾਏ ।
ਪਤਾ ਨਹੀ ਵਿਚ ਏਸ ਦੇ ਕੀ ਓਹ ਤਕਾਏ ।
ਡਿਪਟੀ ਖਾਸ ਕਮਿਸ਼ਨਰ ਜੋ ਕਿ ਉਸਦਾਏ ।
ਸ਼ੇਖੂਪੁਰ ਦੇ ਜ਼ਿਲੇ ਦਾ ਸੁਨ ਕੇ ਉਠ ਧਾਏ।
ਯਾਰਾਂ ਬਜੇ ਨੂੰ ਪੁਜਦਾ ਨਨਕਾਣੇ ਜਾਏ ।
ਲੋਬਾਂ ਸਜਨੋਂ ਰੋਕਦਾ, ਪਰ ਫੜੇ ਨ ਕਾਏ ।
ਰਾਜਨੀਤ ਦ. ਚਾਲ ਦੇ, ਕੁਲ ਢੰਗ ਚਲਾਏ ।
ਛੇਤ ਨ ਵਿਚਲੇ ਕਿਸੈ ਲਭਾਏ ॥ ੩੫ ॥

ਪਉੜੀ

ਵਿਚ ਲਹੌਰੇ ਤਾਬ ਨੇ, ਜਦ ਖਬਰ ਪੁਜਾਈ।
ਨੌਕਰ ਸ਼ਾਹੀ ਵਾਸਤੇ, ਹੈ ਮੌਜ ਬਨਾਈ।
ਲੜ ੨ ਲੋਕੀਂ ਮਰਨਗੇ, ਏਹ ਲਵੇ ਫਸਾਈ।
ਦਸ ਬਜੇ ਤੋਂ ਪੁਜੀਆਂ, ਖਬਰਾਂ ਸਮਦਾਈ।
ਫਰਤੀ ਨੌਕਰ ਸ਼ਾਹੀ ਨੇ, ਤਦ ਬਹੁਤ ਦਿਖਾਈ।
ਪੰਜ ਬਜੇ ਨੂੰ ਓਸਨੇ, ਲੈ ਫੌਜ ਚੜ੍ਹਾਈ।
ਨਾਲ ਕਮਿਸ਼ਨਰ ਚਲਿਆ, ਜੋ ਕਿੰਗ ਸਦਾਈ।
ਚਿਠੀ ਦੇਕੇ ਥਾਪੀਆਂ, ਜਿਨ ਪਿਠ ਫੁਕਾਈ।
ਹਰਿ ਮਤਾਬ ਸਰਦਾਰ ਵੀ, ਸਿੰਘ ਚਾਰ ਮਿਲਾਈ
ਗਏ ਸਪੈਸ਼ਲ ਰੇਲ ਤੇ, ਆ ਜਗਾ ਤਕਾਈ।
ਜਿਥੇ ਲੋਥਾਂ ਰਹੀ ਸੜਾਈ॥ ੨੬ ॥

ਪਉੜੀ

ਅਠ ਬਜੇ ਆ ਰਾਤ ਨੂੰ, ਫੌਜਾਂ ਉਤਰਾਈਆਂ।
ਦੂਰ ਦੂਰ ਗੁਰ ਥਾਨ ਤੋਂ, ਪਹਿਰੇ ਤੇ ਲਾਈਆਂ।
ਗਲਾਂ ਸਾਰੇ ਫੌਜੀਆਂ, ਏਹੋ ਸਮਝਾਈਆਂ।
ਰੋਕੋ ਸਾਰੀ ਸੰਗਤਾਂ, ਜੋ ਏਧਰ ਆਈਆਂ।
ਟਿਕਟਾਂ ਸਾਰੀ ਰੇਲ ਤੇ, ਸਭ ਤੁਰਤ ਰੁਕਾਈਆਂ
ਨਨਕਾਣੇ ਦੀ ਟਿਕਟ ਨਾ, ਕੋ ਮਿਲੈ ਕਦਾਈਆਂ
ਜਿਥੇ ਜਿਥੇ ਸੰਗਤਾਂ, ਖਬਰਾਂ ਸੁਨ ਪਾਈਆਂ।

ਰਾਤੋਂ ਰਾਤੀ ਉਠਕੇ, ਸ਼ਭ ਪੈਦਲ ਧਾਈਆਂ।
ਲੰਮੇਂ ਪੈਂਡੇ ਝਾਕ ਕੇ, ਆ ਤੋੜ ਪੁਜਾਈਆਂ।
ਗੁਰੂ ਦੁਵਾਰੇ ਚੋਂਜੀਆਂ, ਸਰਕਾਰ ਬਠਾਕੀਆਂ
ਆਗੋਂ ਫੌਜਾਂਆਂ ਨੇ ਅਟਕਾਈਆਂ ॥ ੩੭ ॥

ਪਉੜੀ

ਵੇਖੋ ਨੌਕਰ ਸ਼ਾਹੀ ਦੀ, ਏਹ ਕੈਸੀ ਨੀਤੀ।
ਜਦੋਂ ਨਰਨੂ ਕਰ ਰਿਹਾ, ਸਭ ਕੁਝ ਨਿਰਭੀਤੀ
ਕਨੀ ਨ ਉਸ ਨੂੰ ਕਿਸੇ ਨ, ਕੇ ਪੁਛ ਪ੍ਰਤੀਤੀ।
ਦੋ ਸੌ ਸਿੰਘਾਂ ਮਾਰ ਕ, ਕਰ ਰਿਹਾ ਅਨੀਤੀ।
ਭੰਗ ਘੋਟ ਕੇ ਤਦੋਂ ਸੀ, ਕੀ ਏਨਾਂ ਪੀਤੀ।
ਹੁਨ ਕਿਉਂ ਸਿਖਾਂ ਵਾਸਤੇ, ਹੈ ਸਖਤੀ ਕੀਤੀ।
ਕਹਿੜੇ ਪਾਸੇ ਏਸਦੀ, ਹੈ ਬਧੀ ਸੀਤੀ।
ਸਿਖ ਜਾਨਦੇ ਜਿਨ੍ਹਾਂ ਦੇ, ਸਿਰਤੇ ਹੈ ਬੀਤੀ।
ਸੰਗਤ ਰੁਕੇ ਨ ਕਿਸ ਤੋਂ, ਆਵੇ ਕਰ ਪ੍ਰੀਤੀ।
ਹੋਰ ਕੋਰਨ ਪ੍ਰੇਮ ਦੇ, ਧਰ ਹਿਰਦੇ ਹੀਤੀ।
ਗੁਰ ਸਿਖਾਂ ਦੀ ਏਹੋ ਰੀਤੀ ॥ ੩੮ ॥

ਪਉੜੀ

ਦੁਸ਼ਟ ਨਰੇਨੂ ਪਾਤ ਕੀ, ਕਰਕੇ ਏਹ ਕਾਰਾ।
ਸਭ ਨਸਾਈ ਆਪਨੇ, ਜ ਮਿਤਰ ਯਾਰਾ।
ਥੋੜੇ ਜੈਸੇ ਰਖ ਕੇ, ਮਲ ਬਹੇ ਚੁਬਾਰਾ।

ਕਿੰਗ ਸਾਹਿਬ ਨੇ ਆਵੰਦੇ, ਏਹ ਹੁਕਮ ਉਚਾਰਾ
ਰੋਕਨ ਮਹਿਲ ਮਹੰਤ ਦਾ, ਜਾ ਪਹਿਰੇ ਦਾਰਾ ।
ਓਸ ਵੇਲੇ ਕਰ ਲਿਆ, ਉਸਨੂੰ ਗਰਿਫਤਾਰਾ ।
ਪਕੜੇ ਕਈ ਪਠਾਨ ਵੀ, ਕਰ ਕੈਦ ਬਿਠਾਰਾ ।
ਝੱਟ ਪੱਟ ਹੀ ਜੇਹਲ ਨੂੰ, ਕੀਤੇ ਅਸਵਾਰਾ ।
ਹੁਨ ਨਨਕਾਂਣੇ ਵਿਚ ਜੋ, ਵਰਤੇ ਵਰਤਾਰਾ ।
ਦਸਾਂ ਅਗੇ ਪੰਥ ਦੇ, ਕਰ ਲਏ ਵਿਚਾਰਾ ।
ਭੇਦ ਪਛਾਨਣ ਅਗਲਾ ਸਾਰਾ ॥ ੩੯ ॥

ਪਉੜੀ

ਕਬਜਾ ਗੁਰੂ ਸਥਾਨ ਦਾ, ਸਰਕਾਰ ਕਰਾਈ ।
ਚੌਕੀ ਪਹਿਰੇ ਆਪਣੇ, ਸੋ ਰਹੀ ਲਗਾਈ ।
ਇਸ ਵਿਚ ਹਾਨੀ ਪੰਥ ਦੀ, ਬਹੁਤੀ ਦਰਸਾਈ ।
ਸਿਖ ਸਹਾਰਨ ਕਿਸਤਰਾਂ, ਐਡੀ ਅਨਿਆਈ ।
ਝਬਰ ਸਿੰਘ ਕਰਤਾਰ ਵੀ, ਲੈ ਜਥਾ ਸਬਾਈ ।
ਅਠ ਸੌ ਸਿੰਘ ਸਜਾਵੰਦਾ, ਆ ਫਤੇ ਗਜਾਈ ।
ਫੌਜਾਂ ਭਾਵੇਂ ਰੋਕਿਆ, ਨਹੀਂ ਰੁਕੇ ਤਦਾਈ ।
ਗੁਰੂ ਦੁਵਾਰਾ ਮੰਗਦੇ, ਕਹਿ ਰਹੇਸੁ ਨਾਈ ।
ਕਿੰਗ ਨ ਲੋੜੇ ਛਡਣਾਂ, ਜਿਨ ਲਤ ਅੜਾਈ ।
ਕਿਆ ਨਰੈਣੂ ਦੁਸ਼ਟ ਨੇ, ਹੈ ਸਹਿਰ ਚਲਾਈ ।
ਪ੍ਰਗਟ ਰਲ ਨ ਛਿਪੇ ਛਪਾਈ ॥ ੪੦ ॥

ਪਉੜੀ

ਵਬਰ ਸਿੰਘ ਕਰਤਾਰ ਜੀ, ਬੋਲੇ ਗਰਜਾਏ ॥
ਕਈ ਹਜ਼ਾਰਾ ਆਨਕੇ, ਸੈਨ ਸਿੰਘ ਜੁੜਾਏ ।
ਕਬਜ਼ਾ ਗੁਰੂ ਦੁਵਾਰ ਦਾ, ਸਿਖਾਂ ਮਿਲ ਜਾਏ ।
ਕਿਥੇ ਨੌਕਰ ਸ਼ਾਹੀ ਦੀ, ਹੈ ਨਜ਼ਰ ਲਗਾਏ ।
ਗੁਰ ਦੁਵਾਰਾ ਸਾਭਣਾਂ, ਸਿਖਾਂ ਬਲਿ ਲਾਏ ।
ਪਿਛੋਂ ਨੌਕਰ ਸ਼ਾਹੀ ਬੀ, ਬੈਠੀ ਪਛਤਾਏ ।
ਕਾਰੀ ਹਰਿ ਕਰਤਾਰ ਦਾ, ਹੋ ਗੁਸਾ ਜਾਏ ।
ਅਕਲ ਟਿਕਾਣੇ ਆ ਗਈ ਨਹੀਂ ਉਜਰਕਰਾਏ
ਕਬਜਾ ਦੇਵਨ ਵਾਸਤੇ, ਹੁਨ ਕਿੰਗ ਅਲਾਏ ।
ਹਕਮ ਹੋ ਗਿਆ ਫੌਜੀਆਂ, ਗੁਰ ਦੁਵਾਰ ਛੁਡਾਏ
ਕਬਜ਼ਾ ਦਿਤੇ ਦੇਰ ਨ ਲਾਏ ॥ ੪੧ ॥

ਪਉੜੀ

ਰਚੀ ਕਮੇਟੀ ਤੁਰਤ ਹੀ, ਤਲਕੇ ਸਰਦਾਰਾਂ ।
ਕਬਜ਼ਾ ਲੈ ਗੁਰਧਾਮ ਦਾ, ਸਭ ਕਰਨ ਵਿਚਾਰਾਂ
ਖੜੇ ਅਕਾਲੀ ਹੋ ਗਏ, ਤਿਨ ਸਾਂਭੀ ਕਾਰਾਂ ।
ਕਈ ਗੰਥੀ ਲਾਂਗਰੀ, ਕੋ ਸੇਵਾ ਦਾਰਾਂ ।
ਆਏ ਲੀਡਰ ਦੇਸ ਦੇ, ਹਿਤ ਕਰਨ ਦਿਦਾਰਾਂ ।
ਗਾਂਧੀ ਪੁਜੇ ਮਹਾਤਮਾਂ, ਲੈ ਮਿਤਰ ਯਾਰਾਂ ।
ਅਲੀ ਬਰ ਦਰ ਆਵੰਦੇ, ਸਭ ਘੱਤੀ ਲਾਰਾਂ ।

ਹਿੰਦੂ ਮੁਸਲਮਾਨ ਜੋ, ਆਏ ਇਕ ਵਾਰਾਂ।
ਦਿਤੇ ਲੈਕਚਰ ਸਾਰਿਆਂ, ਕਰ ਸੋਚ ਵਿਚਾਰਾਂ।
ਮੇਲ ਮੁਹਬਤ ਵਾਸਤੇ, ਬੱਧੇ ਇਤਬਾਰਾਂ।
ਜਾਨਣ ਹਾਰ ਸਾਰੀਆਂ ਸਾਰਾਂ ॥ ੪੨ ॥

ਪਉੜੀ

ਆਪ ਗਵਰਨਰ ਆਵੰਦਾ, ਦਿਨ ਦੂਜੇ ਭਾਈ।
ਨਾਲੇ ਮੈਂਬਰ ਕੌਂਸਲੀ, ਆ ਜਗਾ ਤਕਾਈ।
ਕੁੰਡ ਲਹੂ ਦੇ ਵੇਖਕੇ, ਸਭ ਰਹੇ ਕੰਬਾਈ।
ਮੂੰਹ ਵਿਚ ਉਂਗਲਾਂ ਟੁਕਦ, ਹਾਹਾ ਰਹਿ ਗਾਈ॥
ਵਧਿਆ ਜੋਸ਼ ਨਿਹਾਰ ਕੈ, ਮੂੰਹ ਆਪ ਸੁਨਾਈ।
ਗੌਰਮਿੰਟ ਏਹ ਤੁਸਾਂ ਦਾ, ਇਨਸਾਫ ਕਰਾਈ।
ਸਿਖਾਂ ਜਾਤਾ ਅੰਦਰੋਂ, ਏਹੋ ਰਿਹਾ ਕਢਾਈ।
ਪਰ ਸਭੈ ਮੁੰਹ ਰਖਨੀਆਂ, ਸਨ ਗਲਾਂ ਸਾਈ।
ਦਿਲ ਤੋਂ ਕਾਹਨੂੰ ਲੋੜਦੇ, ਸਿਖਾਂ ਵਡਿਆਈ।
ਬਾਹਰੋਂ ਜਰਾ ਪਲੋਸ ਕੇ, ਸਭ ਧੀਰ ਧਰਾਈ।
ਰਾਜ ਨੀਤ ਕੈਸੀ ਵਰਤਾਈ ॥ ੪੩ ॥

ਪਉੜੀ

ਮਾਨ ਸਰੋਵਰ ਜਗਾ ਸੀ, ਹੰਸਾਂ ਹਿਤ ਜਾਣੀ।
ਕਾਂਗ ਬ੍ਰਗੁਲਿਆਂ ਮੱਲਿਆ, ਹੋ ਗਏ ਅਭਿਮਾਨੀ।
ਸਾਰ ਕੀ ਜਾਨਣ ਮੋਤੀਆਂ, ਜਿਨ ਡੁੰਡਾਂ ਖਾਨੀ।

ਕੁਤਾ ਬਹੇ ਕੀ ਤਖਤ ਤੇ, ਘਿਉ ਬਾਂਦਰ ਹਾਨੀ।
ਗਦੋਂ ਚੰਦਨ ਲੇਪ ਕੀ, ਤਿਸ ਖੇਹ ਸੁਖਾਨੀ।
ਕੁਤਾ ਗੰਗਾ ਸਨਾਨ ਤੇ, ਨਹਿ ਉਤਮ ਮਾਨੀ।
ਕਾਗ ਅਟਾਰੀ ਬੈਠਕੇ, ਕੀ ਹੰਸ ਸਮਾਨੀ।
ਜਿਉਂ ਘਰ ਕੋਨੇ ਧੋਕਦੇ, ਕਿਮ ਦਾਖ ਸਦਾਨੀ।
ਲਸੀ ਦੀਸਾਂ ਦੁਧ ਦੀ, ਕੀ ਕਰੈ ਨਿਸਾਨੀ।
ਨਹੀਂ ਮੁਲੰਮਾਂ ਪੁਨਦਾ, ਸੋਨੇ ਦੇ ਸਨੀ।
ਤਿਵੈਂ ਨਰੈਲੂ ਦੁਸ਼ਟ ਕਹਾਨੀ ॥ ੪੪ ॥

ਪਉੜੀ

ਜਿਉਂ ਹੰਸਾਂ ਦੀ ਬੈਠਕੇ, ਆ ਕਾਗ ਉਠਾਏ।
ਮੈਲਾ ਕਰਕੇ ਓਸਨੂੰ, ਦੁਰਗੰਧ ਖਿੰਡਾਏ।
ਤਿਵੇਂ ਨਰੈਲੂ ਦੁਸ਼ਟ ਨੇ, ਸੀ ਕਦਮ ਕਮਾਏ।
ਕਰ ਅਪਵਿਤ੍ਰ ਥਾਨ ਨੂੰ, ਕਾਨੰਕ ਲਵਾਏ।
ਨਾਲ ਸ਼ਹੀਦਾਂ ਲਹੂ ਦੇ, ਹੁਨ ਗਾਫ ਕਰਾਏ।
ਕਾਗ ਕੱਡੇ ਦੁਰਕਾਰ ਕੇ, ਆ ਹੰਸ ਟਿਕਾਏ।
ਫੇਰ ਨਮੂਨੇ ਸੁਰਗ ਦੇ, ਪਰਗਟ ਦਰਸਾਏ।
ਵੇਖਨ ਵਾਲੇ ਆਪ ਹੀ, ਰਹਿ ਕੀਮਤ ਪਾਏ।
ਕਥਾ ਕੀਰਤਨ ਹੋਵੰਦੇ, ਉਪਦੇਸ਼ ਸਬਾਏ।
ਧੰਨ ਗੁਰੂ ਦਾ ਖਾਲਸਾ, ਉਪਕਾਰ ਲਖਾਏ ॥
ਕਰੈ ਸੁਧਾਰ ਨ ਜਾਨ ਰਖਾਏ ॥ ੪੫ ॥

੧ ੴ ਸਤਿਗੁਰ ਪ੍ਰਸਾਦਿ ॥

# ਇਨਸਾਫ ਦੀ ਵਨਗੀ

ਦੋਹਰਾ ।

ਆਪ ਗਵਰ ਨਰ ਆਖਿਆ ਹੋਵੈ ਗਾ ਇਨਸਾਫ
ਸੋਬੀ ਦਸਾਂ ਵੱਨਗੀ ਖੋਲ ਖੋਲ ਕੇ ਸਾਫ ॥ ੧ ॥

ਪਉੜੀ

ਪਿਛੈ ਜੋ ਕੁਝ ਬੀਤਿਆ', ਸਭ ਰਹੇ ਤਕਾਈ ।
ਅਗੇ ਹੁਣ ਇਨਸਾਫ ਦੀ, ਹੈ ਵਾਰੀ ਆਈ ।
ਦਿੱਸੈ ਕੀ ਕੁਝ ਹੋਵੰਦਾ', ਕੀ ਰੰਗ ਲਿਆਈ ।
ਆਪ ਗੁਵਰਨਰ ਸਾਹਿਬ ਨੇ, ਸੀ ਬਾਣੀ ਗਾਈ
ਏਸ ਉਤੇ ਹੁਨ ਸਾਰਿਆਂ, ਹੈ ਅੱਖ ਲਗਾਈ ।
ਖੇਲ ਜੋ ਇੰਦਰ ਜਾਲਦੀ, ਵਰਤੇ ਅਧਿਕਾਈ ।
ਛੁਟ ਚੋਰ ਤੇ ਸਾਧ ਜੋ, ਕੁਝ ਜਾਨ ਬਝਾਈ ।
ਇਕ ਪੰਜਾਬੀ ਗੱਲ ਹੈ, ਏਥੇ ਫੁਰ ਆਈ ।
ਚੋਰ ਉਚਕੇ ਚੌਧਰੀ, ਗੁੰਡੀ ਰੰਨ ਭਾਈ ।
ਫਿਰਸੀ ਇਸ ਇਨਸਾਫ ਤੋਂ, ਪਰਧਾਨ ਕਹਾਈ
ਕਰੈ ਫੈਸਲਾ ਆਪ ਲੁਕਾਈ ॥ ੨ ॥

ਪਉੜੀ

ਜੁਮੇਂਵਾਰੀ ਜਿਨ੍ਹਾਂ ਦੀ, ਦੋ ਅਫਸਰ ਭਾਰੇ।
ਇਕ ਬਦਲਿਆ ਤੁਰਤਹੀ, ਕੈਸੇ ਵਰਤਾਰੇ।
ਦੂਜਾ ਛੁਟੀ ਲੈ ਗਿਆ, ਵਾਲੈਤ ਪਧਾਰੇ।
ਲੋੜ ਵਿਚ ਪੜਤਾਲ ਸੀ, ਓਹ ਕਰੈ ਕਨਾਰੇ।
ਏਹੋ ਨੌਕਰਸ਼ਾਹੀ ਦੇ, ਹੁਨ ਉਲਟੇ ਕਾਰੇ।
ਜਹਿੜੇ ਏਥੇ ਰੱਜਕੇ, ਕਰ ਰਹੇ ਵਿਗਾਰੇ।
ਝਟ ਓਸਨੂੰ ਬਦਲ ਦੀ, ਵਡੀ ਹੁਸ਼ਿਆਰੇ।
ਘਟੇ ਕੌਡੀ ਰਲੇਗੀ, ਤਫਤੀਸ਼ ਮਝਾਰੇ।
ਚੜ੍ਹੇ ਚੰਦ ਜੋ ਦਿਸਦਾ, ਹੈ ਮੁਢ ਨਿਹਾਰੇ।
ਖੂਨੀ ਸਾਰੇ ਛੁਟਣੇ, ਫਿਟਨੇ ਮੁਖਤਾਰੇ।
ਵੇਖਨ ਗੇ ਸਭ ਲੋਕ ਨਜ਼ਾਰੇ ॥ ੩ ॥

ਪਉੜੀ

ਪੁਲਸ ਲਾਈ ਪੜਤਾਲ ਨੂੰ, ਜੋ ਕੰਮ ਚਲਾਏ।
ਜੋ ਸੀ ਮਿਤ ਮਹੰਤ ਦੇ, ਸੋ ਅਫਸਰ ਲਾਏ।
ਪਤਾ ਨਹੀਂ ਕੀ ਉਨ੍ਹਾਂ ਨੇ, ਸਨ ਮਤੇ ਪਕਾਏ।
ਸਿੰਘਾਂ ਪਹਿਲਾ ਆਪ ਜੋ, ਖੂਨੀ ਪਕੜਾਏ।
ਕਰੈ ਹਵਾਲੇ ਪੁਲਿਸ ਦੇ, ਤਿਨ ਸਭੇ ਛੁਡਾਏ।
ਜ਼ਖਮੀ ਕਈ ਮਹੰਤ ਦੇ, ਸਾਧੂ ਲਿਖਵਾਏ।
ਪਤਸੋਂ ਹਾਜ਼ਰ ਹੋਏ ਨਾਂ, ਫਰਜ਼ੀ ਦਿਖਲਾਏ।

ਜਾਨ ਬੁਝ ਕੇ ਪੁਲਿਸ ਨੇ, ਹਥ ਢਿੱਲੇ ਪਾਏ।
ਬੂਟਾ ਸਿੰਘ ਸਰਦਾਰ ਤਾਂ, ਸ਼ਾਕੈਤ ਕਰਾਏ।
ਡਾਕ ਨਸੇ ਜਾਵੰਦੇ, ਨਹੀ ਪੁਲਿਸ ਰੁਕਾਏ।
ਅਗੋਂ ਅਫਸਰ ਏਹ ਸੁਨਾਏ ॥ ੪ ॥

ਪਉੜੀ

ਅਜੇ ਨ ਆਈ ਉਪਰੋਂ, ਸਾਨੂੰ ਮਨਜ਼ੂਰੀ।
ਕੈਸੀ ਆਪ ਸੁਨਾਵੰਦੇ, ਕਰ ਹੁਜਤ ਪੂਰੀ।
ਡਾਕੂ ਖੂਨੀ ਓੜਨ ਨੂੰ, ਨਹੀ ਹੁਕਮ ਹਜ਼ੂਰੀ।
ਏਹ ਨਹੀਂ ਹਾਕਮ ਜਾਨਦੇ, ਕੁਝ ਕੰਮ ਜ਼ਰੂਰੀ
ਖੂਨੀ ਮੌਜਾਂ ਕਰ ਰਹੇ, ਕੁਟ ਖਾਂਦੇ ਚੂਰੀ।
ਹੁਕਮ ਨ ਹੁੰਦੇ ਫੜਨ ਦੇ, ਕੈਸੀ ਮਗਰੂਰੀ।
ਹਰਿ ਮਤਾਬ ਸਰਦਾਰ ਜੋ, ਗੁਰ ਸੇਵਕ ਪੂਰੀ।
ਨਾਲ ਲਗਾਯਾ ਪੁਲਿਸ ਦੇ, ਰਹਿ ਗੱਲ ਨ ਊਰੀ
ਚਾਲਾ ਵੇਖੇ ਪੁਲਿਸ ਦਾ, ਛਡਕਾਰ ਅਧੂਰੀ।
ਸੋਚ ਕਰੀ ਸਰਦਾਰ ਨੇ, ਸਾਰੀ ਹੀ ਤੂਰੀ।
ਕਹੇ ਅਫਸਰਾਂ ਹੋ ਮਜ਼ਬੂਰੀ ॥ ੫ ॥

ਪਉੜੀ

ਅਫਸਰ ਇਕ ਅੰਗ੍ਰੇਜ਼ ਨੂੰ, ਆਖੇ ਸਰਦਾਰਾ।
ਪਤਾ ਨ ਸਾਜ਼ਸ਼ ਕੱਢਦੇ, ਕਿਉਂ ਹੋ ਤੁਮ ਸਾਰਾ।
ਅਗੋਂ ਉਸ ਅੰਗ੍ਰੇਜ਼ ਨੇ, ਕੀਤਾ ਇਨਕਾਰਾ।

ਹੁਕਮ ਨ ਸਾਨੂੰ ਏਸ ਦਾ, ਕਰਦੀ ਸਰਕਾਰਾ ।
ਰਾਸੇ ਹੋ ਸਰਦਾਰ ਨੇ, ਫੜ ਲਿਆ ਕਨਾਰਾ ।
ਕੁੰਤ ਜਨਿਆਂ ਓਸ ਨੇ, ਜੋ ਇਸ ਵਿਚਕਾਰਾ ।
ਸਿਖਾਂ ਦਾਹਵਾ ਛੱਡਿਆ, ਇਹ ਕਿਹਾ ਪੁਕਾਰਾ ।
ਅਸੀ ਨ ਬਦਲਾ ਚਾਹੁੰਦੇ, ਕਿਸ ਹੀ ਪੂਕਾਰਾ ।
ਨੌਕਰਸ਼ਾਹੀ ਆਪ ਹੀ, ਏਵੇਂ ਹਥ ਡਾਰਾ ।
ਲਗੀ ਪੜਦ ਪਾਬਨੇ, ਕਰ ਢੰਗ ਅਪਾਰਾ ।
ਇੰਦ੍ਰ ਜਾਲ ਹੁਨ ਵਰਤੇ ਭਾਰਾ ॥ ੬ ॥

ਪਉੜੀ

ਖੂਨੀ ਡਾਕੂ ਛੱਡ ਕੇ, ਕੀ ਕਰਮ ਕਮਾਂਦੇ ।
ਸਿਖਾਂ ਨੂੰ ਹਥ ਪਾਵੰਦੇ, ਫੜਦੇ ਰਾਹ ਜਾਂਦੇ ।
ਪੁਛਨ ਵਾਲਾ ਕੋਈ ਨਾ, ਕਰ ਕੈਦ ਬਠਾਂਦੇ ।
ਉਲਟੇ ਸਿਖਾਂ ਸੀਸ ਤੇ, ਸਭ ਖੂਨ ਲਗਾਂਦੇ ।
ਸਿਖਾਂ ਨੂੰ ਹੁਨ ਭੰਡਦੇ, ਬਦਨਾਮ ਕਰਾਂਦੇ ।
ਕਈ ਅਲਾਨਾਂ ਕੱਢਕੇ, ਏਹ ਗੱਲ ਜਤਾਂਦੇ ।
ਸਿਖ ਇਲਾਕਾ ਨ੍ਟਦੇ, ਲੋਕਾਂ ਧਮਕਾਂਦੇ ।
ਡਰਦੇ ਲੋਕੀ ਛਡਦੇ, ਘਰ ਨੱਸੇ ਜਾਂਦੇ ।
ਫੌਜਾਂ ਫੇਰ ਪਠਾਇ ਕੇ, ਰਾਖੀ ਜਤਲਾਂਦੇ ।
ਰਲਕੇ ਫੌਜੀ ਪੁਲਸੀਏ, ਲੋਕਾਂ ਸਿਖਲਾਂਦੇ ।
ਮਾਰ ਕੁਟ ਕੇ ਏਹ ਅਖਵਾਂਦੇ ॥ ੭ ॥

ਪਉੜੀ

ਆਖੋ ਸਿਖਾਂ ਅਸਾਂ ਨੂੰ, ਹੈ ਬਹੁਤ ਸਤਾਯਾ।
ਘਰ ਤੇ ਬ੍ਰੂਹਾ ਲੁਟਿਆ, ਨਹਿ ਤਰਸ ਕਮਾਯਾ।
ਉਤਮ ਸਿੰਘ ਸ੍ਰਦਾਰ ਨੂੰ, ਫੜ ਬ੍ਰੰਨ ਰਖਾਯਾ।
ਡਾਕਾ ਉਸ ਤੇ ਥਾਪਿਆ, ਡਾਕੂ ਬਤਲਾਯਾ।
ਪਿਛੋਂ ਜੋ ਪੜਤਾਲ ਤੋਂ, ਹੋ ਬਰੀ ਸਿਧਾਯਾ।
ਸਟ ਲਗੇ ਜੇ ਕਿਸੇ ਨੂੰ, ਝਟ ਪਾਸ ਬੁਲਾਯਾ।
ਤੈਨੂੰ ਸਿਖਾਂ ਮਾਫਿਆ, ਕਹੁ ਸਚ ਬਤਾਯਾ।
ਝੂਠ ਨ ਕੋਈ ਬੋਲਦੇ, ਸਿਰ ਰਬ ਤਕਾਯਾ।
ਸਿਖਾਂ ਕੁਝ ਨਹੀ ਆਖਜਾ, ਕੀ ਕਹੇਂ ਸੁਨਾਯਾ।
ਕਈ ਜੁ ਪਾਪੀ ਦੋ ਗਲੇ, ਓਨ੍ਹਾਂ ਭੁਰਮਾਯਾ।
ਸਿਖਾਂ ਸਿਰ ਝੂਠਾਨ ਥਨਾਯਾ ॥ ੯ ॥

ਪਉੜੀ

ਲਾਂਭੇ ਖੂਨੀ ਰਹਿ ਗਏ, ਸਿਖ ਅਗੇ ਆਏ।
ਸਖਤੀ ਟੁੱਟੀ ਇਨ੍ਹਾਂ ਤੇ, ਏਹ ਕੰਮ ਕੁਦਾਏ।
ਝੂਠੇ ਕਈ ਮੁਕੱਦਮੇਂ, ਸਿਰ ਸਿਖਾਂ ਲਾਏ।
ਪਰ ਸ਼ਾਬਾਸ਼ੇ ਖਾਲਸਾ, ਨਹੀ ਰਤਾ ਢੁਲਾਏ।
ਕਰਨ ਟਾਕਰਾ ਸ਼ਬਰ ਤੇ, ਜੋ ਗੁਰ ਨੂੰ ਭਾਏ।
ਜੋਸ਼ ਨ ਸਿਖਾਂ ਮਰੇਗਾ, ਦਿਨਦਿਨ ਅਧਿਕਾਏ।
ਵਿਚ ਨਨਕਨੇ ਔਣ ਨੂੰ, ਵਾਹੀਰ ਲਗਾਏ।

ਬਾਂਣੀ ਗੁਰ ਦੀ ਗਾਵੰਦੇ, ਜੈਕਾਰੇ ਵਾਏ।
ਡਰ ਨ ਮਾਸਾ ਰਖਦੇ, ਗਜਣ ਹਰਖਾਏ।
ਭਾਂਵੇਂ ਪੁਲਿਸੀ ਇਨ੍ਹਾਂ ਨੂੰ, ਕਿਤਨਾ ਦਬਕਾਏ।
ਚਿਤ ਗੁਰੂ ਦੇ ਚਰਨ ਸਮਾਏ ॥ ੯ ॥

ਪਉੜੀ

ਨੌਕਰਸ਼ਾਹੀ ਕੱਢਿਆ, ਇਕ ਹੋਰ ਐਲਾਨਾ।
ਧੋਖਾ ਦੇ ਕੇ ਚਾਹੁੰਦੀ, ਲੋਕਾਂ ਭੜਕਾਨਾਂ।
ਸਿਖ ਫਸਾਦ ਕਰਾਵੰਦੇ, ਗਿਰਦੇ ਨਨਕਾਨਾਂ।
ਢਾਹ ਕੇ ਮੰਦ੍ ਮਸਜਦਾਂ, ਕਰ ਰਹੇ ਵਿਰਾਨਾ।
ਹਿੰਦੂ ਮੋਮਨ ਸੁਣਦਿਆਂ, ਹੋ ਗਏ ਹਿਰਾਨਾਂ।
ਆਖਣ ਏਹ ਕੀ ਖਾਲਸੇ, ਹੈ ਕਹਿਰ ਕਮਾਨਾਂ।
ਕੌਮਾਂ ਏ ਵਿਚ ਫੁਟ ਦਾ, ਕਿਉ ਬੀਜ ਬਿਜਾਨਾਂ।
ਵਿਚ ਅਖਬਾਰਾਂ ਨਿਕਲੇ, ਕੁਝ ਲੇਖ ਨਿਸ਼ਾਨਾਂ।
ਤਦ ਸਿਖਾਂ ਨੇ ਸੋਚਿਆ, ਜਦ ਲਾਇ ਧਿਆਨਾਂ।
ਨੌਕਰ ਸ਼ਾਹੀ ਅਸਾਂ ਦੇ, ਸਿਰ ਝੂਠ ਲਗਾਨਾਂ।
ਝੂਠ ਸਚ ਲੱਗੇ ਪਰਖਾਨਾਂ ॥ ੧੦ ॥

ਪਉੜੀ

ਏਹ ਗਲ ਸਿਖਾਂ ਵੇਖਕੇ, ਨਹੀ ਕਰਜਾ ਸਹਾਰਾ।
ਨੌਕਰਸ਼ਾਹੀ ਮਿਟਾਵੰਦੀ, ਸਿਖਾਂ ਇਤਬਾਰਾ।

ਹਿੰਦੂ ਮੁਸਲਮਾਨ ਨੂੰ, ਰਹੀ ਚੁਕ ਅਪਾਰਾ।
ਪਾਟਕ ਲੋੜੇ ਪਾਵਣਾਂ, ਵਿਚ ਕੌਮਾਂ ਭਾਰਾ।
ਪਹਲੇ ਦਿਨ ਤੋਂ ਏਸ ਦਾ, ਏਹੋ ਵਰਤਾਰਾ।
ਪਾੜ ਪਾੜ ਕੇ ਹਿੰਦੀਆਂ, ਕਰ ਮੌਜ ਬਹਾਰਾ।
ਸਾਨੂੰ ਬੁਧੂ ਜਾਣਦੀ, ਆਪੋ ਹੁਸ਼ਿਆਰਾ।
ਕਲੀ ਖੋਲੀਏ ਏਸ ਦੀ, ਰਹੀ ਝੂਠ ਪੁਕਾਰਾ।
ਰਲਕੇ ਸਿਖਾਂ ਕੌਂਸਲੀ, ਮੈਂਬਰ ਸਰਦਾਰਾ।
ਦੋ ਤਿਨ ਲਗੇ ਕੱਢਨੇ, ਐਲਾਨ ਕਰਾਰਾ।
ਹਿੰਦੂ ਮੁਸਲਮਾਨ ਵੰਗਾਰਾ ॥ ੧੧ ॥

ਪਉੜੀ

ਮੰਦਰ ਮਸਜਦ ਢਾਹਨ ਦੀ ਜੋ ਗੱਲ ਉਠਾਈ।
ਸਚ ਨ ਅੰਦਰ ਏਸ ਦੇ, ਸਭ ਝੂਠ ਜਤਾਈ।
ਨੌਕਰ ਸ਼ਾਹੀ ਸਿਖਾਂ ਨੂੰ, ਹੈ ਤੋਹਮਤ ਲਾਈ।
ਹਿੰਦੂ ਮੁਸਲਮਾਨ ਜੋ, ਹਨ ਲੀਡਰ ਭਾਈ।
ਜਾ ਨਨਕਾਣੇ ਵੇਖ ਲੌ, ਸੰਸਾ ਮਿਟ ਜਾਈ।
ਲੀਡਰ ਕੋਈ ਆਵੰਦੇ, ਨਹਿ ਦੇਰ ਲਗਾਈ।
ਗਲਾਂ ਸਕੈ ਝਠੀਆਂ, ਕਹਿ ਰਹੇ ਬਨਾਈ।
ਨੌਕਰ ਸ਼ਾਹੀ ਦੇਸ ਨੂੰ, ਏਵੇਂ ਭੜਕਾਈ
ਵਿਚ ਅਖਿਬਾਰਾਂ ਸਾਰਿਆਂ, ਸਭ ਖੋਲ ਲਖਾਈ।
ਝੂਠ ਸਚ ਕਸਵਟੀ ਲਾਈ ॥ ੧੨ ॥

ਪਉੜੀ

ਹੁਣ ਤੇ ਲੋਕਾਂ ਹੋ ਗਿਆ, ਏਹ ਪੱਕ ਯਕੀਨਾਂ।
ਨੌਕਰ ਸ਼ਾਹੀ ਬੋਲਦੀ, ਹੈ ਸਚ ਰਤੀ ਠਾਂ।
ਹੋਣਾਂ ਏਸ ਮੁਕਦਮੇਂ, ਹੈ ਨਿਆਇ ਕਬੀ ਨਾਂ।
ਆਲੇ ਟੋਲੇ ਹੁੰਦਿਆਂ, ਕੁਝ ਸਮਾਂ ਬਤੀਨਾਂ।
ਥੋੜੇ ਜੈਸੇ ਆਦਮੀ, ਕਰ ਲੈਣ ਅਧੀਨਾਂ।
ਬਹੁਤੇ ਸੀ ਨਿਰਦੋਸ਼ ਹੀ, ਖੂਨੀ ਜ਼ਜਦੀਨਾਂ।
ਫਿਰਦੇ ਖੁਲੇ ਹੰਇ ਕੇ, ਨਾਹੀ ਡਰ ਚੀਨਾਂ।
ਬੈਠੇ ਤੋੜ ਮੁਕੱਦਮਾਂ, ਚਾਤਰ ਪੁਰਬੀਨਾਂ।
ਪੈਣ ਲਗੀਆਂ ਪੇਸ਼ੀਆਂ, ਧਰ ਰੋਗ ਨਵੀਨਾਂ।
ਹੋਰ ਫੇਰੀਆਂ ਹੁੰਦੀਆਂ, ਖੁਲ ਗਿਆ ਰੁਜ਼ੀਨਾਂ।
ਪੈਸਾ ਜਿਤੇ ਹਾਰ ਕਮੀਨਾਂ ॥ ੧੩ ॥

ਪਉੜੀ

ਯਾਦ ਪੰਜਾਬੀ ਆਵੰਦੀ, ਇਕ ਖੂਬ ਕਹਾਨੀ।
ਰੱਜੀ ਪੁੱਜੀ ਆਪ ਹੀ, ਘਰ ਵਿਚ ਸੁਵਾਨੀ।
ਆਪੇ ਜੀਵਨ ਬਚੜੇ, ਆਸੀਸ ਵਖਾਨੀ।
ਨੌਕਰ ਸ਼ਾਹੀ ਆਪ ਹੀ, ਸਭ ਕਰੇ ਕਮਾਨੀ।
ਆਪੇ ਫੜਦੀ ਖੂਨੀਆਂ, ਆਪੇ ਛੁਡਵਾਨੀ।
ਆਪੇ ਕਰੈ ਅਦਾਲਤਾਂ, ਹੋ ਬੜੀ ਸਿਆਨੀ।
ਆਪੇ ਸ਼ਾਹਦ ਬਨਾਇਕੇ, ਗਲਾਂ ਲਖਵਾਨੀ।

ਆਪੇ ਸਜ਼ਾ ਦਵਾਵਨੀ, ਜੋ ਦਫਾ ਲਗਾਨੀ।
ਸਭਨੀ ਪਾਸੀ ਆਪ ਹੀ, ਬਣਦੀ ਚੁਧਰਾਨੀ।
ਆਪ ਵਕੀਲ ਬਨਾ ਲਏ,ਕੁਝ ਹਿਕਮਤ ਜਾਨੀ।
ਨੋਕ ਦੋਕ ਸੋਹਣੀ ਦਰਸਾਨੀ ॥ ੧੪ ॥

ਪਉੜੀ

ਸਿਖਾਂ ਖਹਿੜਾ ਛਡਿਆ, ਨਹੀ ਦਖਲ ਦੁਖਾਏ।
ਜੀ ਆਵੈ ਸੋ ਕਰ ਰਹੀ, ਸਰਕਾਰ ਬਨਾਏ।
ਥੋੜਾ ਚਿਰ ਲਮਕਾਇ ਕੇ, ਹੁਣ ਕੰਮ ਮੁਕਾਏ।
ਫਾਸੀ ਚੜ੍ਹੇ ਮਹੰਤ ਇਹ, ਕੁਝ ਹੋਰ ਮਿਲਾਏ।
ਹਰੀ ਨਾਥ ਨੇ ਦੱਸਿਆ, ਸਭ ਸਚ ਸੁਨਾਏ।
ਸੋ ਬੀ ਫਾਸੀ ਚੜ੍ਹੇਗਾ, ਕਿਉ ਸਚ ਬਤਾਏ।
ਕਈਆਂ ਕੈਦਾਂ ਲੰਮੀਆਂ, ਦੇ ਹੁਕਮ ਚੜ੍ਹਾਏ।
ਆਪੈ ਫੇਰ ਅਪੀਲ ਦੇ, ਚੁਕ ਰਾਹ ਬਤਾਏ।
ਛਾਨ ਬੀਨ ਕੀ ਏਸ ਦੀ, ਮੈਂ ਕਹਾਂ ਗਨਾਏ।
ਸੁਨ ਕੇ ਫਾਂਸੀ ਫੈਸਲੇ, ਮਾਹੰਤ ਰੁਵਾਏ।
ਮੱਛੀ ਰੇਤ ਜਿਵੇਂ ਤੜਫਾਏ ॥ ੧੫ ॥

ਪਉੜੀ

ਮਾਰਨ ਸੌਖਾ ਹੋਵੰਦਾ, ਮਰਨਾਂ ਦੁਖਦਾਈ।
ਜੋ ਹਨ ਮਰਨਾਂ ਜਾਨਦੇ, ਪਾਵਨ ਵਡਿਆਈ।
ਮਰਕੇ ਨੇਕੀ ਖੱਟਦੇ, ਮਾਰੇ ਬੁਰਿਆਈ।

ਮਰਨਾ ਜਾਣਨ ਸੂਰਮੇਂ, ਕਾਇਰ ਡਰਖਾਈ।
ਮਰਕੇ ਮਿਲਨ ਸ਼ਹੀਦੀਆਂ. ਲੋਕੀ ਜਸਗਾਈ।
ਮਾਰਨ ਵਾਲੇ ਆਖਦੇ, ਸਭ ਲੋਕ ਕਸਾਈ।
ਦੋ ਸੌ ਸਿਖ ਨੂੰ ਮਾਰਕੇ. ਜਿਨ ਖੁਸ਼ੀ ਮਨਾਈ।
ਘੋੜਾ ਫਿਰੈ ਨਚਾਵੰਦਾਂ; ਹਥ ਸਿਰ ਲਟਕਾਈ।
ਜੈਸੇ ਆਯਾ ਜਿਤ ਕੇ. ਹੈ ਸਰਬ ਲੁਕਾਈ।
ਹੁਕਮ ਮੌਤ ਦਾ ਸਣ ਦਆਂ, ਰੁੰਨਾ ਕੁਰਲਾਈ।
ਲਖ ਲਾਨਤ ਹੈ ਏਸ ਕਮਾਈ॥ ੧੬॥

ਪਉੜੀ

ਹੁਨ ਕਿਉ ਰੋਵੈ ਪਾਪੀਆ, ਕਰ ਪਾਪ ਕਰਾਰੇ।
ਸਿਖ ਗੁਰੂ ਦੇ ਸੂਰਮੇਂ, ਅਨਿਆਈ ਮਾਰੇ।
ਨਰਕ ਨ ਤੈਨੂੰ ਝਲਨਾਂ, ਦੂਰੋਂ ਦੁਰਕਾਰੇ।
ਕਰਨੀ ਭੁਰਨੀ ਪਵੇਗੀ, ਜਾ ਹਰੀ ਦੁਵਾਰੇ।
ਸੁਤਾ ਡਰ ਡਰ ਮਰੇਗਾ, ਕਰ ਹਾਲ ਪੁਕਾਰੇ।
ਕਿਸੈ ਨ ਸਾਥੀ ਹੋਵਣਾਂ, ਜੋ ਪਿਤ ਪਿਆਰੇ।
ਓਨ੍ਹਾਂ ਰੂਹਾਂ ਦਬਣਾ, ਤੈਨੂੰ ਇਸ ਵਾਰੇ।
ਅਗਲੇ ਪਿਛਲੇ ਡੋਬਕੇ, ਚਲਿਓ ਹਤਿਆਰੇ।
ਕਈ ਕੁਲਾਂ ਨੂੰ ਘਲਿਆ, ਤੂੰ ਨਰਕ ਮਝਾਰੇ।
ਲਾਨਤ ਤੇਰੇ ਨਾਮ ਨੂੰ. ਪੈਨੀ ਸੰਸਾਰੇ।
ਤੋਹੇ ਏਹੇ ਸਭ ਲੋਕ ਉਚਾਰੇ॥ ੧੭॥

ਪਉੜੀ

ਫੇਰ ਅਪੀਲਾਂ ਹੋਣੀਆਂ, ਹੁਨ ਅੱਗੇ ਜਾਕੇ।
ਹਾਈ ਕੋਟ ਲਾਹੌਰ ਦੇ ਵਿਚ ਅਰਜ਼ਕਰਾਕੇ।
ਸਾਰਾ ਫੇਰ ਮੁਕੱਦਮਾਂ, ਇਕ ਵੇਰੋ ਫੁਲਾਕੇ।
ਢਾਂਗ ਕੁਕੜਾਂ ਲੜਨ ਕੇ,ਹਥ ਪੈਰ ਅੜਾਕੇ।
ਖੜੇ ਵਕੀਲਾਂ ਹੋਵਣਾ ਬਹੁ ਗੱਫੇ ਲਾਕੇ।
ਜਾਂਦੂ ਫੁਰਨ ਮਹੰਤ ਦੇ ਜੋ ਕਰੈ ਪੜ੍ਹਾਕੇ।
ਲਕੜ ਫੇਰੀ ਸੀਸ ਜੋ ਢਾਕੇ ਮੰਗਵਾਕੇ।
ਸਭੈ ਵਕੀਲਇਦਾਲਤੀ ਮਦ ਮਸਤ ਕਰਾਕੇ।
ਜੋ ਚਾਹੇ ਸੋ ਹੋਂਗਿਆ ਸਭ ਲਿਆ ਲਿਖਾਕੇ।
ਹਕ ਉਸਦੇ ਫੈਸਲਾ ਦ ਦੇਣ ਸੁਨਾਕੇ।
ਚੰਗਾ ਏਹ ਇਨਸਾਫ ਵਖਾ ਕੇ॥ ੧੯ ॥

ਪਉੜੀ

ਮਾਰੂ ਦੋ ਸੌ ਸਿੰਘ ਦੇ ਚੁਣ ਤਿਨ ਵਖਾਲੇ।
ਫਾਂਸੀ ਤਿਨੈ ਹੋਨਰੀ ਕਰ ਪੁਲਿਸ ਦਵਾਲੇ।
ਕੈਦ ਕਰੈ ਤਿਨ ਹੋਰ ਥੀ ਘਲਪਾਣੀ ਕਾਲੇ।
ਦੁਸ਼ਟ ਨਰੈਣੂੰ ਫਾਸੀਓ ਕਰ ਤਰਸ ਰਖਾਲੇ।
ਵਿਚ ਜੇਹਲ ਦੇ ਰਖਿਆ ਸਰਦਾਰਾਂ ਚ ਲੇ।
ਚੰਗਾ ਚੋਖਾ ਖਾਵੰਦਾ ਲਾ ਖੂਬ ਨਵਾਲੇ।
ਪਾਵੈ ਬਸਤ੍ਰ ਰੇਸ਼ਮੀ ਵਡ ਮੁਲੇ ਭਾਲੇ।
ਸਭ ਖੁਨੀ ਮੁਆਫਮਾ ਕਰ ਬਰੀ ਨਿਕਾਲੇ।

ਲੁਟਣ ਧਾੜੇ ਮਾਰਦੇ ਜੰਗ ਵਿਚ ਸੁਖਾਲੇ।
ਨੌਕਰ ਸ਼ਾਹੀ ਨਿਕਲੇ ਇਨਸਾਫ ਦੁਵਾਲੇ।
ਮਿਹਰ ਕਰੈ ਰਬ ਹਿੰਦ ਥਚਾਲੇ॥੧੯॥

ਪਉੜੀ

ਕੂਕਾ ਮੰਗਲ ਸਿੰਘ ਜੋ ਦੇ ਖਿਹਾ ਦੁਹਾਈ।
ਵਿਚ ਨਨਕਾਣੇ ਬੈਠ ਕੇ ਮੈਂ ਕਲਹਿ ਉਠਾਈ
ਕਾਤਲ ਦੋ ਸੋ ਸਿਖ ਦਾ ਹਾਂ ਮੈਂ ਹੀ ਭਾਈ।
ਗੋਰਮਿੰਟ ਕੀ ਖੋਹ ਲਿਆ ਹੈ ਮੇਰਾ ਆਈ।
ਸਿਖਾਂ ਮੈਂ ਕੀ ਜਾਨ ਦਾ ਜੋ ਰਹੇ ਟਪਾਈ।
ਕਿਸੈ ਰੋਜ਼ ਨੂੰ ਫੇਰ ਮੈਂ ਹਥ ਦਿਆਂ ਵਖਾਈ।
ਯਾਦ ਕਰਨਗੇ ਸਿਖ ਵੀ ਮੇਰੀ ਚਤਰਾਈ।
ਨੌਕਰ ਸ਼ਾਹੀ ਛੜੇ ਨਾ ਹੈ ਚੁਪ ਵਟਾਈ।
ਫਿਰ ਇਨਸਾਂਫ ਸੁਨਾਵੰਦੀ ਕਰਕੇ ਵਡਿਆਈ।
ਭੀਗਾਂ ਮਾਰੇ ਸੀਸ ਤੇ ਅਸਮਾਨ ਉਠਾਈ।
ਰਹੀ ਗਲ ਇਨਸਾਫ ਨ ਕਾਈ॥੨੦॥

ਪਉੜੀ

ਕਰਤਾ ਬੇਦੀਨ ਜੋ, ਅਪਰਾਧੀ ਭਰਾ।
ਜਿਸਦੀ ਨਾਲ ਸ਼ਰਾਰਤਾਂ, ਦੇਸ਼ਾ ਸਭ ਕਰਾ।
ਸਾਥੀ ਖਾਸ ਮਹੰਤ ਦਾ, ਸੀ ਬਹੁਤਾ ਸਾਰਾ।
ਉਸ ਨੂੰ ਕਿਸੈ ਨ ਪਕੜਿਆ,ਜੋ ਫਿਰੈਅਵ ਰਾ।
ਲੁੱਕ ਛੁਪ ਮੋਂ ਲਗਾ ਰਿਹਾ, ਏਧਰ ਹਤਿਆਰਾ।

ਜਦੋਂ ਤੀਕ ਨ ਮਿਲੇਗਾ, ਤਿਸ ਡੰਡ ਕਰਾਰਾ।
ਪੰਥ ਨ ਠੰਡਾ ਹੋਵਣਾਂ, ਮੈਂ ਸਚ ਪੁਕਾਰਾ।
ਗੋਰਮਿੰਟ ਦਾ ਅਦਲ ਜੋ, ਹੋ ਗਿਆ ਨਿਕਾਰਾ।
ਬਾਲਕ ਬੁਢਾ ਜਾਨਦਾ, ਸਭ ਨਰ ਤੇ ਨਾਰਾ।
ਛੱਕਾ ਨਾਮ ਨਿਆਂ ਇਦਾ, ਵਰਤੋ ਸੰਸਾਰਾ।
ਤੋਲ ਤਕੜੀ ਭਇਆ ਨਿਤਾਰਾ॥੨੭॥ ॥੧੮॥

ੴ ਸਤਿ ਗੁਰ ਪ੍ਰਸਾਦਿ।

# ਗੁਰ ਧਾਮਾਂ ਬਾਬਤ ਸਖਤੀ

ਦੋਹਰਾ

ਗੁਰ ਧਾਮਾ ਦੇ ਵਾਸਤੇ, ਚਾਲੇ ਸਖਤੀ ਲਹਿਰ।
ਸਿਖਾਂ ਉਤੇ ਕਰੇਗੀ, ਨੌਕਰ ਸ਼ਾਹੀ ਕਹਿਰ॥੧॥

ਪਉੜੀ

ਸਿਖਾਂ ਉਦਮ ਧਾਰਿਆ, ਸਭ ਸਮਾਂ ਤਕਾਯਾ।
ਗੁਰ ਧਾਮਾਂ ਦੇ ਲੈਣ ਦਾ, ਔਸਰ ਜਦ ਪਾਯਾ।
ਤੇਜਾ ਸਿੰਘ ਕਰਤਾਰ ਸਿੰਘ, ਨੇ ਮਤਾ ਪਕਾਯਾ।
ਬਹੁਤੇ ਗੁਰੂ ਦੁਵਾਰਿਆਂ, ਨਿਜ ਹਥ ਕਰਾਯਾ।
ਲਗੇ ਸਿੰਘ ਅਨੇਕ ਹੀ, ਕੀ ਕਹਾਂ ਗਨਾਯਾ।

ਥਾਂ ਥਾਂ ਗੁਰੂ ਦੁਵਾਰਿਆਂ,, ਸੋਧਾਰਲਖਾਯਾ ।
ਨੌਕਰ ਸ਼ਾਹੀ ਬੁਰਾ ਮਨਾਯਾ ॥੨॥

ਪਉੜੀ

ਗੁਰੂ ਦੁਵਾਰਾ ਇਕ ਹੈ, ਜਿਸ ਨੀਮ ਚੁਮਾਲਾ ।
ਵਿਚ ਲਹੌਰੇ ਦਿਸਦਾ, ਤਿਸ ਸ਼ਾਨ ਨਿਰਾਲਾ ।
ਛੇਵੇਂ ਸਤਿ ਗੁਰ ਕਰਿਆ:ਜਾਂ,ਲਾਹੌਰ ਹਿਨਾਲਾ ।
ਘਰ ਸੀ ਇਕ ਲੁਹਾਰ ਦਾ, ਗੁਰ ਪ੍ਰੇਮੀ ਭਾਲਾ ।
ਗੁਰ ਨੂੰ ਘਰ ਵਿਚ ਰਖਦਾ ਕਰ ਚਾਉ ਭਿਸਾਲਾ
ਗੁਰੂ ਦੁਵਾਰ ਬਨਾਯਾ,ਘਰ ਤਿਸ ਹੀ ਕਾਲਾ।
ਭਾਉ ਰਿਦੇ ਦਾ ਏਹ ਵਖਾਲਾ॥ ੩ ॥

ਪਉੜੀ

ਸਿਖਾਂ ਆਪ ਬਠਾਇਆ, ਸੀ ਸਿਖ ਪੁਜਾਰੀ ।
ਪਹਿਲਾਂ ਚੰਗਾ ਰਿਹਾ ਸੀ, ਗੁਰਮਤ ਅਨੁਸਾਰੀ ।
ਅਜ ਕਲ ਜੋ ਕਰ ਰਿਹਾ, ਸੀ ਕਾਰ ਗੁਜ਼ਾਰੀ ।
ਸਿਖ ਨ ਰਾਜ਼ੀ ਉਸਤੇ. ਹੈ ਸੀ ਬਿਭ ਚਾਰੀ ।
ਸਿਖਾਂ ਓਸ ਨੂੰ ਕਢਿਆ, ਨਿਜ ਕਾਰ ਸੰਭਾਰੀ ।
ਨੌਕਰ ਸ਼ਾਹੀ ਤਕਦੀ, ਜੋ ਕਰੈ ਖੁਵਾਰੀ ।
ਹੋਂਕੜ ਦੱਸੇ ਹੋ ਹੰਕਾਰੀ ॥ ੪ ॥

ਪਉੜੀ

ਪੰਜ ਛੇ ਸਿਖਾਂ ਪਕੜਕੇ, ਝਟ ਕੈਦ ਕਰਾਯਾ ।

ਜਿਨ੍ਹਾਂ ਕੋਈ ਕਸੂਰ ਨਾ, ਏਵੇਂ ਹਥ ਪਾਯਾ।
ਸੋਈ ਪੁਜਾਰੀ ਮੁੜ੍ਹਵੇ, ਸਰਕਾਰੇ ਧਾਯਾ।
ਅਰਜੀ ਪਾਈ ਓਸਨੇ, ਨਿਜ ਹਕ ਜਨਾਯਾ।
ਨੌਕਰਸ਼ਾਹੀ ਆਪਣਾ, ਹੈ ਆਪਣਾਂ ਵਾਰ ਚਲਾਯਾ
ਭਾਵੇਂ ਝਠਾ ਹੋਇਗਾ, ਪਰ ਖੋਟ ਕਮਾਯਾ।
ਝੂਠ ਮੂਠ ਪਰਪੰਜ ਰਚਾਯਾ ॥ ਪ ॥

ਪਉੜੀ

ਖਾਸ ਕਿਆਰੇ ਸਾਹਿਬ ਜਾ, ਆਕਾਲੀ ਆਏ।
ਕਬਜ਼ੇ ਉਸਤੇ ਅਪਨੇ, ਆ ਤੁਰਤ ਜਮਾਏ।
ਸਿਰਦੇ ਗਿਰਦੇ ਆਨਕੇ, ਸਭ ਪਹਿਰੇ ਲਾਏ।
ਝਬਰ ਸਿੰਘ ਕਰਤਾਰ ਨੇ, ਏਹ ਕੰਮ ਕਰਾਏ।
ਲਖਾ ਸਿੰਘ ਲਹੌਰਭੀ, ਸਿੰਘ ਕਈ ਧਾਏ।
ਨੌਕਰ ਸ਼ਾਹੀ ਆਨਕੇ, ਛੇਤੀ ਹਥ ਪਾਏ।
ਸਭਨਾਂ ਉਤੇ ਕੇਸ ਚਲਾਏ ॥ ੬ ॥

ਪਉੜੀ

ਮਾਲ ਸਾਹਿਬ ਇਕ ਦੂਜਰਾ, ਜੋ ਗੁਰੂ ਦੁਵਾਰਾ।
ਸਾਧ ਉਦਾਸੀ ਓਸ ਦਾ, ਸੀ ਸੇਵਾਦਾਰਾ।
ਨਾਲ ਸਿਆਨਪ ਓਸ ਨੇ, ਸਭ ਕੰਮ ਸਵਾਰਾ।
ਨਾਲ ਕਮੇਟੀ ਫੈਸਲਾ, ਕਰ ਲਏ ਵਿਚਾਰਾ।
ਘਰ ਵਿਚ ਕੰਮ ਨਬੇੜਿਆ, ਸੰਦਰ ਵਰਤਾਰਾ।

ਤੰਬੀ ਨੌਕਰ ਸ਼ਾਹੀ ਦੈ, ਹੋ ਪੇਟ ਅਢਾਰਾ ।
ਬਦੋ ਬਦੀ ਆ ਕੇ ਹਥ ਡਾਰਾ ।। ੭ ।।

ਪਉੜੀ

ਭਾਵੈ ਕਹਿਣ ਮਹੰਤ ਏਹ, ਹਾਂ ਰਾਜ਼ੀ ਸਾਰੇ ।
ਹਥ ਕਮੇਟੀ ਆਪ ਹੀ, ਹੈ ਸੌਂਪੀ ਕਾਰੇ ।
ਉਜਰ ਨ ਸਾਡਾ ਕੋਈ ਵੀ, ਹਾਂ ਸੇਵਾਦਾਰੇ ।
ਜਿਵੇਂ ਕਮੇਟੀ ਆਖਸੀ, ਉਸ ਦੇ ਅਨੁਸਾਰੇ ।
ਅਸੀ ਕਰਾਂਗੇ ਆਪਣੇ, ਸਭ ਕਾਰ ਵਿਹਾਰੇ ।
ਜੋ ਕੁਝ ਦਏ ਸੋ ਲਵਾਂਗੇ,ਕਰ ਸ਼ੁਕਰ ਗੁਜ਼ਾਰੇ ।
ਹੁਕਮ ਕਮੇਟੀ ਸਿਰ ਤੇ ਧਾਰੇ ।। ੮ ।।

ਪਉੜੀ

ਨੌਕਰ ਸ਼ਾਹੀ ਜਾਨ ਕੇ, ਹੁਨ ਗਲ ਵਧਾਵੈ ।
ਗੁਰਮਖ ਸਿਖਾਂ ਸਾਰਿਆਂ, ਇਹ ਡਾਕੂ ਗਾਵੈ ।
ਘੜਕੇ ਆਪ ਮੁਕੱਦਮੇਂ, ਸਭ ਨੂੰ ਪਕੜਾਵੈ ।
ਚੰਗੇ ਚੰਗੇ ਆਦਮੀ, ਵਿਚ ਜੇਹਲ ਸੁਟਾਵੈ ।
ਦੇ ਕੇ ਕੈਦਾਂ ਲੰਮੀਆਂ, ਆਕੜ ਦਿਖਲਾਵੈ ।
ਆਖੇ ਅਮਨ ਰਖਾਵਨਾਂ, ਬਹੁ ਜ਼ੋਰ ਜਨਾਵੈ ।
ਭੇਤ ਨ ਇਸ ਦਾ ਕੋਈ ਪਾਵੈ ।। ੯ ।।

ਪਉੜੀ

ਸਿੰਘ ਨ ਅਗੋਂ ਕੋਈ ਬੀ, ਹੈਨ ਉਜਥ ਕਰਾਂਦੇ ।

ਦੇਵੇ ਕੋਈ ਬਿਆਨ ਨ, ਸ਼ਭ ਚੁਪ ਰਹਾਂਦੇ।
ਨਾਮਿਲ ਵਰਤਨ ਧਾਰਿਆ, ਸੋ ਪਾਲ ਵਖਾਂਦੇ।
ਹਥ ਨ ਅਗੋਂ ਚੁਕਦੇ, ਸਿਰ ਖੇਦ ਸਹਾਂਦੇ।
ਨ ਕੋਈ ਜਿਹਾ ਗੁਵਾਹ ਤੇ, ਕਰਕੇ ਅਟਿਕਾਂਦੇ।
ਹਸ ਹਸ ਜੇਹਲੇਂ ਜਾਵੰਦ, ਨਹੀ ਬੁਰਾ ਮਨਾਂਦੇ।
ਭਾਣਾਂ ਗੁਰ ਦਾ ਚਿਤ ਵਸਾਂਦੇ ॥ ੧੦ ॥

ਪਉੜੀ

ਪਾਸ ਲਹੌਰੇ ਇਕ ਹੈ, ਮਾਨਕ ਅਸਥਾਨਾਂ।
ਸਾਧ ਉਦਾਸੀ ਓਸ ਦੇ, ਏਹ ਕਰਮ ਕਮਾਨਾਂ।
ਆਨ ਲਹੌਰੇ ਖਾਲਸੇ, ਜਿਨ ਬਚਨ ਬਖਾਨਾਂ।
ਗੁਰੂਦਵਾਰਾ ਆਪ ਦਾ, ਮੈਂ ਦਾਸ ਸਮਾਨਾਂ।
ਮੈਨੂੰ ਸਿੰਘ ਸਜਾ ਲਵੋ, ਸਰਨਾਈ ਜਾਨਾਂ।
ਕਾਗਜ ਉਸ ਤੋਂ ਖਾਲਸੇ, ਹੈ ਤੁਰਤ ਲਖਾਨਾਂ।
ਪੱਕਾ ਕੀਤਾ ਓਸ ਬਿਆਨਾਂ। ੧੧ ॥

ਪਉੜੀ

ਜਾ ਕੇ ਸਿੰਘਾਂ ਸਾਂਭਿਆ, ਜਦ ਗੁਰੂ ਦਵਾਰਾ।
ਹਥ ਅਪਣੇ ਕਰ ਲਿਆ, ਸਭ ਕਾਰ ਵਿਹਾਰਾ।
ਨੌਕਰ ਸ਼ਾਹੀ ਕਿਸਤਰਾਂ, ਤਨ ਕਰੈ ਸਹਾਰਾ।
ਝਟ ਪੁਜਾਏ ਪੁਲਸੀਏ, ਆ ਦੇਣ ਦਿਦਾਰਾ।
ਸਾਰੇ ਸਿੰਘਾਂ ਪਕੜਿਆ, ਇਹ ਅਜਬ ਨਜ਼ਾਰਾ।

ਡਾਕੂ ਡਾਕੂ ਆਖਦੇ, ਭੰਡਨ ਸੰਸਾਰਾ।
ਵੱਡੇ ਵੱਡੇ ਫੜ ਸਰਦਾਰਾ। ੧੨॥

ਪਉੜੀ

ਏਸੇ ਦੇ ਪ੍ਰਬੰਧ ਹੇਠ, ਬਹੁ ਸਿੰਘ ਫੜਾਏ।
ਸੌਦਾਗਰ ਵਾਕੀਲ ਵੀ, ਸਭ ਜੇਹੁਲ ਪੁਜਾਏ।
ਐਡੀਟਰ ਅਖਬਾਰ ਦੇ, ਸਨ ਵਿਚ ਰਲਾਏ।
ਕਈ ਮਹੀਨੇ ਰਗੜਿਆ, ਜਦ ਕੇਸ ਚਲਾਏ।
ਮਾਸਾ ਕਿਸ ਕਸੂਰ ਨ, ਨਾ ਹੱਕ ਦੁਖਾਏ।
ਸ਼ੁਕਰ ਗੁਰੂ ਦਾ ਕਰ ਰਹੇ, ਸੋ ਸਿਖ ਸਬਾਏ।
ਰੰਜ ਨ ਦੱਤੀ ਕਿਸੇ ਮਨਾਏ ॥ ੧੩ ॥

ਪਉੜੀ

ਧਰਮਸਾਲ ਇਕ ਹੋਰ ਵੀ, ਲਾਹੌਰ ਵਿਚਾਲੇ।
ਸਾਧੂ ਰਾਮ ਦੀ ਆਖਦੇ, ਸਭ ਬੁਢੇ ਬਾਲੇ।
ਜੋਇ ਪੁਜਾਰੀ ਉਸ ਦਾ, ਪੈ ਰਿਹਾ ਕੁਚਾਲੇ।
ਉਤੇ ਉਸ ਦੇ ਖਾਲਸੇ, ਆ ਹਥ ਵਖਾਲੇ।
ਕੱਢ ਉਸ ਨੂੰ ਪੰਥਨੇ, ਸਭ ਕੰਮ ਸੰਭਾਲੇ।
ਸਿੰਘਾਂ ਵੇਖੇ ਉਸ ਦੇ, ਜਦ ਭੈੜੇ ਚਾਲੇ।
ਲਗੇ ਕਰਨ ਸੁਧਾਰ ਉਤਾਲੇ ॥ ੧੪ ॥

ਪਉੜੀ

ਏਥੇ ਵੀ ਸਰਕਾਰ ਨੇ, ਚੁਕ ਡਾਕਾ ਘੜਿਆ।

ਅਠ ਸਤ ਸਿੰਘਾਂ ਸੋਚਕੇ, ਆ ਛੇਤੀ ਫੜਿਆ।
ਹੋਵੈ ਕਿਵੇਂ ਮੁਕੱਦਮਾਂ, ਸਿਰ ਓਨ੍ਹਾਂ ਜੜਿਆ।
ਧਕੇ ਸ਼ਾਹੀ ਜ਼ਾਬਤਾ, ਕੈਸਾ ਸਿਰ ਚੜ੍ਹਿਆ।
ਮੂਲ ਨ ਕੋਈ ਛੱਡਿਆ, ਜੋ ਅਗੇ ਅੜਿਆ।
ਚੰਗਾ ਨੌਕਰ ਸ਼ਾਹੀ ਨੇ, ਹੈ ਅਸਲਾ ਪੜ੍ਹਿਆ।
ਕੜਾ ਕਨੂੰਨ ਏਸ ਦਾ ਸੜਿਆ ॥ ੧੫ ॥

ਪਉੜੀ

ਗੁਰੂਦਵਾਰਾ ਓਠੀਆਂ, ਹੈ ਉਘਾ ਭਾਰਾ।
ਜਦੋਂ ਪੁਜਾਰੀ ਵੇਖਿਆ, ਉਸ ਦਾ ਬਦਕਾਰਾ।
ਮਿੰਘਾਂ ਓਥੇ ਜਾਇਕੇ, ਸੋ ਝਟ ਨਕਾਰਾ।
ਹਥ ਅਪਣੇ ਕਰ ਲਿਆ, ਪ੍ਰਬੰਧ ਵਿਚਾਰਾ।
ਕੇਵਲ ਲੋੜੇ ਘਾਲਸਾ, ਹੈ ਕਹਨ ਸੁਧਾਰਾ।
ਹੋਰ ਨ ਕੋਈ ਚੀਜ਼ ਹੈ, ਜਿਸ ਨੂੰ ਦਰਕਾਰਾ।
ਪਤਾ ਨਹੀ ਕੀ ਗੁਰੂ ਚਤਾਰਾ ॥ ੧੬ ॥

ਪਉੜੀ

ਚੇਹਲੇ ਸਾਹਿਬ ਵਿਚ ਜੋ, ਮਾਹੰਤ ਸਿਆਨਾ।
ਅਗਲੀ ਪਿਛਲੀ ਬਾਤ ਨੂੰ, ਜਿਨ ਖੂਬ ਪਛਾਨਾ।
ਆਪੇ ਸਿਖਾਂ ਆਨ ਕੇ, ਸੋ ਤੁਰਤ ਮਿਲਾਨਾਂ।
ਆਪਣੇ ਹਥੀ ਓਸ ਨੂੰ, ਸਭ ਕੰਮ ਸੌਂਪਾਨਾਂ।
ਸਿਖਾਂ ਨੇ ਵੀ ਓਸ ਤੇ, ਹੈ ਭਰਸ ਕਮਾਨਾਂ।

ਦੋਨ ਗੁਜਾਰਾ ਓਸ ਨੂੰ, ਚੰਗਾ ਹਿਤ ਜਾਨਾਂ।
ਮੌਜਾਂ ਕਰੈ ਨ ਬੁਰਾ ਜਤਾਨਾਂ ॥ ੨੭ ॥

ਪਉੜੀ

ਸਚਾ ਸਾਧੂ ਵੇਖਿਆ, ਇਕ ਏਹ ਉਦਾਸੀ।
ਕਰਨ ਦਾਸ ਜਿਸ ਨਾਮ ਹੈ, ਪੂਰਾ ਅਭਿਆਸੀ।
ਫਿਰ ਤੋਂ ਪੰਡ ਉਤਾਰ ਕੇ, ਕਰ ਲਦੀ ਖਲਾਸੀ।
ਗੋਰਮਿੰਟ ਨੂੰ ਆਖਦਾ, ਨਹੀ ਸੰਕ ਰਖਾਸੀ।
ਜਾਇਦਾਦ ਗੁਰਧਾਮ ਦੀ, ਜੋ ਚੰਗੀ ਖਾਸੀ।
ਨਾਮ ਲਗੈ ਅਸਥਾਨ ਦੇ, ਹਥ ਪੰਥ ਰਹਾਸੀ।
ਲੋਕ ਪਲੋਕ ਵਿਖੈ ਸਖ ਪਾਸੀ ॥ ੧੮ ॥

ਪਉੜੀ

ਬਰਾ ਗੁਰੂ ਗੁਰਧਾਮ ਜੋ, ਸੋ ਬੀ ਹਥ ਆਯਾ।
ਏਹ ਮਹੰਤ ਵੀ ਨੇਕ ਸੀ, ਨਹੀ ਦਰਾ ਕਮਾਯਾ।
ਗੁਰੂ ਦਵਾਰਾ ਦੇਣ ਦਾ, ਐਲਾਨ ਕਰਾਯਾ।
ਸਿੰਘ ਸਜਨ ਦਾ ਆਪ ਵੀ, ਹੈ ਪ੍ਰੇਮ ਜੜਾਯਾ।
ਕਹਿਣਾ ਉਸ ਦੇ ਪੰਥ ਨੇ, ਸਭ ਚਿਤ ਵਸਾਯਾ।
ਬਣੀ ਕਮੇਟੀ ਤੁਰਤ ਹੀ, ਕਾਰਜ ਕੁਰਤਾਯਾ।
ਗੁਰੂਦਵਾਰ ਸੁਧਾਰ ਕਰਾਯਾ ॥ ੧੯ ॥

ਪਉੜੀ

ਨਾਨਕ ਗੁਰੂ ਵਿਆਹ ਦਾ, ਅਸਥਾਨ ਵਟਾਲਾ।

ਗੁਰੂ ਦੁਵਾਰਾ ਓਸ ਥਾਂ, ਹੈ ਸੁੰਦਰ ਭਾਲਾ ।
ਓਥੈ ਸਿਖ ਪ੍ਰਚਾਰੀਆਂ, ਸੋ ਕਰੈ ਕੁਚਾਲਾ ।
ਉਸ ਨੇ ਵੀ ਫੜ ਰਖਜਾ, ਇਕ ਢੰਗ ਨਰਾਲਾ ।
ਨਾਲ ਓਸ ਦੇ ਫੈਸਲਾ, ਹੋਗਿਆ ਸੁਖਾਲਾ ।
ਖਣੀ ਕਮੇਟੀ ਖਾਲਸੇ, ਜਿਨ ਕੰਮ ਸੰਭਾਲਾ ।
ਗੁਰ ਧਾਮਾਂ ਦਾ ਪੰਥ ਖਿਆਲਾ ॥ ੨੦ ॥

ਪਉੜੀ

ਜਿਥੇ ਜਿਥੇ ਦਿਸਿਆ, ਕੋ ਗੁਰ ਅਸਥਾਨਾਂ ।
ਓਥੇ ਓਥੇ ਖਾਲਸੇ, ਨੇ ਉਦਮ ਠਨਾਂ ।
ਕਰਕੇ ਕੈਮ ਕਮੇਟੀਆਂ, ਪ੍ਰਬੰਧ ਕਰਾਨਾਂ ।
ਹੋਰ ਨ ਕੋਈ ਲਾਲਸਾ, ਉਪਕਾਰ ਕਮਾਨਾਂ ।
ਗੁਰੂ ਦੁਵਾਰ ਸੁਧਾਰ ਦਾ, ਹੈ ਖਾਸ ਨਿਸਾਨਾ ।
ਜਗਾ ਜਗਾ ਸਿੰਘ ਉਠਦੇ, ਜੋਧੇ ਬਲਿਵਾਨਾ ।
ਆਪੋ ਆਪਨਾਂ ਕੰਮ ਤੁਰਾਨਾਂ ॥ ੨੧ ॥

ਪਉੜੀ

ਕਿਥੋਂ ਤੀਕਰ ਖੋਲਕੈ, ਮੈਂ ਗਲ ਸੁਨਾਵਾਂ ।
ਕਿਹੜੇ ਕਿਹੜੇ ਥਾਨ ਦਾ, ਹੁਨ ਨਾਮ ਲਿਖਾਵਾਂ ।
ਸਾਰੇ ਵਿਚ ਪੰਜਾਬ ਦੇ, ਏਹ ਕੰਮ ਤੁਰਾਵਾਂ ।
ਸ਼ਹਿਰ ਅੰਦਰ ਕਸਬਜਾਂ, ਕਈ ਪਿੰਡ ਗਿਰਾਵਾਂ
ਇਹ ਸੁਧਾਰ ਦੀ ਲਹਿਰ ਨੂੰ, ਸਭ ਥਾਂਈ ਪਾਵਾਂ।

ਲਿਖਜਾਂ ਵਾਧਾ ਗ੍ਰੰਥ ਦਾ, ਬਹੁਤਾ ਡਰ ਖਾਵਾਂ ।
ਥੋੜੇ ਵਿਚ ਹੀ ਗਲ ਮੁਕਾਵਾਂ ॥ ੨੨ ॥

ਪਉੜੀ

ਨੌਕਰ ਸ਼ਾਹੀ ਲੋੜ ਦੀ, ਏਹ ਗਲ ਤਮਾਮੀ ।
ਰਖੇ ਸਾਨੂੰ ਸਦਾ ਹੀ, ਸੋ ਵਿਚ ਗੁਲਾਮੀ ।
ਧਰਮ ਅਜ਼ਾਦੀ ਚਾਹੁੰਦੇ, ਸਿਖ ਇਸਦੇ ਹਾਮੀ ।
ਧਰਮੋਂ ਸਾਨੂੰ ਗੋਰਦੀ, ਲਖ ਹੀਲੀ ਸਾਮੀ ।
ਭਾਵੇਂ ਪਛੋਤਾਵਸੀ, ਸਿਰ ਲੈ ਬਦਨਾਮੀ ।
ਓੜਕ ਨੂੰ ਜਿਤ ਜਾਨਗੇ, ਸਿਖ ਜੋਧੇ ਅਮੀ ।
ਲਾਜ ਰਖਣ ਗੁਰਦੇਵ ਸੁਆਮੀ ॥ ੨੩ ॥

ਪਉੜੀ

ਦਿਨਾਂ ਵਿਚ ਹੀ ਹੋ ਗਈ, ਸਭ ਥਾਂਉ ਮੁਨਾਦੀ ।
ਗੁਰ ਦੁਆਰੇ ਫੜਨਗੇ, ਹੁਣ ਸ਼ਕਲ ਅਬਾਦੀ ।
ਲੁਚੇ ਲੰਡੇ ਕੱਢਣੇ, ਮਾਹੰਤ ਫਸਾਦੀ ।
ਜੋ ਹਨ ਵਿਸ਼ੇ ਵਿਕਾਰਦੇ, ਹੋ ਬੈਠ ਆਦੀ ।
ਖਾ ਖਾ ਪੈਸਾ ਮੁਫ਼ਤ ਦਾ, ਕਰਦੇ ਬਰਬਾਦੀ ।
ਨੌਕਰ ਸ਼ਾਹੀ ਕਿਸਤਰਾਂ, ਏਹ ਤਕ ਅਜ਼ਾਦੀ ।
ਓਸਨੇ ਪਿਛੇ ਪਲਿਸ ਲਗਾਦੀ ॥ ੨੪ ॥

ਪਉੜੀ

ਨੌਕਰ ਸ਼ਾਹੀ ਵੇਖਕੇ, ਗਲ ਬੁਰੀ ਸੁਮੰਨੀ ।

ਜੁਟੇ ਸਿੰਘ ਸੁਧਾਰ ਨੂੰ, ਹੋ ਗਈ ਚੁਕੰਨੀ।
ਏਹ ਚਾਹੁੰਦੀ ਰਖਣਾਂ, ਪਾ ਸੰਗਲ ਬੰਨੀ।
ਸਿੰਘ ਕਨਾਰਾ ਲੋੜਦੇ, ਕਤਰਾਕੇ ਕੰਨੀ।
ਪਿਛੇ ਲਾਏ ਪੁਲਸੀਏ, ਸਭ ਬੰਨੀ ਚੰਨੀ।
ਫਿਰਦੇ ਵੇਲਾ ਤਾੜਦੇ, ਸਿਕਾਂ ਦੇ ਵੰਨੀ।
ਹਦ ਕਨੂੰਨਾਂ ਵਾਲੀ ਭੰਨੀ ॥ ੨੫ ॥

ਪਉੜੀ

ਥਾਂ ਥਾਂ ਉਤੇ ਪੁਲਿਸ ਨੇ, ਆ ਰੂਪ ਵਖਾਏ।
ਚੰਗੇ ਚੰਗੇ ਸਿੱਘ ਜੋ, ਸਭ ਪਕੜ ਬਠਾਏ।
ਡਾਕੇ ਫਰਜ਼ੀ ਦੱਸਕੇ, ਹੁਨ ਕੇਸ ਚਲਾਏ।
ਆਪੇ ਦੇਣ ਗੁਵਾਹੀਆਂ, ਸੋ ਕੈਦ ਕਰਾਏ।
ਜਥੇਦਾਰ ਸਰਦਾਰ ਬਹੁ, ਇਸ ਫੰਦੇ ਆਏ।
ਸਤ ੨ ਬਰਸਾਂ ਕੈਦ ਦੇ, ਕਈ ਹੁਕਮ ਸੁਨਾਏ।
ਅੰਧਾ ਧੁੰਧ ਰਹਿ ਕਿਆ ਮਚਾਏ ॥ ੨੬ ॥

ਪਉੜੀ

ਸ਼ਾਬਾ ਤੇਰੇ ਖਾਲਸਾ, ਜਾਵਾਂ ਕੁਰਬਾਨੇ।
ਜ਼ਰਾ ਨ ਅਗੋਂ ਬੋਲਦੇ, ਤੂਰ ਜੋਹਨ ਖਾਨੇ।
ਸ਼ਾਂਤੀ ਕੈਸੀ ਧਾਰਦੇ, ਸਭ ਲੋਕ ਹਿਰਾਨੇ।
ਜੋਧੇ ਜੰਗੀ ਸੂਰਮੇਂ, ਵਿਚ ਸਾਂਤਿ ਡੁਬਾਨੇ।
ਬਲ ਤੇ ਬਰਕਤ ਹੁੰਦਿਆਂ, ਬਨ ਰਹੇ ਨਿਮਾਨੇ।

ਪੰਥ ਗੁਰੂ ਦਾ ਲਾਡਲਾ, ਸਭ ਗਲਾਂ ਜਾਨੇ।
ਖਾਸ ਲਾਡਿਰਾਂ ਹੁਕਮ ਕਮਾਨੇ ॥ ੨੭ ॥

ਪਉੜੀ

ਸਿੰਘ ਭਟੇ ਨਿਰਝਕ ਹੈ, ਨਹੀਂ ਖੌਫ ਰਖਾਂਦੇ।
ਹੱਸ ਹੱਸ ਕੇ ਪੁਲਿਸ ਦੇ, ਤੁਰ ਅੱਗੇ ਜਾਂਦੇ।
ਡਰ ਨਹੀਂ ਰਖਣ ਜੇਹਲ ਦਾ, ਹੋ ਸ਼ੇਰ ਗਜਾਂਦੇ।
ਨਾਮਿਲ ਵਰਤਨ ਲਹਿਰਨੂੰ, ਕਿਆ ਪਾਲਵਖਾਂਦੇ
ਹਿੰਦੂ ਮੁਸਲਮਾਨ ਜੋ, ਸਭ ਕੀਰਤ ਗਾਂਦੇ।
ਆਖਣ ਸਿਖ ਪੰਜਾਬ ਨੂੰ, ਆਜ਼ਾਦ ਕਰਾਂਦੇ।
ਜੇ ਕਰ ਸਾਬਤ ਕਦਮ ਰਹਾਂਦੇ ॥ ੨੮ ॥

ਪਉੜੀ

ਸਿੰਘ ਭੇਚ ਸੋ ਸੁਟਿਆ, ਵਿਚ ਜੇਹਲ ਖਾਨੇ।
ਨੌਕਰ ਸ਼ਾਹੀ ਏਸ ਨੇ, ਕਰ ਕਈ ਬਹਾਨੇ।
ਭੰਨ ਮਰੋੜ ਕਾਨੂੰਨ ਨੂੰ, ਕੀ ਰੰਗ ਵਖਾਨੇ।
ਸਿਖ ਨ ਮਾਸਾ ਵੀ ਦੁਕ, ਹੋ ਰਹੀ ਹਿਰਾਨੇ।
ਕੀਤੇ ਅਪਨੇ ਕਰਮ ਤੇ, ਲਾਗੀ ਪਛਤਾਨੇ।
ਗਲਾਂ ਕਰਕੇ ਪੁਠੀਆਂ, ਧੱਬੇ ਲਗਵਾਨੇ।
ਜਾਨ ਰਹੇ ਸਭ ਲੋਕ ਸਿਆਨੇ ॥ ੨੯ ॥

ਪਉੜੀ

ਗੁਰੂ ਦੁਵਾਰੇ ਨਾਮ ਤੇ, ਸਦ ਸਿੰਘ ਫੜਾਏ।

ਨੌਕਰ ਸ਼ਾਹੀ ਆਪਣਾਂ, ਰਹੀ ਰਬੁਬ ਜਮਾਏ।
ਹਰਿ ਮਤਾਬ ਸਰਦਾਰ ਨੇ ਭਦ ਰੋਸ ਜਨਾਏ।
ਬੁੰਗੇ ਤਖਤ ਅਕਾਲ ਦੇ, ਆ ਆਪ ਸੁਨਾਏ।
ਭਾਈ ਸਾਡੇ ਪਕੜ ਕੇ, ਵਿਚ ਜੇਹਲ ਸੁਟਾਏ
ਮੈਨੂੰ ਨਾਵੈ ਚੈਂਨ ਤਾਂ, ਜੇ ਲਵਾਂ ਛੁਡਾਏ।
ਸ਼ੰਕ ਨ ਰਖੀ ਕਿਹਾ ਗਜਾਏ ॥ ੩੦ ॥

ਪਉੜੀ

ਸੁਣ ਨ ਕੀਤਾ ਸਾਥਿਆ, ਸਿੰਘਾਂ ਇਤਬਾਰਾ।
ਕੌਂਸਲ ਵਿਚੋਂ ਲੈ ਰਿਹਾ, ਜੋ ਪੰਜ ਹਜ਼ਾਰਾ।
ਪੱਖੀ ਨੌਕਰ ਸ਼ਾਹੀ ਦਾ, ਹੈ ਦਿਸਦਾ ਭਾਰਾ।
ਛੋਟਾ ਕੌਂਸਲ ਲਾਟ ਦਾ, ਪਰਧਾਨ ਨਿਹਾਰਾ।
ਕਦੋਂ ਛਡਦਾ ਓਸਨੂੰ, ਦਿਸੈ ਸਰਦਾਰਾ।
ਨੌਕਰ ਸ਼ਾਹੀ ਚਾਲ ਹੈ, ਇਮਦੀ ਗ੍ਰਿਫਤਾਰਾ।
ਪਰ ਏਹ ਸਿਖਾਂ ਦਿਲੋਂ ਪਿਆਰਾ ॥ ੩੧ ॥

ਪਉੜੀ

ਇਕ ਰੋਜ ਸਰਦਾਰ ਨੇ, ਕਰ ਸਚ ਵਡਾਈ।
ਦੇ ਅਸਤੀਫ਼ਾਂ ਕੌਂਸਲੋਂ, ਦੱਸੀ ਵਡਿਆਈ।
ਲਗੀ ਹੋਈ ਚਿਤ ਦੀ, ਕੋ ਸਕੈ ਬੁਝਾਈ।
ਵੜਿਆ ਵਿਚ ਮੈਦਾਨ ਦੇ, ਸਤਿਗੁਰੂ ਧਿਆਈ।
ਸੇਵਾ ਪ੍ਰੇਮੀ ਸਿਖ ਦੀ, ਗੁਰ ਤੋੜ ਚੜਾਈ।

ਲੱਕ ਬੰਨ ਕੇ ਲਗਿਆ, ਸਿਖ ਲਵਾਂ ਛੁਡਾਈ।
ਹਿੰਮਤ ਸਤਿਗੁਰ ਦੇਣ ਸੁਵਾਈ ॥ ੩੨ ॥

ਪਉੜੀ

ਦਣ ਤਾਂ ਨੌਕਰ ਸ਼ਾਹੀ ਨੂੰ, ਪੈ ਪਿਸੂ ਜਾਂਦੇ।
ਉਠੇ ਸਿੰਘ ਗਰਜਾਇਕੈ, ਜੋ ਨਹੀਂ ਰੁਕਾਂਦੇ।
ਢੋਕੇ ਦਾਬੇ ਅਸਾਂ ਦੇ, ਹੁਨ ਨਹੀਂ ਸਹਾਂਦੇ।
ਅਗੋਂ ਸਾਨੂੰ ਅਖੀਆਂ, ਕੱਢ ਲਾਲ ਵਿਖਾਂਦੇ।
ਸਿਖ ਪੈਣ ਗੇ ਛਡਣੇ, ਹੁਨ ਨਜ਼ਰੀ ਆਂਦੇ।
ਨੌਕਰ ਸ਼ਾਹੀ ਚਾਟੜੇ, ਇਹ ਮੋਚ ਦੁੜਾਂਦੇ।
ਸਿੰਘ ਮਤਾਬ ਮੈਦਾਨ ਗਜਾਂਦੇ ॥ ੩੩ ॥

ਪਉੜੀ

ਧਕੇ ਸ਼ਾਹੀ ਨਾਲ ਜੋ, ਸਿਖ ਕੈਦ ਕਰਾਏ।
ਬੇਦੋਸੇ ਫੜ ਮੁਫਤ ਹੀ, ਇਹ ਕਹਿਰ ਕਮਾਏ।
ਜੁਰਮ ਨ ਕੋਈ ਕਿਸੈ ਤੇ, ਸਨ ਲਗੇ ਆਏ।
ਏਵੇਂ ਆਕੜ ਆਪਣੀ, ਜੋ ਰਹੀ ਵਖਾਏ।
ਅੰਦਰੋਂ ਜਦੋਂ ਜ਼ਮੀਰ ਨੇ, ਸਨ ਝਾੜੂ ਪਾਏ।
ਹਥ ਨਾਲ ਜੋ ਦਿਤੀਆਂ, ਦੰਦੀ ਖੁਲਵਾਏ।
ਆਪੇ ਫੇਰ ਆਲਾਨ ਕਢਾਏ ॥ ੩੪ ॥

ਪਉੜੀ

ਨੌਕਰ ਸ਼ਾਹੀ ਹਾਰ ਕੇ, ਇਹ ਸ਼ਰਮ ਉਠਾਈ।

ਆਪੇ ਸਿਖਾਂ ਪਕੜਿਆ, ਕਰ ਦਈ ਰਿਹਾਈ।
ਢੜੇ ਜਿਵੇਂ ਤਿਉ ਛਡਕੇ, ਇਹ ਕਿਹਾ ਸੁਨਾਈ।
ਤਰਸ ਕਰਾਕੇ ਅਸਾਂ ਨੇ, ਸੋ ਕਿਰਤ ਕਮਾਈ।
ਧੱਕੇ ਸ਼ਾਹੀ ਕੰਮ ਨੇ, ਹੈ ਹਾਰ ਦੁਵਾਈ।
ਭਾਵੇ ਛੱਡੇ ਚਿਤ ਤੋਂ,ਨਹੀ ਰੜਕ ਗੁਵਾਈ।
ਅੱਗੇ ਦਿਸੇ ਕੀ ਵਰਤਾਈ ॥ ੨੫॥

ਪਉੜੀ

ਨੌਕਰ ਸ਼ਾਹੀ ਸੋਚਿਆ, ਸਾਰਾ ਵਰਤਾਰਾ।
ਜੋਰ ਪਾਇਕੇ ਖਾਲਸੇ, ਨਿਜ ਕਾਜ ਸਵਾਰਾ।
ਸਿਖ ਜ਼ੋਫ ਸੌ ਛੁਟਿਆ, ਨਹੀ ਲਗੀ ਬਾਰਾ।
ਅੱਗੇ ਨੂੰ ਹੋ ਜਾਨ ਗੇ, ਬਹੁਤੇ ਹੁਸ਼ਿਆਰਾ।
ਜਾਨ ਬੁਝਕੇ ਅਸਾਂ ਨੇ, ਹੈ ਕਾਜ ਬਿਗਾਰਾ।
ਹੋਗਈ ਹਾਨ ਕਨੂੰਨਦੀ, ਜਗ ਜਾਨੇ ਸਾਰਾ।
ਹੁਨ ਚਾਹੀਏ ਕੀ ਕਰਨ ਵਿਹਾਰਾ।

ਪਉੜੀ

ਨੌਕਰ ਸ਼ਾਹੀ ਹਾਰ ਦੀ, ਹਨ ਸਿੰਘ ਜਤਾਏ।
ਸਭ ਅਖਬਾਰਾਂ ਜ਼ੋਰ ਦ, ਏਹ ਲੇਖ ਲਿਖਾਏ।
ਸਾਰੇ ਹਿੰਦਸਤਾਨ ਦੇ ਵਿਚ ਖਬਰ ਘੁਮਾਏ।
ਮਿਲਨਵਧਾਈਆਂਖਾਲਸੇ ਸੁਨਸੁਨ ਹਰਖਾਏ
ਝੋਲਾਚੁਕਾਂ ਭੈੜਿਆਂ ਮੂੰਹ ਨੀਵੇਂ ਪਾਏ
ਲਾਸੇ ਅੰਦਰ ਨਹੀ ਲੁਕਾਏ॥ ੨੭ ॥

ਪਉੜੀ

ਸਭੇ ਸੋਚਾਂ ਸੋਚਦੇ ਬਹੁ ਲੋਕ ਸਿਆਂਨੇ।
ਸਿਖਾਂ ਉਤੇ ਦਿਸਦੇ ਹਨ ਕੰਹਿਰ ਗਿਰਾਨੇ।
ਛੇਤੀ ਦੇਰ ਨ ਲਗਣੀ ਦਿਸਦੇ ਉਨਮਾਨੇ।
ਨੌਕਰ ਸ਼ਾਹੀ ਲੋੜਦੀ ਹੈ ਪਈ ਥਹਾਨੇ।
ਅਜ ਕਲ ਫਿਰ ਜਾਨਗੇ ਕੁਝ ਹੋਰ ਜ਼ਮਾਨੇ।
ਸਿਖਾਂ ਸ਼ੋਚੀ ਰਖਣੀ ਗੁਰੂ ਏਕ ਧਰਾਨੇ।
ਦਿਸੇ ਕੀ ਹੁਨ ਚੰਦ ਚੜ੍ਹਾਨੇ ॥੩੯॥੫੯॥

ੴ ਸਤਿਗੁਰ ਪ੍ਰਸਾਦਿ ॥

# ਚਾਬੀਆਂ ਦਾ ਮਾਮਲਾ

ਦੋਹਰਾ

ਨੌਕਰਸ਼ਾਹੀ ਚਾਬੀਆਂ ਲੈਲੈ ਜਿਸ ਪਰਕਾਸ।
ਵਾਪਸ ਕਰਸੀ ਆਪ ਹੀ,ਨੀਚਾ ਦੇਖਖੁਵਾਰ ੧

ਪਉੜੀ

ਬੈਠੇ ਤਖਤ ਅਕਾਲ ਦੇ, ਆਕਠ ਕਰਾਯਾ।
ਵਿਚ ਕਮੇਟੀ ਫੈਸਲਾ, ਕਰ ਏਹ ਜਤਾਯਾ।
ਸੁੰਦਰ ਸਿੰਘ ਸਰਦਾਰ ਨੂੰ,ਏਹ ਆਖ ਸੁਨਾਯਾ।
ਦੈ ਸਰਕਾਰ ਸੁ ਚਾਬੀਆਂ, ਹੈ ਤੁਸਾਂ ਬਨਾਯਾ।
ਜਿਸ ਕਰ ਉਸਨੇ ਆਪਣਾ,ਫਿਰ ਹਥ ਰਖਾਯਾ।

ਪੰਥ ਨ ਇਸ ਨੂੰ ਮੰਨਦਾ, ਏਹ ਸਾਂਢ ਜਤਾਯਾ।
ਉਸਨੇ ਕੁਝ ਨ ਬੁਰਾ ਮਨਾਯਾ ॥ ੨ ॥

ਪਉੜੀ

ਖੜਕ ਸਿੰਘ ਸਰਦਾਰ ਜੋ, ਗੁਰ ਸੇਵਕ ਜਾਨਾਂ।
ਵਾਸੀ ਕੋਟ ਸਿਆਲ ਦਾ, ਚੰਗਾ ਗੁਣ ਵਾਨਾਂ।
ਸੋਚ ਕਮੇਟੀ ਥਾਪਿਆ, ਸੋਈ ਪਰਧਾਨਾ।
ਵਿਦਿਆ ਗੁਰ ਦੇ ਨਾਮਤੋਂ,ਤਨ ਮਨ ਕੁਰਬਾਨਾ॥
ਸਭ ਕੁਝ ਜਾਨੇ ਗੁਰੂ ਦਾ, ਨਾਹੀ ਅਭਿਮਾਨਾਂ।
ਸਮਾਂ ਲੋੜ ਦਾ ਸੋਦਾ ਤੋਂ ਹਿਤ ਸੇਵਕ ਮਾਨਾਂ।
ਸੋ ਸਤਿਗੁਰ ਕਰਦੇ ਪਰਵਾਨਾ ॥ ੩ ॥

ਪਉੜੀ

ਗੁਰ ਸੇਵਾ ਦਾ ਆਸ਼ਕੋ, ਜਲ ਮੀਨ ਸਮਾਨਾਂ।
ਚਰਨਕਮਲ ਗੁਰ ਭੋਗ ਹੈ,ਚਹਿੰਦਾ ਮਸਤਾਨ॥
ਗੁਰ ਜਸ ਢਾਡੀ ਹੋਇਕੈ, ਸਦ ਕਰੈ ਬਖਾਨਾਂ।
ਗੁਰਜਸਜਲਅਤਨਿਰਮਲਾ,ਨਿਤਕਰ ਇਸਨਾਨਾਂ
ਜੁਦਾਨਗੁਰੂਦੇਚਰਨ ਤੋਂ,ਇਕ ਪਲ ਉਨਮਾਨਾਂ॥
ਸੇਵਾ ਵਿਚ ਹੁਣ ਜੁਟਿਆ ਜੰਜਾਲ ਤਜਾਨਾ।
ਗੁਰ ਸਿਖੀ ਦੇ ਰਾਹ ਤੁਰਾਨਾ ॥ ੪ ॥

ਪਉੜੀ

ਹਰਿਮਹਿਤਾਬ ਹੋ ਚਮਕਿਆਮਹਿਤਾਬ ਅਕਾਲੀ।

ਵਾਸੀ ਸ਼ਾਹ ਪੁਰ ਜਿਲੇ ਦੇ ਵਿਚ ਪਿੰਡ ਹਡਾਲੀ।
ਕਾਰ ਸਕੱਤਰ ਏਸ ਨੇ ਹੁਣ ਹਥ ਸੰਮਾਲੀ।
ਏਹ ਭੀ ਸਚਾ ਲਾਲ ਹੈ ਰਖ ਦਸਦਾ ਲਾਲੀ।
ਜੋੜੀ ਜੁੜੀ ਅਮੋਲਕੋ ਵਡ ਉਚ ਖਿਆਲੀ।
ਪੰਥ ਲਇਕੈ ਅਖੀਆਂ ਤਕ ਏਨ੍ਹਾਂ ਲਾਲੀ।
ਦਸਣ ਅਪਨੇ ਰੰਗ ਕਮਾਲੀ ॥ ਪ ॥

ਪਉੜੀ

ਹੋਨ ਚਾਬੀਆਂ ਲੋੜੀਏ, ਹਥ ਵਿਚ ਪਰਧਾਨੇ।
ਵਿਚ ਕਮੇਟੀ ਰਾਤ ਨੂੰ, ਗੁਰ ਮਤੇ ਸੁਧਾਨੇ।
ਝੋਲੀ ਚਕ ਇਕ ਜਾਇਕੇ, ਕੀ ਕਰਮ ਕਮਾਨੇ।
ਝਿਪਟੀ ਪਾਸ ਕਮਿਸ਼ਨਰੇ, ਸਭ ਹਾਲ ਬਖਾਨੇ।
ਦਿਨ ਚੜਦੇ ਨੂੰ ਓਸਨੇ, ਏਹ ਹੁਕਮ ਚੜਾਨੇ।
ਲਵੋ ਚਾਬੀਆਂ ਜਾਇਕੈ ਬਿਨ ਦੇਰ ਪਛਾਨੇ।
ਹਾਕਮ ਪੁਲਸੀ ਤੁਰਤ ਪਠਾਨੇ ॥ ੬ ॥

ਪਉੜੀ

ਸੁੰਦਰ ਸਿੰਘ ਸਰਦਾਰ ਦੇ ਜਾ ਖਾਸ ਟਿਕਾਨੇ।
ਦੱਸੇ ਨੌਕਰ ਸ਼ਾਹੀ ਦੇ ਕਢ ਕੇ ਪਰਵਾਨੇ।
ਦਿਓ ਚਾਬੀਆਂ ਅਸਾਂ ਨੂ ਹਰਿ ਮੰਦਰ ਜਾਨੇ।
ਨਹੀ ਤੇ ਔਖੀ ਬਨੇਗੀ ਕਰ ਲਉ ਉਨਮਾਨੇ।
ਕਢ ਚਾਬੀਆਂ ਦਿਤੀਆਂ ਨਹੀ ਉਜਰ ਕਰਾਨੇ।

ਲੈਕੇ ਨੌਕਰ ਸ਼ਾਹੀ ਨੇ ਏਹ ਖੋਟ ਕਮਾਨੇ।
ਪਛਤਾਵੈਗੀ ਬਿਤੇ ਜਮ ਨੇ ॥ ੭ ॥

ਪਉੜੀ

ਜਦੋਂ ਚਾਬੀਆਂ ਪੁਜੀਆਂ ਜਾਕੇ ਸਰਕਾਰੇ।
ਇਧਰ ਕਮਟੀ ਅਪਣੇ ਫਿਰ ਜੇਦੇ ਮਾਰੇ।
ਖੜਕ ਸਿੰਘ ਨੂੰ ਚਾਬੀਆਂ ਮਿਲਸਨ ਇਕ ਵਾਰੇ
ਏਸੇ ਉਤੇ ਸਾਰਿਆਂ ਬੱਧ ਇਕਰਾਰੇ।
ਮਰਨ ਵਾਸਤੇ ਹੋ ਗਏ ਸਭ ਸਿੰਘ ਤਿਆਰੇ।
ਓਧਰ ਨੌਕਰ ਸ਼ਾਹੀ ਵੀ ਕੁਝ ਹੋਰ ਚਿਤਾਰ।
ਉਲਟੇ ਪਲਟੇ ਢੰਗ ਵਿਚਾਰੇ ॥ ੮ ॥

ਪਉੜੀ

ਵਾਸੀ ਪਿੰਡ ਘਵਿੰਡ ਦਾ ਬਹਾਦਰ ਸਿੰਘ ਜੱਟੀ।
ਮੋਜਰ ਏਹ ਰਸਾਲਦਾਰ ਹੁਨ ਪਿਨਸਨ ਹੋਈ।
ਦੇਵੈ ਉਸਨੂੰ ਚਾਬੀਆਂ ਪਰਬੰਧ ਕਰੋਈ।
ਲੈਸੀ ਚਾਰਜ ਆਨਕੇ ਹਰਿ ਮੰਦਰ ਉਈ।
ਨੌਕਰ ਸ਼ਾਹੀ ਦਖਿਆ ਅਲਾਨ ਕਢੋਈ।
ਸੁਣ ਕੇ ਸਿਖ ਉਚਾਰਦੇ ਗਲ ਕਰੀਏ ਕੋਈ।
ਹੈਠੀ ਪੰਥ ਨਹੀ ਦਰਸੋਈ ॥ ੯ ॥

ਪਉੜੀ

ਸਿੰਘ ਬਹਾਦਰ ਆਵੰਦਾ ਚਲੁ ਕੋ ਦਤਬਾਰੇ।

ਹਥ ਵਿਚ ਲੈਕੇ ਚਾਬੀਆਂ ਧਰ ਸ਼ਾਨ ਕਰਾਰੇ ।
ਚੋਰਾ ਖਾਸਾ ਅਤਲ ਸੀ ਦੇਂਦਾ ਲਸ਼ਕਾਰੇ ।
ਭੁਲਾ ਜਾਨਦਾ ਪੰਥ ਦਾ ਧੋਖੇ ਵਿਚਕਾਰੇ ।
ਅਗੇ ਤਖਤ ਅਕਾਲ ਦੇ ਆ ਖੜਾ ਪੁਕਾਰੇ ।
ਹਥ ਵਿਚ ਲੈਮੈਂ ਆ ਰਿਹਾ ਸਭ ਕਾਰ ਵਿਹਾਰੇ ।
ਸੇਵਾ ਕਰਾਂ ਬਹੁਤ ਚਿਤ ਧਾਰੇ ॥ ੧੦ ॥

ਪਉੜੀ

ਇਸ ਦੇ ਵਿਚ ਇਕ ਭੇਦ ਸੀ ਜੇ ਜਾਨੇ ਕਾਈ ।
ਝੋਲੀ ਚਕਾਂ ਭੋਲਿਆਂ ਇਹ ਚੋਟ ਚਲਾਈ ।
ਹਥ ਵਿਚ ਲੋੜਨ ਆਪਣੇ ਸਭ ਕਾਰਾਂ ਸਾਈ ।
ਧੋਖਾ ਦੇਂਦੇ ਕੌਮ ਨੂੰ ਲਖ ਪੇਚ ਬਨਾਈ ।
ਏਹ ਵੀ ਨੌਕਰ ਸ਼ਾਹੀ ਨੂੰ ਘੁੰਡੀ ਸਿਖਲਾਈ ।
ਭੁਲਾ ਜੇ ਇਸ ਦੇ ਨਾਲ ਹੀ ਕਾਰਜ ਬਨਜਾਨੀ।
ਏਸੇ ਕਰ ਏਹ ਕਾਰ ਕਰਾਈ ॥ ੧੧ ॥

ਪਉੜੀ

ਖੜਕ ਸਿੰਘ ਮਹਿਤਾਬ ਸਿੰਘ, ਗੁਰ ਸੇਵਕ ਚੰਗੇ ।
ਅਮਰ ਸਿੰਘ ਜਸਵੰਤ ਸਿੰਘ, ਗੁਰ ਪ੍ਰੇਮੇ ਰੰਗੇ ।
ਦਾਨ ਸਿੰਘ ਦਾਨਾ ਬੜਾ, ਮਾਸ਼ਾ ਨਹਿ ਸੰਗੇ ।
ਅਗੋਂ ਰੋਕ ਖਲੋਵੰਦੇ, ਚਿਤ ਧਾਰ ਉਮੰਗੇ ।
ਕਬਜ਼ਾ ਅਸੀ ਨ ਦੇਵੰਦੇ, ਏਹ ਕੰਮ ਕੁਢੰਗੇ ।

ਕਿਉ ਆਏ ਸਰਦਾਰ ਜੀ, ਹੋ ਜਾਸਣ ਦੰਗੇ।
ਕਰਨ ਲਗੇ ਕਿਉ ਇਜ਼ਤ ਭੰਗੇ ॥ ੧੨ ॥

ਪਉੜੀ

ਕੇਵਲ ਮੇਰੇ ਸਾਮਣੇ, ਹੈ ਪੰਥ ਬਲਾਈ।
ਏਸੇ ਕਰਕੇ ਚਾਬੀਆ, ਮੈਂ ਲਈਆਂ ਭਾਈ।
ਨਹੀ ਤੇ ਤੰਗੀ ਬਹੁਤ ਹੀ,ਫਿਰ ਪੰਥ ਉਠਾਈ।
ਗੁਸੇ ਕਰ ਸਰਕਾਰ ਨੂੰ, ਕੀ ਕੰਮ ਬਨਾਈ।
ਏਧਰ ਪੰਥ ਵਿਚਾਰ ਕੇ, ਸਭ ਕਾਰ ਤਕਾਈ।
ਦੋਹਾਂ ਮੇਲ ਕਰੌਨ ਨੂੰ, ਏਹ ਸੋਚ ਦੁੜਾਈ।
ਹੈਗੀ ਦੂਜੀ ਗਲ ਨ ਕਾਈ ॥ ੧੩ ॥

ਪਉੜੀ

ਅਗੋਂ ਸਿੰਘਾਂ ਆਖਿਆ, ਸੁਨ ਲੈ ਸਰਦਾਰਾ।
ਐਸੀ ਸੁਲਾ ਨ ਪੰਥ ਨੂੰ, ਹੈਗੀ ਦਰਕਾਰਾ।
ਹੈਗਾ ਹਥ ਅਸਾਡੜੇ, ਹੈ ਗੁਰੂ ਦੁਵਾਰਾ।
ਨੌਕਰ ਸ਼ਾਹੀ ਚਾਬੀਆਂ, ਰਖੋ ਸੌ ਵਾਰਾ।
ਲੋੜ ਜੇ ਲੋਹਾ ਓਸਨੂੰ, ਕਹਿ ਦਏ ਪੁਕਾਰਾ।
ਲੈ ਦੇਵਾਂਗੇ ਆਪ ਹੀ, ਜਾ ਮੁਲ ਬਜ਼ਾਰਾ।
ਚੰਗਾ ਨਹੀ ਤੁਸਾਂ ਵਰਤਾਨਾ ॥ ੧੪ ॥

ਪਉੜੀ

ਖਲਕਤ ਕੱਠਾ ਹੋਗਈ, ਸੁਣ ਕੇ ਤਕਰਾਰਾ।

ਇਤਦੇ ਗਿਰਦੇ ਸੈਕੜੇ, ਆ ਨਰ ਤੇ ਨਾਰਾ।
ਜੇ ਜੀ ਆਵੈ ਕਿਸੇ ਦੇ, ਸੋ ਕਹੇ ਪੁਕਾਰਾ।
ਦੋ ਤਿਨ ਘੰਟੇ ਬੀਤ ਦੇ, ਇਸ ਹੀ ਤਰਕਾਰਾ।
ਹੋ ਕੇ ਲਜਿਤ ਉਠਿਆ, ਤਦ ਹੀ ਸਰਦਾਰਾ।
ਸੁਣੀਨ ਉਸਦੀ ਕਿਸੇ ਨੇ, ਫੜ ਗਿਆ ਕਨਾਰਾ।
ਆਵਨ ਆਪਨਾ ਬੁਰਾ ਨਿਹਾਰਾ ॥ ੧੫ ॥

ਪਉੜੀ

ਡਿਪਟੀ ਪਾਸ ਕਮਿਸ਼ਨਰੇ, ਜਾ ਕਥਾ ਸੁਨਾਈ।
ਸਿਖ ਨ ਮੇਰੀ ਮੰਨਦੇ, ਦੈ ਰਿਹਾ ਦੁਹਾਈ।
ਜੰਦੇ ਸਿਖਾਂ ਆਪਣੇ, ਹਨ ਰਖੇ ਲਾਈ।
ਇਕ ਦੂੰ ਇਕ ਨ ਹੋਇ ਜੋ, ਕਿਉ ਖੁਲਣ ਸਾਈ।
ਏਹ ਲੈ ਮੈ ਥੋਂ ਚਾਬੀਆਂ, ਹੈ ਸਚੀ ਗਾਈ।
ਮੈ ਏਹ ਪੰਡ ਨ ਚੁਕਦਾ, ਦੈ ਕਿਸੈ ਚੁਕਾਈ।
ਏਵੇਂ ਇਜ਼ਤ ਰਿਹਾ ਗੁਵਾਈ ॥ ੫੬ ॥

ਪਉੜੀ

ਉਸਨੇ ਅਗੋਂ ਆਖਿਆ, ਸਰਦਾਰ ਸਿਆਨੇ।
ਖੈਰ ਖਾਹ ਸਰਕਾਰ ਦੇ, ਤੁਮ ਸਦਾ ਰਹਾਨੇ।
ਸਾਨੂੰ ਇਜ਼ਤ ਆਪ ਦੀ, ਕਰਨੀ ਪਰਵਾਨੇ।
ਸਿਖ ਅਗੇ ਸਰਕਾਰ ਦੇ ਕੀ ਕਰਨ ਨਿਮਾਨ।
ਸਿਧੇ ਕਰਨੇ ਸੋਧ ਕੈ, ਕਿਉ ਤੁਸੀ ਡਰਾਨੇ।

ਮਿਲਨ ਚਾਬੀਆਂ ਤੁਸਾਂਨੂੰ,ਚਿਤ ਰਖੋ ਟਿਕਾਨੇ ।
ਨਿਮਕ ਹਲਾਲ ਬੜੇ ਭਮ ਜਾਨੇ ॥ ੧੭ ॥

ਪਉੜੀ

ਏਸ ਤਰਾਂ ਸਰਦਾਰ ਨੂੰ, ਕੁਝ ਦਏ ਦਿਲੇਰੀ।
ਨੌਕਰ ਸ਼ਾਹੀ ਹੋਰ ਇਕ. ਹੁਣ ਘੰਡੀ ਫੇਰੀ।
ਝੋਲੀ ਚੁਕਾਂ ਸਾਰਿਆਂ, ਪੁਛੈ ਬਿਨ ਦੇਰੀ ।
ਕੋਇ ਨ ਲੈਂਦਾ ਚਾਬੀਆਂ, ਡਿਠਾ ਏਸ ਵੇਰੀ।
ਅਗੇ ਦਿਸੈ ਖਾਲਸਾ, ਪਾਝਾੜ ਘਨੇਰੀ।
ਇਸ ਕਰ ਗਰਦਨ ਬਹੁਤਿਆਂ,ਹੈ ਹੇਠਾਂ ਗੇਰੀ।
ਹੋਇ ਫੈਸਲਾ ਸੰਝ ਸੁਵੇਰੀ ॥੧੮ ॥

ਪਉੜੀ

ਡਿੱਠੇ ਪਾਸਾ ਮੋੜਦੇ, ਝੋਲੀ ਚੁਕ ਸਾਰੇ।
ਨੌਕਰ ਸ਼ਾਹੀ ਹੋਤ ਹੀ, ਹੁਣ ਢੰਗ ਚਿਤਾਰੇ।
ਡਿਪਟੀਜੋਇਕਮਿਮਨਰਾਂ,ਵਿਚ ਜ਼ਿਲਆਂ ਸਾਰੇ।
ਇਹ ਸਭਨਾਂ ਨੂੰ ਆਖਿਆ, ਦੇ ਹੁਕਮ ਕਰਾਰੇ।
ਦੋਰਾ ਕਰੇ ਇਲਾਕਿਆਂ, ਹਿਤ ਇਸ ਪਰਚਾਰੇ।
ਰੌਲਮਿੰਟ ਦੈ ਚਾਬੀਆਂ, ਜਿਹੜੇ ਸਰਦਾਰੇ।
ਸਿਖਾਂ ਦੀ ਹੋ ਕੈ ਹਿਤਕਾਰੇ ॥ ੧੯ ॥

ਪਉੜੀ

ਕਰ ਦਰਬਾਰ ਸੁ ਆਪਣਾਂ, ਸਭ ਸਿਖ ਬੁਲਾਵੇ।

ਗਲਾਂ ਕਰ ਕੇ ਮਿਠੀਆਂ, ਸਭ ਕੁਝ ਸਮਝਾਵੇ ।
ਐਸਾ ਜਾਦੂ ਪ੍ਰੇਮ ਦਾ, ਸੱਭ ਦੇ ਸਿਰ ਪਾਵੇ ।
ਮਗਰ ਆਪਨੇ ਸਾਰਿਆਂ, ਇਜ਼ਹਾਰ ਕਰਾਵੇ ।
ਗੌਰਮਿੰਟ ਦੀ ਦਖ ਕੇ, ਏਹ ਲਾਜ ਵਿਖਾਵੇ ।
ਜਿਤਨੀ ਛੇਤੀ ਹੋ ਸਕੇ, ਨਹੀਂ ਦੇਰ ਲਗਾਵੇ ।
ਜਿਵੇਂ ਅਕਾਲੀ ਲਹਿਰ ਦਬਾਵੇ ॥ ੨੦ ॥

ਪਉੜੀ

ਏਧਰ ਸਿਖਾਂ ਸੋਚਿਆ, ਏਹ ਮਤੇ ਪਕਾਨੇ ।
ਜਿਥੇ ਨੌਕਰ ਸ਼ਾਹੀ ਵੇ, ਦਰਬਾਰ ਲਗਾਨੇ ।
ਓਥੇ ਜਾ ਕੇ ਘਾਲਸਾ, ਲਾ ਖੂਬ ਦਿਵਾਨੇ ।
ਧੋਖੇ ਨੌਕਰ ਸ਼ਾਹੀ ਦੇ, ਸਭ ਕਰੈ ਬਿਆਨੇ ।
ਸਿਖਾਂ ਨੂੰ ਸਮਝਾਇ ਕੇ, ਕਰ ਕੰਮ ਜਤਾਨੇ ।
ਝੂਠ ਸਚ ਨੂੰ ਪਰਖ ਜਿਉ, ਹੋ ਜਾਨ ਸਿਆਨੇ ।
ਮਗਰ ਪੰਥ ਦੇ ਕਰਨ ਬਖਾਨੇ ॥ ੨੧ ॥

ਪਉੜੀ

ਪਹਿਲਾਂ ਏਹ ਮੁਕਾਬਲਾ, ਹੁੰਦਾ ਅਜਨਾਲੇ ।
ਛਿਪਦੀ ਆਪ ਕਮਿਸ਼ਨ੍ਰੇ, ਸਦ ਸਿਖ ਬਹਾਲੇ ।
ਝੋਲੀ ਚੁਕ ਖੁਸ਼ਾਮਦੀ, ਆਏ ਮਤਵਾਲੇ ।
ਹੇਰ ਫੇਰ ਕਰ ਉਨ੍ਹਾਂ ਨੂੰ, ਮਸਲੇ ਸਮਝਾਲੇ ।
ਹਾਂ ਹਜ਼ੂਰ ਕਹਿ ਸਾਰਿਆਂ, ਸਨ ਸੀਸ ਹਲਾਲੇ ।

ਮਨ ਆਪਨੇ ਤੋਂ ਇਨ੍ਹਾਂ ਨੇ, ਸਿਖ ਪਿੱਛੇ ਲਾਲੇ।
ਵਿਚਲੇ ਭੇਤ ਨ ਏਨਾਂ ਪਾਲੇ ॥ ੨੨ ॥

ਪਉੜੀ

ਵਿਚ ਪੰਜਾਬੇ ਇਨ੍ਹਾਂ ਨੇ, ਸੀ ਰੋਕ ਲਗਾਈ।
ਹੋਵੈ ਜਲਸਾ ਕੋਈ ਨ, ਕੀਤੀ ਕਰੜਾਈ।
ਏਸ ਵਾਸਤੇ ਸੋਚ ਕੇ, ਇਹ ਬਿਉਂਤ ਬਨਾਈ।
ਲੋਕਾਂ ਨੂੰ ਭੁਰਮਾਇ ਕੇ, ਲੌ ਕੰਮ ਚਲਾਈ।
ਕੰਮ ਰਹੈ ਦਰਬਾਰ ਦਾ, ਜਿਉਂ ਹਥ ਵਿਚ ਆਈ।
ਮਨ ਦੇ ਲਡੂ ਖਾਵੰਦੇ, ਬਹੁ ਖੁਸ਼ੀ ਮਨਾਈ।
ਪਤਾ ਨਹੀ ਕੀਹ ਨੂੰ ਭਾਈ ॥੨੩॥

ਪਉੜੀ

ਸਿਖਾਂ ਪਾਸ ਬਰਾਬਰੇ, ਜਾ ਕੇ ਅਜਨਾਲੇ।
ਖੂਬ ਦੀਵਾਨ ਸਜਾਯਾ, ਬਹੁ ਹਿਮਤ ਨਾਲੇ।
ਖੜਕ ਸਿੰਘ ਮਹਿਤਾਬ ਹਰਿ, ਗੱਜੇ ਸੁਖ ਸਾਲੇ।
ਦਾਨ ਸਿੰਘ ਵੀ ਬੋਲਿਆ, ਦੈ ਖੂਬ ਹਵਾਲੇ।
ਪੰਡਤ ਦੀਨਾ ਨਾਥ ਵੀ, ਕੁਝ ਕਰੈ ਵਖਾਲੇ।
ਜ਼ੈਲਦਾਰ ਪਰਨਾਮ ਸਿੰਘ, ਸੁਨ ਲਾਇ ਖਜਾਲੇ।
ਸਭ ਸਿਖ ਹੋਏ ਤਿਆਰ ਸੁਖਾਲੇ ॥ ੨੪ ॥

ਪਉੜੀ

ਨੌਕਰ ਸ਼ਾਹੀ ਘੱਲਿਆ, ਪੁਲਸੀ ਕਪਤਾਨਾਂ।

ਨਾਲ ਸਪਾਹੀ ਓਸ ਦੇ, ਆ ਵਿਚ ਦਿਵਾਨਾਂ।
ਵੇਖ ਨ ਸਿੰਘਾਂ ਬੋਲਦਾ, ਕੰਬੇ ਡਰ ਖਾਨਾਂ।
ਸਿੰਘ ਮਤਾਬ ਨੇ ਪੁਛਿਆ, ਕੀ ਤੁਸਾਂ ਕਰਾਨਾਂ।
ਓਸ ਕਿਹਾ ਮੈਂ ਸਾਰਿਆਂ, ਚਾਹੋਂ ਪਕੜਾਨਾਂ।
ਛਡ ਲੌ ਸਿੰਘ ਨੇ ਆਖਿਆ, ਕੀ ਸੋਚ ਦੁੜਾਨਾਂ।
ਵਾਰ ਵਾਰ ਸਭ ਨੂੰ ਹਥ ਪਾਨਾਂ ॥ ੨੫ ॥

ਪਉੜੀ

ਹੋਗਈ ਪਹਿਲ ਛੜਾਨ ਦੀ, ਚੜ ਸਿੰਘਾਂ ਲਾਲੀ।
ਸਾਰੇ ਵਿਚ ਪੰਜਾਬ ਦੇ, ਹਾਨੇਰੀ ਚਾਲੀ।
ਹਸ ਹਸ ਅੱਗੇ ਹੋਵੰਦੇ, ਗੁਰ ਸਿਖ ਘਾਲੀ।
ਗੌਰਮਿੰਟ ਵੀ ਪਕੜਦੀ, ਹੁਨ ਹਥ ਨਿਕਾਲੀ।
ਕੋਈ ਨ ਅਗੇ ਬੋਲਦਾ, ਤੁਰ ਹੋਣ ਨਿਹਾਲੀ।
ਚੰਗੀ ਏ ਥੇ ਖਾਲਸੇ, ਹੈ ਰਖ ਵਖਾਲੀ।
ਸਤਿ ਗੁਰ ਸਿਰ ਤੇ ਸਚਾ ਵਾਲੀ ॥ ੨੬ ॥

ਪਉੜੀ

ਕੋਇ ਵਕੀਲ ਸਰਦਾਰ ਕੋ, ਕੋ ਇਜ਼ਤ ਦਾਰਾ।
ਏਸ ਹਨੇਰੀ ਧਰ ਲਏ, ਵਿਰ ਕਾਸ਼ਤ ਕਾਰਾ।
ਪਿੰਡ ਪਿੰਡ ਫਿਰਦੇ ਪੁਲਸੀਏ, ਹਿਤ ਕੂਨ ਸ਼ਿਕਾਰਾ।
ਇੰਜਨੀਅਰ ਵੀ ਨਾ ਰਹੇ, ਬਾਹਰ ਇਸਵਾਰਾ।
ਨਾਮ ਗਿਨਾਂ ਕੀ ਸਾਰਿਆਂ, ਸਭ ਹੀ ਸਰਦਾਰਾਂ।

ਘਟ ਨ ਕਿਸੇ ਆਖਣਾ, ਏਹ ਫਰਜ਼ ਹਮਾਰਾ।
ਚਰ ਪੰਥ ਅਪੇ ਰਖਵਾਰਾ ॥ ੨੭ ॥

ਪਉੜੀ

ਜਲਸੇ ਰੋਕ ਤੋੜਿਆ, ਕਾਨੂੰਨ ਬਨਾਈ।
ਥਾਂ ਥਾਂ ਉਠ ਅਕਾਲੀਆਂ, ਪਰਚਾਰ ਕਰਾਈ।
ਬੇਦੀ ਖਾਨੇ ਸੈਕੜੇ, ਰਹਿ ਡੇਰੇ ਲਾਈ।
ਨੌਕਰ ਸ਼ਾਹੀ ਥਕਦੀ, ਫੜ ਫੜ ਅਧਿਕਾਈ।
ਪੇਸ਼ ਨ ਜਾਂਦੀ ਵਿਸਦੀ, ਕੀ ਕਰੈ ਉਪਾਈ।
ਨੇਹਲ ਖਾਨਿਆਂ ਮੁਫੜ ਹੀ, ਕਿਓ ਦਹੇ ਭੁਰਾਈ।
ਸੱਚ ਅੰਤ ਨੂੰ ਏਹ ਫਰ ਆਈ ॥ ੨੮ ॥

ਪਉੜੀ

ਨੌਕਰ ਸ਼ਾਹੀ ਹੋਰ ਵੀ, ਇਕ ਢੰਗ ਚਲਾਯਾ।
ਕੀਤਾ ਖੜਾ ਮੁਕੱਦਮਾਂ, ਏਹ ਆਖ ਸੁਨਾਯਾ।
ਤੁਸਾਂ ਕਮੇਟੀ ਵਾਸਤੇ, ਕੀ ਸ਼ੋਰ ਮਚਾਯਾ।
ਸਿਖ ਨ ਸਾਰੇ ਮੰਨਦੇ, ਏਹ ਕੰਮ ਕੁਵਾਯਾ।
ਕਰੈ ਇਦਾਲਤ ਫੈਸਲਾ, ਅਨਸਾਫ ਤਕਾਯਾ।
ਜਿਸ ਨੂੰ ਦੇਵੈ ਕੁੰਜੀਆਂ, ਲੈ ਲੈ ਸੁਖ ਪਾਯਾ।
ਏਸ ਗਲ ਤੇ ਧਿਆਨ ਟਿਕਾਯਾ ॥ ੨੯ ॥

ਪਉੜੀ

ਝੋਲੀ ਚੁਕ ਹਥ ਆਪਣੇ, ਸਰਕਾਰ ਚੜ੍ਹਾਏ।

ਛੱਕੇ ਲ'ਰੇ ਦਸ ਕੇ, ਚੰਗੇ ਭਰਮ'ਏ।
ਓਨ੍ਹਾਂ ਨੇ ਵੀ ਬਹੁਤ ਹੀ, ਸਨ ਜ਼ੋਰ ਲਗ'ਏ।
ਫੁਟ ਪੁਵ'ਵਨ ਵ'ਸਤ, ਬਹੁ ਢਗ ਚਲ'ਏ।
ਸਿਖਾਂ ਇਕ ਜ਼ਬ'ਨ ਹੈ, ਗੁਰਮਤੇ ਪਠ'ਏ।
ਏਹ ਕਮੇਟੀ ਸ'ਰਿਆਂ, ਮੁਖਤ'ਰ ਸਦ'ਏ।
ਕਸਰ ਨ ਇਸਦੇ ਵਿਚ ਦਸ'ਏ ॥ ੩੦ ॥

ਪਉੜੀ

ਹਥ ਨ ਅੜਿਆ ਕਿਤੇ ਵੀ, ਜਦ ਨੌਕਰ ਸ਼ਾਹੀ।
ਪੰਥ ਕਮੇਟੀ ਮੰਨਦਾ, ਮੁਖਤ'ਰ ਸਦਾਹੀ।
ਮਿਲਨ ਚ'ਬੀਆਂ ਓਸਨੂੰ, ਨਹਿ ਝੂਠ ਕਦਾਹੀ।
ਹਜਤ ਨੌਕਰ ਸ਼ਾਹੀ ਦੀ, ਨਹਿ ਤੁਰੇ ਜਦਾਹੀ।
ਹੋਠੀ ਹੋਈ ਪੁਜ ਕੇ, ਏਹ ਸੋਚ ਭਦਾਹੀ।
ਪਾਸ ਕਮੇਟੀ ਘੱਲਿਆ, ਕਰ ਹੁਕਮ ਪਦਾਹੀ।
ਲਓ ਚ'ਬੀਆਂ ਆਨ ਸਬਾਹੀ ॥ ੩੧ ॥

ਪਉੜੀ

ਅਗੋਂ ਕਮੇਟੀ ਆਖਿਜੋ, ਸੁਨ ਨੌਕਰ ਸ਼ਾਹੀ।
ਕੈਦੀ ਨਾਹੀ ਛੁਟਦੇ, ਜਦ ਭੀਕ ਸਬਾਹੀ।
ਲਏ ਕਮੇਟੀ ਚ'ਬੀਆਂ, ਨਹੀਂ ਆਨ ਕਦਾਹੀ।
ਏਥੋਂ ਲੈ ਕੇ ਗਿਆ ਜੋ, ਦੇ ਜਾਇ ਇਥਾਹੀ।
ਕਰਦਾ ਕੋਈ ਓਸ ਨੂੰ, ਨਹਿ ਭੁਲ ਮਨ'ਹੀ।

ਏਹ ਜਵਾਬ ਜਦ ਘਲਿਆ, ਹੋ ਗਈ ਨਿਸ਼ਾਹੀ ।
ਨੌਕਰ ਸ਼ਾਹੀ ਸੋਚ ਦੁੜਾਹੀ ॥ ੩੨ ॥

ਪਉੜੀ

ਸਾਰੇ ਕੈਦੀ ਫੜ ਜੋ, ਛਡੇ ਇਕ ਵਾਰਾ ।
ਕਰਜੋ ਲਹੌਰੇ ਜੇਹਲ ਦ, ਅੱਗੇ ਦਰਬਾਰਾ ।
ਡਿਪਟੀ ਆਨ ਕਮਿਸ਼ਨਰਾ, ਏਹ ਕਹੇ ਪੁਕਾਰਾ ।
ਤਰਸ ਤੁਸਾਂ ਕਰ ਕਡਿਆ. ਵੇਖੋ ਸਰਕਾਰਾ ।
ਸਿਖ ਅਸਾਡੇ ਸਦਾ ਤੋਂ, ਹਨ ਮਿਤਰ ਯਾਰਾ ।
ਅਗੇ ਨੂੰ ਵੀ ਰਹੋ ਰੋ, ਸਾਡੇ ਅਨੁਸਾਰਾ ।
ਤਰਲੇ ਕਰਦੇ ਹੋਤ ਪਿਆਰਾ ॥ ੩੩ ॥

ਪਉੜੀ

ਇਕ ਸਿੰਘ ਨੇ ਉਠ ਕੇ, ਵਿਚੋਂ ਹੀ ਗਾਈ ।
ਸਿਖਾਂ ਨਾਲ ਤੁਸਾਡੜੇ, ਸੀ ਤੋੜ ਨਿਭਾਹੀ ।
ਤੁਸਾਂ ਨ ਜਾਤੀ ਇਕ ਵੀ, ਸਭ ਨਦੀ ਰੁੜ੍ਹਾਈ ।
ਫਲ ਪਾਵੋ ਹੁਨ ਓਸਦਾ, ਮੈ ਸਚ ਸੁਨਾਈ ।
ਲੈਣਾਂ ਅਸਾਂ ਸੁਰਾਜ ਹੁਨ, ਨਹਿ ਡੇਰ ਲਗਾਈ ।
ਆਸ ਨ ਰਖੋ ਅਸਾਂ ਤੋਂ, ਹੁਨ ਮਾਸਾ ਕਾਈ ।
ਸਤਿਗੁਰ ਸਾਡੀ ਜਿੰਦ ਛੁਡਾਈ ॥ ੩੪ ॥

ਪਉੜੀ

ਡਿਪਟੀ ਆਨ ਕਮਿਸ਼ਨਰੇ, ਵਿਚ ਖਾਸ ਦਿਵਾਨੇ ।

ਅਰੋ ਤਖਤ ਅਕਾਲ ਦੇ, ਏਹ ਬਚਨ ਬਖਾਨੇ।
ਲਓ ਚਾਬੀਆਂ ਖਾਲਸਾ, ਗੁਰ ਖੋਲ ਖ਼ਜ਼ਾਨੇ।
ਹੁਕਮ ਕਮੇਟੀ ਤੁਰੇ ਗਾ, ਵਿਚ ਗੁਰ ਅਸਥਾਨੇ।
ਗੌਰਮਿੰਟ ਨੂੰ ਹੋ ਗਿਆ, ਸਭ ਪਤਾ ਨਿਸ਼ਾਨੇ।
ਤਾਂਤੇ ਦੇਵੈ ਚਾਬੀਆਂ, ਕਰ ਦਯਾ ਮਹਾਨੇ।
ਨਿਮਕ ਹਲਾਲ ਖਾਲਸੇ ਜਾਨੇ। ੩੫॥

ਪਉੜੀ

ਰੱਸੀ ਸਾਰੀ ਸੜ ਗਈ, ਨਾਹੀ ਵਟ ਜਾਂਦਾ।
ਅਜੇ ਵੀ ਗਲਾਂ ਨਾਲ ਹੀ, ਹੰਕਾਰ ਜਤਾਂਦਾ।
ਨਿਮਕ ਹਲਾਲੀ ਮੂੰਹ ਤੇ, ਕਿਸ ਰੀਤ ਸੁਨਾਂਦਾ।
ਜੀਕਰ ਦੇ ਦੇ ਲੋਰੀਆਂ, ਹੈ ਬਾਲ ਸੁਲਾਂਦਾ।
ਹਥੋਂ ਨਿਕਲੇ ਪੰਛੀਆਂ, ਦਸ ਚੋਗ ਫਸਾਂਦਾ।
ਸ਼ੇਰ ਨ ਪੈਸੀ ਪਿੰਜਰੇ, ਇਕ ਵੇਰ ਛੁਡਾਂਦਾ।
ਮੂਰਖ ਉਸਨੂੰ ਜੋ ਹਥ ਪਾਂਦਾ॥ ੩੬ ॥ ੨੦ ॥

—ਃ ਸੰਪੂਰਨ ਃ—

# ਜਰੂਰੀ ਬੇਨਤੀ

ਸਾਗਰਤ ਖਾਲਸਾ ਦਾ ਦੂਜਾ ਭਾਗ ਬਹੁਤ ਛੇਤੀ ਤਿਆਰ ਹੋ ਰਿਹਾ ਹੈ। ਦੂਜੇ ਭਾਗ ਵਿਚ ਹੇਠ ਲਿਖੇ ਮਜਮੂਨ ਹੋਨਗੇ ॥

(੧) ਕ੍ਰਿਪਾਨਾ ਬਾਬਤ ਸਖਤੀ
(੨) ਕਾਲੇ ਦਸਤਾਰ ਬਾਬਤ ਨੌਕਰ ਸ਼ਾਹੀ ਦੀਆਂ ਵਧੀਕੀਆਂ
(੩) ਮਾਃ ਮੋਤਾ ਸਿੰਘ ਜੀ ਦਾ ਸਮਾਚਾਰ
(੪) ਗੁਰੂ ਕਾ ਬਾਗ ਸਬੰਧੀ ਵੇਰਵੇ ਸਹਿਤ ਪੂਰੇ ਹਾਲ
(੫) ਪਹਿਲੇ ਸਫੇ ਤੇ ਕਰਤਾ ਦਾ ਫੋਟੋ ਤੇ ਕਰੀਬ ੧੫ ਫੋਟੋ ਗੁਰੂ ਕੇ ਬਾਗ ਦੇ ਜ਼ਖਮੀਆ ਦੇ ਜੋ ਕਿਤਾਬ ਦੀ ਜੋਗ ਥਾਂਵਾ ਵਿਚ ਹੋਨ ਗੇ ਇਹ ਦੂਜੇ ਹਿਸੇ ਵਿਚੇ ਖਾਲਸੇ ਦੀ ਲਾਸਾਨੀ ਕੁਰਬਾਨੀ ਦਾ ਸਮਾਚਾਰ ਬੜੇ ਹੀ ਦਰਦ ਨਾਕ ਅਖਰਾ ਵਿਚੇ ਹੋਵੇਗਾ ਇਸੇ ਕਰਤਾ ਜੀ ਦੀ ਰਚਤ ਪੁਸਤਕ ਕਤਲੇ ਆਮ, ਅਰਥਾਤ ਸਾਕਾ ਨਨਕਾਣਾ ਬਹੁਤ ਛੇਤੀ ਛਪ ਕੇ ਤਿਆਰ ਹੋ ਰਿਹਾ ਹੈ ਇਸ ਵਿਚ ਸ੍ਰੀ ਨਨਕਾਣਾ ਸਾਹਿਬ ਦੇ

ਕਤਲ ਆਮ ਦੇ ਪੂਰੇ ੨ ਹਾਲ ਹਨ ।

# ਦਸ ਗੰ੍ਥੀ ਸਟੀਕ

ਕ੍ਰਿਤ ਗਿਆਨੀ ਬਿਸ਼ਨ ਸਿੰਘ (ਸੁਹਾਨਾ)

ਇਨਾਂ ਪੁਸਤਕਾਂ ਲਈ ਹੇਠ ਲਿਖੇ ਪਤੇ ਤੇ ਦਰਖਾਸ੍ਤਾਂ ਭੇਜੋ ॥

**ਮੈਨੇਜਰ ਦੀ ਖ਼ਾਲਸਾ ਟ੍ਰੈਕਟ ਏਜੰਸੀ**

ਜਾਲੰਧਰ ਸ਼ਹਿਰ

ਦਾਸ—ਸਭਾਇ ਸਿੰਘ ਮੈਂਬਰ ਐਡਜ਼ਕਟ ਕਮੇਟੀ

ਸਰੋਮਣੀ ਗੁ: ਪ੍ਰ: ਕਮੇਟੀ (ਜੇਹਲਮ)